ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 469 | May 12, 2025 | E-mail : info@pardestimes.com | Ph 510-938-7771

## ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਪੂਰੀ ਤਰ੍ਹਾਂ ਭਖੀ

### ਪਾਕਿਸਤਾਨ ਦੇ ਮਿਜ਼ਾਇਲ ਅਤੇ ਹਵਾਈ ਹਮਲੇ ਭਾਰਤ ਨੇ ਕੀਤੇ ਨਾਕਾਮ, ਲਾਹੌਰ, ਕਰਾਚੀ ਅਤੇ ਰਾਵਲਪਿੰਡੀ ’ਤੇ ਭਾਰਤ ਨੇ ਕੀਤੇ ਜਵਾਬੀ ਹਮਲੇ

ਨਵੀਂ ਦਿੱਲੀ- ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵੱਲੋਂ ਭਾਰਤ ਵੱਲੋਂ ਕੀਤੀ ਗਈ ਫੌਜੀ ਕਾਰਵਾਈ ਹੁਣ ਜੰਗ ਦਾ ਰੂਪ ਧਾਰ ਚੁੱਕੀ ਹੈ। ਹੁਣ ਤੱਕ ਪ੍ਰਾਪਤ ਸੂਚਨਾਵਾਂ ਮੁਤਾਬਕ ਪਾਕਿਸਤਾਨ ਵੱਲੋਂ ਭਾਰਤ ਵੱਲ ਸੁੱਟੀਆਂ ਮਿਜ਼ਾਇਲਾਂ ਭਾਰਤ ਨੇ ਅਸਮਾਨ ਵਿਚ ਖਤਮ ਕਰ ਦਿੱਤੀਆਂ ਹਨ ਅਤੇ ਪਾਕਿਸਤਾਨ ਦੇ ਤਿੰਨ ਲੜਾਕੂ ਜਹਾਜ਼ ਸੁੱਟ ਲਏ ਹਨ। ਭਾਰਤ ਦੁਆਰਾ ਜਵਾਬੀ ਕਾਰਵਾਈ ਕਰਦਿਆਂ ਪਾਕਿਸਤਾਨ ਦਾ ਏਅਰ ਡਿਫੈਂਸ ਸਿਸਟਮ ਬਰਬਾਦ ਕਰ ਦਿੱਤਾ ਹੈ ਅਤੇ ਲਾਹੌਰ, ਕਰਾਚੀ ਅਤੇ ਰਾਵਲਪਿੰਡੀ ਤੇ ਹਮਲੇ ਕੀਤੇ ਹਨ। ਭਾਰਤ ਤੇ ਪਾਕਿਸਤਾਨ ਵਿਚਾਲੇ ਵਧੇ ਤਣਾਅ ਦੌਰਾਨ ਰਾਜਸਥਾਨ ਦੇ ਸਰਹੱਦੀ ਜ਼ਿਲ੍ਹੇ ਜੈਸਲਮੇਰ ਵਿੱਚ ਪਾਕਿਸਤਾਨੀ ਹਵਾਈ ਫ਼ੌਜ ਦੇ ਪਾਇਲਟ ਨੂੰ ਭਾਰਤੀ ਸੁਰੱਖਿਆ ਬਲਾਂ ਵੱਲੋਂ ਕਾਬੂ ਕਰ ਲਿਆ। ਇਹ ਪਾਕਿਸਤਾਨੀ ਪਾਇਲਟ ਆਪਣੇ ਜੰਗੀ ਜਹਾਜ਼ ’ਚੋਂ ਨਿਕਲਣ ਬਾਅਦ ਭਾਰਤੀ ਸੁਰੱਖਿਆ ਦਸਤਿਆਂ ਦੇ ਕਾਬੂ ਆ ਗਿਆ। ਖ਼ਬਰ ਲਿਖੇ ਜਾਣ ਤੱਕ ਪਾਇਲਟ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਸੀ ਦਿੱਤੀ ਗਈ। ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਪਾਕਿਸਤਾਨ ਦੇ ਲੜਾਕੂ ਜਹਾਜ਼ ਤੋਂ ਡਿੱਗਣ ਮਗਰੋਂ ਪਾਇਲਟ ਨੂੰ ਹਿਰਾਸਤ ’ਚ ਲੈ ਲਿਆ ਗਿਆ। ਇਸ ਦੌਰਾਨ ਭਾਰਤ ਨੇ ਪਾਕਿਸਤਾਨ ਵੱਲੋਂ ਦੌਰ ਰਾਤ ਕੀਤੇ ਹਮਲਿਆਂ ਦਾ ਜਵਾਬ ਦਿੰਦਿਆਂ ਸਿਆਲਕੋਟ ਤੇ ਲਾਹੌਰ ’ਚ ਹਵਾਈ ਹਮਲੇ ਕੀਤੇ ਜਿਸ ਦੌਰਾਨ ਇਨ੍ਹਾਂ ਥਾਵਾਂ ’ਤੇ ਭਾਰੀ ਨੁਕਸਾਨ ਹੋਇਆ। ਭਾਰਤ ਨੇ ਕਾਰਵਾਈ ਕਰਦਿਆਂ ਪਾਕਿਸਤਾਨ ਦੇ ਦੋ ਜੇਐੱਫ-17 ਤੇ ਇੱਕ ਐੱਫ-16 ਲੜਾਕੂ ਜਹਾਜ਼ ਸੁੱਟ ਲਿਆ ਹੈ। ਜੰਮੂ ’ਚ ਕੰਟਰੋਲ ਰੇਖਾ ਨੇੜੇ ਵੀ ਭਾਰਤੀ ਜਵਾਨਾਂ ਵੱਲੋਂ ਪਾਕਿਸਤਾਨੀ ਫੌਜਾਂ ਨੂੰ ਜ਼ੋਰਦਾਰ ਢੰਗ ਨਾਲ ਜਵਾਬ ਦਿੱਤਾ ਜਾ ਰਿਹਾ ਹੈ। ਇਸੇ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਤੇ ਯੂਰਪੀ ਯੂਨੀਅਨ ਦੇ ਉਪ ਮੁਖੀ ਨਾਲ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਫੋਨ ’ਤੇ ਗੱਲਬਾਤ ਕਰਦਿਆਂ ਹਾਲਾਤ ਬਾਰੇ ਜਾਣਕਾਰੀ ਲਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਪਰੇਸ਼ਨ ਸਿੰਧੂਰ ਤੋਂ 24 ਘੰਟਿਆਂ ਬਾਅਦ ਪਾਕਿਸਤਾਨ ਫਿਰੋਜ਼ਪੁਰ, ਪਠਾਨਕੋਟ, ਜੰਮੂ, ਅਖਨੂਰ, ਜੈਸਲਮੇਰ ਸਮੇਤ ਕਈ ਥਾਵਾਂ ’ਤੇ ਕੀਤੇ ਗਏ ਡਰੋਨ ਹਮਲੈ ਭਾਰਤੀ ਹਵਾਈ ਰੱਖਿਆ ਪ੍ਰਣਾਲੀ ਨੇ ਨਾਕਾਮ ਕਰ ਦਿੱਤੇ ਹਨ। ਪਾਕਿਸਤਾਨ ਦੇ ਹਮਲਿਆਂ ਤੋਂ ਬਾਅਦ ਪੰਜਾਬ ਦੇ ਮੋਗਾ, ਫਿਰੋਜ਼ਪੁਰ, ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ ਤੇ ਕਈ ਹੋਰ ਇਲਾਕਿਆਂ ਸਮੇਤ ਰਾਜਸਥਾਨ, ਗੁਜਰਾਤ ਤੇ ਜੰਮੂ ਕਸ਼ਮੀਰ ਦੇ ਸਰਹੱਦੀ ਜ਼ਿਲ੍ਹਿਆਂ ’ਚ ਬਲੈਕਆਊਟ ਕਰ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਹਾਲਾਂਕਿ ਇਨ੍ਹਾਂ ਹਮਲਿਆਂ ’ਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਹੋਣ ਦੀ ਗੱਲ ਕਹੀ ਹੈ। ਪਾਕਿਸਤਾਨ ਵੱਲੋਂ ਜੰਮੂ ’ਚ ਕੰਟਰੋਲ ਰੇਖਾ ਨੇੜੇ ਲਗਦੇ ਇਲਾਕਿਆਂ ’ਚ ਭਾਰੀ ਗੋਲਾਬਾਰੀ ਕੀਤੀ ਜਾ ਰਹੀ ਹੈ ਜਿਸ ਦਾ ਭਾਰਤ ਵੱਲੋਂ ਢੁੱਕਵਾਂ ਜਵਾਬ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਭਾਰਤ ਨੇ 15 ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਪਾਕਿਸਤਾਨ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ ਸੀ। ਭਾਰਤ ਨੇ ਜਵਾਬੀ ਕਾਰਵਾਈ ’ਚ ਲਾਹੌਰ ’ਚ ਇੱਕ ਪਾਕਿਸਤਾਨ ਹਵਾਈ ਰੱਖਿਆ ਪ੍ਰਣਾਲੀ ਤਬਾਹ ਕਰ ਦਿੱਤੀ ਹੈ।



**ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਹਾਈ ਅਲਰਟ**

ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧੇ ਤਣਾਅ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਪੂਰੀ ਤਰ੍ਹਾਂ ਅਲਰਟ ’ਤੇ ਹਨ। ਇਨ੍ਹਾਂ ਸੂਬਿਆਂ ਨੇ ਆਪਣੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਸਕੂਲ ਬੰਦ ਕਰਨ, ਬਲੈਕਆਊਟ ਕਰਨ ਅਤੇ ਪੁਲੀਸ ਤੇ ਪ੍ਰਸ਼ਾਸਨਿਕ ਅਮਲੇ ਦੀਆਂ ਛੁੱਟੀਆਂ ਰੱਦ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸੂਬਾ ਪਾਕਿਸਤਾਨ ਨਾਲ 532 ਕਿਲੋਮੀਟਰ ਦੀ ਸਰਹੱਦ ਸਾਂਝੀ ਕਰਦਾ ਹੈ, ਜਦਕਿ ਰਾਜਸਥਾਨ ਵਿੱਚ ਸਾਂਝੀ ਸਰਹੱਦ ਲਗਪਗ 1,070 ਕਿਲੋਮੀਟਰ ਤੱਕ ਫੈਲੀ ਹੋਈ ਹੈ।

ਤਣਾਅ ਵਾਲੇ ਮਾਹੌਲ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਤੁਰੰਤ ਪ੍ਰਭਾਵ ਤੋਂ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਪੁਲੀਸ ਸੂਤਰਾਂ ਨੇ ਕਿਹਾ ਕਿ ਛੁੱਟੀ ਸਿਰਫ਼ ਅਤਿ-ਜ਼ਰੂਰੀ ਹਾਲਾਤ ਵਿੱਚ ਹੀ ਦਿੱਤੀ ਜਾਵੇਗੀ। ਪੁਲੀਸ ਫੋਰਸ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਸੁਰੱਖਿਆ ਬਲਾਂ ਦੀ ਸਹਾਇਤਾ ਲਈ ਜ਼ਰੂਰੀ ਹੈ। ਸੂਤਰਾਂ ਨੇ ਕਿਹਾ ਕਿ ਇਸ ਦੌਰਾਨ ਪੁਲੀਸ ਅਫ਼ਵਾਹਾਂ ਫੈਲਾਉਣ ਵਾਲਿਆਂ ਅਤੇ ਜਮ੍ਹਾਂਖੋਰਾਂ ’ਤੇ ਨਜ਼ਰ ਰੱਖੇਗੀ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਵਿੱਚ ਐੱਨਡੀਆਰਐੱਫ ਦੀ ਮਦਦ ਕਰੇਗੀ ਅਤੇ ਸਰਹੱਦੀ ਜ਼ਿਲ੍ਹਿਆਂ ਵਿੱਚ ਨਾਗਰਿਕਾਂ ਦੀ ਮਦਦ ਲਈ ਬੀਐੱਸਐੱਫ ਨਾਲ ਸੰਪਰਕ ਬਣਾਈ ਰੱਖੇਗੀ। ਅਧਿਕਾਰੀਆਂ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਨੇ ਛੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਕੂਲ ਵੀ ਬੰਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਫਿਰੋਜ਼ਪੁਰ, ਪਠਾਨਕੋਟ, ਫਾਜ਼ਿਲਕਾ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਦੇ ਸਾਰੇ ਸਕੂਲ ਸ਼ਾਮਲ ਹਨ।

## ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਛੱਡਣ ਲਈ ਕਿਹਾ

ਵਾਸ਼ਿੰਗਟਨ- ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਜੰਗ ਵਿਚ ਆ ਗਿਆ ਹੈ। ਵੀਰਵਾਰ ਨੂੰ ਪਾਕਿਸਤਾਨੀ ਫੌਜ ਨੇ ਡਰੋਨ ਤੇ ਮਿਜ਼ਾਈਲਾਂ ਰਾਹੀਂ ਸ਼੍ਰੀਨਗਰ, ਜੰਮੂ ਤੇ ਪੰਜਾਬ ਦੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ, ਭਾਰਤੀ ਹਥਿਆਰਬੰਦ ਬਲਾਂ ਨੇ ਵੀਰਵਾਰ ਸਵੇਰੇ ਪਾਕਿਸਤਾਨ ਦੇ ਕਈ ਸਥਾਨਾਂ 'ਤੇ ਹਵਾਈ ਰੱਖਿਆ ਰਾਡਾਰਾਂ ਅਤੇ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ। ਇਸ ਤੋਂ ਬਾਅਦ ਅਮਰੀਕਾ ਨੇ ਪਾਕਿਸਤਾਨ ਵਿੱਚ ਰਹਿਣ ਵਾਲੇ ਆਪਣੇ ਨਾਗਰਿਕਾਂ ਲਈ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ।



ਅਮਰੀਕਾ ਨੇ ਲਿਖਿਆ, "ਲਾਹੌਰ ਅਤੇ ਇਸ ਦੇ ਆਲੇ-ਦੁਆਲੇ ਡਰੋਨ ਧਮਾਕਿਆਂ ਤੇ ਸੰਭਾਵਿਤ ਹਵਾਈ ਖੇਤਰ ਵਿੱਚ ਘੁਸਪੈਠ ਦੀਆਂ ਰਿਪੋਰਟਾਂ ਦੇ ਕਾਰਨ ਲਾਹੌਰ ਵਿੱਚ ਅਮਰੀਕੀ ਕੌਂਸਲੇਟ ਜਨਰਲ ਨੇ ਸਾਰੇ ਕੌਂਸਲੇਟ ਕਰਮਚਾਰੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਨਿਰਦੇਸ਼ ਦਿੱਤੇ ਹਨ।" ਕੌਂਸਲੇਟ ਨੂੰ ਸ਼ੁਰੂਆਤੀ ਰਿਪੋਰਟਾਂ ਵੀ ਮਿਲੀਆਂ ਹਨ ਕਿ ਅਧਿਕਾਰੀ ਲਾਹੌਰ ਦੇ ਮੁੱਖ ਹਵਾਈ ਅੱਡੇ ਦੇ ਨਾਲ ਲੱਗਦੇ ਕੁਝ ਇਲਾਕਿਆਂ ਨੂੰ ਖਾਲੀ ਕਰਵਾ ਸਕਦੇ ਹਨ। ਜੇ ਸੰਭਵ ਹੋਵੇ, ਤਾਂ ਅਮਰੀਕੀ ਨਾਗਰਿਕਾਂ ਨੂੰ ਪਾਕਿਸਤਾਨ ਛੱਡ ਦੇਣਾ ਚਾਹੀਦਾ ਹੈ। ਜੇਕਰ ਜਾਣਾ ਸੁਰੱਖਿਅਤ ਨਹੀਂ ਹੈ, ਤਾਂ ਉਹਨਾਂ ਨੂੰ ਸੁਰੱਖਿਅਤ ਥਾਵਾਂ 'ਤੇ ਰਹਿਣਾ ਚਾਹੀਦਾ ਹੈ। ਵਰਣਨਯੋਗ ਹੈ ਕਿ ਪਾਕਿਸਤਾਨ ਨਾਲ ਤਣਾਅ ਦੇ ਵਿਚਕਾਰ, ਭਾਰਤ ਨੇ ਸਾਰੇ ਸਰਹੱਦੀ ਖੇਤਰਾਂ ਵਿੱਚ ਹਵਾਈ ਰੱਖਿਆ ਯੂਨਿਟਾਂ ਨੂੰ ਸਰਗਰਮ ਕਰ ਦਿੱਤਾ ਹੈ।

**ਚੀਨ ਨੇ ਪਾਕਿਸਤਾਨ ਨੂੰ ਦਿਖਾਇਆ ਸ਼ੀਸ਼ਾ**

ਚੀਨ ਨੇ ਹਰ ਤਰ੍ਹਾਂ ਦੇ ਅੱਤਵਾਦ ਦਾ ਵਿਰੋਧ ਕੀਤਾ ਹੈ ਅਤੇ ਭਾਰਤ ਅਤੇ ਪਾਕਿਸਤਾਨ ਨੂੰ ਸ਼ਾਂਤੀ ਅਤੇ ਸਥਿਰਤਾ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਬੀਜਿੰਗ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅੱਤਵਾਦ ਕਿਸੇ ਵੀ ਰੂਪ ਵਿੱਚ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਦੋਵਾਂ ਦੇਸ਼ਾਂ ਨੂੰ ਸੰਜਮ ਵਰਤਣ ਅਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਸਨੂੰ ਭਾਰਤ-ਪਾਕਿਸਤਾਨ ਤਣਾਅ ਵਿੱਚ ਚੀਨੀ ਜੈੱਟਾਂ ਦੀ ਕਿਸੇ ਭੂਮਿਕਾ ਬਾਰੇ ਜਾਣਕਾਰੀ ਨਹੀਂ ਹੈ। ਇਹ ਬਿਆਨ ਭਾਰਤ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਮਿਜ਼ਾਈਲਾਂ ਨਾਲ ਕੀਤੇ ਗਏ ਹਵਾਈ ਹਮਲੇ ਤੋਂ ਇੱਕ ਦਿਨ ਬਾਅਦ ਆਇਆ ਹੈ। ਨਿਊਜ਼ ਏਜੰਸੀ ਰਾਇਟਰਜ਼ ਦੇ ਅਨੁਸਾਰ, ਇਹ ਸਵਾਲ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਤੋਂ ਪੁੱਛਿਆ ਗਿਆ ਸੀ।

## ਚਲਦੇ-ਚਲਦੇ

ਆਖਰੀ ਪਲਾਂ ਵਿਚ ਮਿਲੀ ਸੂਚਨਾ ਮੁਤਾਬਕ 8 ਮਈ ਦੀ ਰਾਤ ਪਾਕਿਸਤਾਨ ਨੇ ਭਾਰਤ ਵੱਲ ਹਵਾਈ ਅਤੇ ਡ੍ਰੋਨ ਹਮਲੇ ਕੀਤੇ, ਜੋ ਸਾਰੇ ਨਾਕਾਮ ਕਰ ਦਿੱਤੇ ਗਏ ਸਨ। ਪਾਕਿਸਤਾਨ ਨੇ ਰਾਤ ਨੂੰ ਭਾਰਤ ਵਿਚ ਅੱਤਵਾਦੀ ਵੀ ਵਾੜਨ ਦਾ ਯਤਨ ਕੀਤਾ, ਜੋ ਨਾਕਾਮ ਕਰ ਦਿੱਤਾ। 9 ਮਈ ਦੀ ਸਵੇਰ ਭਾਰਤੀ ਦੀ ਸਮੁੰਦਰੀ ਫੌਜ ਦੇ ਵੱਡੇ ਹਮਲਾਵਰ ਬੇੜੇ ਅਰਬ ਸਾਗਰ ਵਿਚ ਰਿਹੱਸਲ ਕਰਨ ਲੱਗ ਪਏ ਸਨ। ਭਾਰਤੀ ਥਲ ਸੈਨਾ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਸਰਹੱਦ ’ਤੇ ਆਪਣੀ ਟੈਂਕ-ਹਥਿਆਰ ਲੈ ਕੇ ਪਹੁੰਚ ਚੁੱਕੀ ਹੈ। ਸ਼ੰਕੇ ਇਹ ਪ੍ਰਗਟ ਕੀਤੇ ਜਾ ਰਹੇ ਸਨ ਕਿ ਭਾਰਤੀ ਫੌਜ ਪਾਕਿਸਤਾਨ ਦੇ ਲਾਹੌਰ ’ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਹੈ।



MST INS SERV INC
Long Haul
A Rated Market
Licensed
Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ ’ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304



Turning 65 Years Old?
If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.



Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਕਸ਼ਮੀਰ ਵਿੱਚ 'ਬੁਲਡੋਜ਼ਰ ਕਾਰਵਾਈ' ਦਾ ਅਸਰ

ਨਿਰੂਪਮਾ ਸੁਬਰਾਮਣੀਅਨ

ਜੰਮੂ ਕਸ਼ਮੀਰ ਦੇ ਲੋਕ ਇਹ ਗੱਲ ਪਹਿਲਾਂ ਹੀ ਜਾਣਦੇ ਸਨ ਪਰ ਬੈਸਰਨ ਵਾਦੀ ਵਿੱਚ 22 ਅਪਰੈਲ ਨੂੰ ਹੋਏ ਦਹਿਸ਼ਤੀ ਹਮਲੇ ਨਾਲ ਪੂਰੀ ਤਰ੍ਹਾਂ ਜੱਗ ਜ਼ਾਹਿਰ ਹੋ ਗਈ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਸ਼ਮੀਰ ਵਿੱਚ 'ਆਮ ਵਰਗੇ ਹਾਲਾਤ' ਬਹਾਲ ਹੋਣ ਦੀਆਂ ਟਾਹਰਾਂ ਮਾਰਦੇ ਰਹਿੰਦੇ ਸਨ ਪਰ ਇਹ ਸੱਚ ਨਹੀਂ ਸਨ। ਇਹ ਸਭ 'ਸਖ਼ਤ ਕਾਰਵਾਈ' ਜ਼ਰੀਏ ਹਾਸਿਲ ਕੀਤਾ ਗਿਆ ਸੀ। ਇੰਝ ਵਾਦੀ ਵਿੱਚ ਮਸਨੂਈ ਚੁੱਪ ਵਰਤ ਗਈ ਸੀ ਤੇ ਨਾਲ ਹੀ 'ਆਮ ਵਰਗੇ ਹਾਲਾਤ' ਦੇ ਇਸ ਬਿਰਤਾਂਤ ਨੂੰ ਚਲਾਈ ਰੱਖਣ ਲਈ ਸੈਲਾਨੀਆਂ ਨੂੰ ਕਸ਼ਮੀਰ ਜਾ ਕੇ ਸੈਰ-ਸਪਾਟਾ ਅਤੇ ਧਾਰਮਿਕ ਯਾਤਰਾ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ।

ਜੰਮੂ ਖੇਤਰ ਵਿੱਚ ਫ਼ੌਜੀ ਵਾਹਨਾਂ ਅਤੇ ਸਿਵਲੀਅਨਾਂ ਉੱਪਰ ਘਾਤ ਲਾ ਕੇ ਹਮਲੇ ਕੀਤੇ ਗਏ ਅਤੇ ਸਮੇਂ-ਸਮੇਂ 'ਤੇ ਮੁਕਾਬਲੇ ਹੁੰਦੇ ਰਹੇ ਜਿਸ ਤੋਂ ਪਤਾ ਲੱਗਦਾ ਹੈ ਕਿ ਸਰਹੱਦ ਪਾਰੋਂ ਘੁਸਪੈਠ ਕੋਈ ਅਤੀਤ ਦੀ ਗੱਲ ਨਹੀਂ ਸੀ। ਇਸ ਨੇ ਇੰਟੈਲੀਜੈਂਸ ਵਿਚਲੇ ਖੱਪੇ ਵੀ ਸਾਹਮਣੇ ਲੈ ਆਂਦੇ। ਘੁਸਪੈਠੀਏ ਤਕਨੀਕ ਵਰਤਣ ਪੱਖੋਂ ਬਹੁਤ ਮਾਹਿਰ ਹੋ ਚੁੱਕੇ ਹਨ ਅਤੇ ਨਵੀਆਂ ਐਪਸ ਤੇ ਯੰਤਰਾਂ ਦਾ ਇਸਤੇਮਾਲ ਕਰਦੇ ਹਨ ਜਿਨ੍ਹਾਂ ਰਾਹੀਂ ਇੱਕ ਦੂਜੇ ਨਾਲ ਸੰਚਾਰ ਕਰਨ ਲਈ ਸਿਮ ਕਾਰਡਾਂ ਦੀ ਲੋੜ ਨਹੀਂ ਪੈਂਦੀ। ਹਮਲਾ ਕਰਨ ਤੋਂ ਕਈ-ਕਈ ਹਫ਼ਤੇ ਪਹਿਲਾਂ ਉਹ ਲੁਕ-ਛੁਪ ਕੇ ਰਹਿੰਦੇ ਹਨ। ਉਹ ਚੰਗੀ ਤਰ੍ਹਾਂ ਸਿਖਲਾਈਯਾਫ਼ਤਾ ਜਾਪਦੇ ਹਨ।



ਸੁਰੱਖਿਆ ਦੀ ਘਾਟ ਦੇ ਪੱਖ ਤੋਂ ਕਸ਼ਮੀਰ ਦੀ ਬੈਸਰਨ ਵਾਦੀ ਵਿੱਚ ਹਮਲਾਵਰਾਂ ਨੂੰ ਦੂਹਰਾ ਮੌਕਾ ਮਿਲ ਗਿਆ- ਆਮ ਵਰਗੇ ਹਾਲਾਤ ਦੇ ਗੁਬਾਰੇ ਨੂੰ ਭੰਨ ਕੇ ਇੱਕ ਵਾਰ ਫਿਰ ਕਸ਼ਮੀਰ 'ਤੇ ਕੌਮਾਂਤਰੀ ਨਜ਼ਰਾਂ ਕੇਂਦਰਿਤ ਕਰਾਉਣਾ ਅਤੇ ਭਾਰਤ ਦੇ ਬਾਕੀ ਹਿੱਸਿਆਂ ਵਿੱਚ ਸਦਮੇ ਤੇ ਰੰਜ ਦੀ ਲਹਿਰ ਪੈਦਾ ਕਰਨੀ ਜਿਵੇਂ 2019 ਵਿੱਚ ਪੁਲਵਾਮਾ ਹਮਲੇ ਜਾਂ 2008 ਦੇ ਮੁੰਬਈ ਹਮਲੇ ਵੇਲੇ ਹੋਇਆ ਸੀ। ਉਨ੍ਹਾਂ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਕਤਲੇਆਮ ਕੀਤਾ ਅਤੇ ਮੁੜ ਉਨ੍ਹਾਂ ਜੰਗਲਾਂ ਵਿੱਚ ਛਾਈਂ-ਮਾਈਂ ਹੋ ਗਏ ਜਿੱਥੋਂ ਇਸ ਘਾਤਕ ਮਿਸ਼ਨ ਲਈ ਨਮੂਦਾਰ ਹੋਏ ਸਨ।

ਇਸ ਹਮਲੇ ਨਾਲ ਮੋਦੀ ਸਰਕਾਰ ਲਈ ਵੱਖਰੀ ਕਿਸਮ ਦੀ ਚੁਣੌਤੀ ਪੈਦਾ ਹੋ ਗਈ ਹੈ। 2016 ਵਿੱਚ ਜੈਸ਼-ਏ-ਮੁਹੰਮਦ ਦੇ ਉੜੀ ਹਮਲੇ ਮੌਕੇ ਅਸਲ ਕੰਟਰੋਲ ਤੋਂ ਪਾਰ ਅਖੌਤੀ 'ਸਰਜੀਕਲ ਸਟ੍ਰਾਈਕ' ਕਰਨ ਅਤੇ 2019 ਦੇ ਪੁਲਵਾਮਾ ਹਮਲੇ ਦੀ ਫ਼ੌਜੀ ਪ੍ਰਤੀਕਿਰਿਆ ਕਰਦਿਆਂ ਪਾਕਿਸਤਾਨ ਦੇ ਉੱਤਰ ਪੱਛਮੀ ਸਰਹੱਦੀ ਸੂਬੇ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਮਦਰੱਸੇ 'ਤੇ ਹਵਾਈ ਹਮਲਾ ਕਰਨ ਮਗਰੋਂ ਸਰਕਾਰ ਹੁਣ ਇਸ ਨਾਲੋਂ ਕਿਸੇ ਵੀ ਤਰ੍ਹਾਂ ਦੀ ਹਲਕੀ ਕਾਰਵਾਈ ਕਰਦੀ ਹੋਈ ਦਿਸਣਾ ਨਹੀਂ ਚਾਹੇਗੀ ਕਿਉਂਕਿ ਇਨ੍ਹਾਂ ਦੋਵੇਂ ਕਾਰਵਾਈਆਂ ਨੂੰ ਪਾਕਿਸਤਾਨ ਪ੍ਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਜ਼ਬੂਤ ਜਵਾਬ ਦੇ ਰੂਪ ਵਿੱਚ ਪ੍ਰਚਾਰਿਆ ਜਾਂਦਾ ਰਿਹਾ ਹੈ।

ਇਹ ਪੇਸ਼ੀਨਗੋਈ ਕੋਈ ਨਹੀਂ ਕਰ ਸਕਦਾ ਕਿ ਕੀ ਅਜਿਹਾ ਕੋਈ ਕਦਮ ਉੜੀ, ਪੁਲਵਾਮਾ ਜਾਂ ਬੈਸਰਨ ਵਰਗੇ ਕਿਸੇ ਹੋਰ ਹਮਲੇ ਦੀ ਰੋਕਥਾਮ ਕਰ ਸਕੇਗਾ ਪਰ ਸਾਫ਼ ਜ਼ਾਹਿਰ ਹੈ ਕਿ ਭਾਰਤ ਦੀਆਂ ਪਹਿਲੀਆਂ ਦੋਵੇਂ ਕਾਰਵਾਈਆਂ ਕੋਈ ਅਸਰਦਾਰ ਡਰਾਵਾ ਸਾਬਿਤ ਨਹੀਂ ਹੋ ਸਕੀਆਂ ਅਤੇ ਇਹ ਵੀ ਸਪੱਸ਼ਟ ਨਹੀਂ ਹੋ ਸਕਿਆ ਕਿ ਇਨ੍ਹਾਂ ਨਾਲ ਜ਼ਮੀਨੀ ਪੱਧਰ 'ਤੇ ਕੀ ਹਾਸਿਲ ਹੋਇਆ ਸੀ। ਇਉਂ ਲੱਗਦਾ ਹੈ ਕਿ ਦਹਿਸ਼ਤਪਸੰਦਾਂ ਦਾ ਹੱਥ ਉੱਪਰ ਹੋ ਗਿਆ ਹੈ ਤੇ ਨਾਲ ਹੀ ਸਮੇਂ-ਸਮੇਂ 'ਤੇ ਭਾਰਤ ਨੂੰ ਪਾਕਿਸਤਾਨ ਖ਼ਿਲਾਫ਼ ਜੰਗੀ ਤੇਵਰ ਦਿਖਾਉਣ ਲਈ ਮਜਬੂਰ ਕਰਨ ਦੀ ਚਾਬੀ ਉਨ੍ਹਾਂ ਹੱਥ ਆ ਗਈ ਹੈ।

ਸਰਕਾਰ ਵੱਲੋਂ ਚੁੱਕੇ ਫੌਰੀ ਕਦਮਾਂ ਵਿੱਚ 'ਸਿੰਧ ਜਲ ਸੰਧੀ' ਨੂੰ ਮੁਲਤਵੀ ਕਰਨਾ ਵੀ ਸ਼ਾਮਿਲ ਸੀ ਜਿਸ ਨੂੰ ਕੁਝ ਮੰਤਰੀਆਂ ਨੇ ਆਪਣੇ ਲੋਕਾਂ ਸਾਹਮਣੇ ਇਉਂ ਪੇਸ਼ ਕੀਤਾ ਜਿਵੇਂ ਪਾਕਿਸਤਾਨ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦਿੱਤੀ ਜਾਵੇਗੀ। ਪਾਣੀ ਸਰਹੱਦ ਪਾਰ ਵਹਿੰਦਾ ਰਹੇਗਾ; ਇਸ ਦਾ ਕਾਰਨ ਇਹ ਹੈ ਕਿ ਭਾਰਤ ਦੇ ਹਿੱਸੇ ਆਏ ਤਿੰਨ ਦਰਿਆਵਾਂ ਦੇ ਪਾਣੀ ਨੂੰ ਰੋਕਣ ਲਈ ਡੈਮ ਦਾ ਢਾਂਚਾ ਬਣਾਉਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ। ਇਉਂ ਹੀ ਪਾਕਿਸਤਾਨ ਦੇ ਹਿੱਸੇ ਆਏ ਤਿੰਨ ਪੱਛਮੀ ਦਰਿਆਵਾਂ ਦਾ ਹਾਲ ਹੈ। ਡੈਮ ਬਣਾਉਣ ਲਈ ਜੇ ਦਹਾਕੇ ਨਹੀਂ ਤਾਂ ਕਈ ਸਾਲ ਲੱਗਣਗੇ।

ਭਾਰਤ ਕਿਉਂਕਿ ਹੁਣ ਆਪਣੇ ਅਗਲੇ ਵੱਡੇ ਕਦਮ ਬਾਰੇ ਸੋਚ-ਵਿਚਾਰ ਕਰ ਰਿਹਾ ਹੈ, ਇਸ ਸੂਰਤ ਵਿੱਚ ਹਮਲੇ ਦੀ ਜਾਂਚ ਤੇ ਦਹਿਸ਼ਤਗਰਦਾਂ ਦੀ ਸ਼ਨਾਖ਼ਤ ਅਤੇ ਇਸ ਨੂੰ ਕਰਵਾਉਣ ਵਾਲੇ ਲੋਕਾਂ ਦੀ ਪਛਾਣ ਕਰਨਾ ਮਹੱਤਵਪੂਰਨ ਹੈ। ਜਾਂਚ ਕਰਤਾਵਾਂ ਨੇ ਕਿਹਾ ਹੈ ਕਿ ਕੁਝ ਹਮਲਾਵਰ ਪਾਕਿਸਤਾਨੀ ਸਨ। ਸਰਕਾਰ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਜਿਸ ਦੀ ਪਹਿਲਾਂ ਜ਼ਿੰਮੇਵਾਰੀ 'ਦਿ ਰਜ਼ਿਸਟੈਂਸ ਫਰੰਟ' ਨੇ ਲਈ ਸੀ। ਇਸ ਬਾਰੇ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਪਾਕਿਸਤਾਨ ਆਧਾਰਿਤ ਲਸ਼ਕਰ-ਏ-ਤੋਇਬਾ ਦੀ ਹੀ ਸ਼ਾਖਾ ਹੈ। ਇਸ ਨੇ ਚਾਰ ਦਿਨਾਂ ਬਾਅਦ ਹੀ ਦਾਅਵਾ ਵਾਪਸ ਲੈ ਲਿਆ ਜਿਸ 'ਚੋਂ ਪਾਕਿਸਤਾਨ 'ਚ ਬਣ ਰਹੀ ਵਿਆਪਕ ਰਾਇ ਦੀ ਹੀ ਗੂੰਜ ਪੈਂਦੀ ਹੈ ਕਿ ਇਹ 'ਫਾਲਸ ਫਲੈਗ ਅਪਰੇਸ਼ਨ' (ਆਪ ਹੀ ਹਮਲਾ ਕਰ ਕੇ ਆਪਣੇ ਵਿਰੋਧੀ 'ਤੇ ਦੋਸ਼ ਲਾਉਣਾ) ਹੈ।

ਸਿਰਫ਼ ਡੂੰਘੀ ਜਾਂਚ ਹੀ ਭਾਰਤ ਵੱਲੋਂ ਕੱਢੇ ਇਨ੍ਹਾਂ ਸਿੱਟਿਆਂ ਨੂੰ ਠੋਸ ਰੂਪ ਵਿੱਚ ਸਾਬਿਤ ਕਰ ਸਕਦੀ ਹੈ ਕਿ ਇਸ ਹਮਲੇ ਪਿੱਛੇ ਪਾਕਿਸਤਾਨੀ ਤੰਤਰ ਹੈ। ਘਰੇਲੂ ਪੱਧਰ 'ਤੇ ਤਾਂ ਲੋਕਾਂ ਲਈ ਇਹ ਇਲਜ਼ਾਮ ਕਾਫ਼ੀ ਹੈ ਪਰ ਪਾਕਿਸਤਾਨ ਲਈ ਕਿਸੇ ਵੀ ਪੱਧਰ ਦਾ ਸਬੂਤ ਕਾਫ਼ੀ ਨਹੀਂ ਹੈ ਜਿਵੇਂ ਇੱਕ ਇੰਟਰਵਿਊ 'ਚ ਅਤਿਵਾਦ-ਵਿਰੋਧੀ ਰਣਨੀਤੀ ਮਾਹਿਰ ਅਜੈ ਸਾਹਨੀ ਨੇ ਮੈਨੂੰ ਦੱਸਿਆ ਹੈ। ਇਸ ਦੀਆਂ ਏਜੰਸੀਆਂ ਵੱਲੋਂ 2008 ਦੇ ਮੁੰਬਈ ਹਮਲਿਆਂ ਲਈ ਲਸ਼ਕਰ-ਏ-ਤੋਇਬਾ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਦੇ ਬਾਵਜੂਦ ਪਾਕਿਸਤਾਨ ਨਿਰੰਤਰ ਜ਼ਿੰਮੇਵਾਰੀ ਲੈਣ ਤੋਂ ਮੁੱਕਰਦਾ ਰਿਹਾ ਹੈ।

ਕੌਮਾਂਤਰੀ ਭਾਈਚਾਰੇ ਦੇ ਸਮਰਥਨ ਤੇ ਸਹਿਯੋਗ ਦੀ ਭਾਰਤ ਨੂੰ ਲੋੜ ਪਵੇਗੀ। ਜੇਕਰ ਇਹ ਕਿਸੇ ਕਿਸਮ ਦੀ ਫ਼ੌਜੀ ਕਾਰਵਾਈ ਬਾਰੇ ਸੋਚਦਾ ਹੈ ਤਾਂ ਉਸ ਕੜੀ ਦਾ ਜੁੜਨਾ ਬਹੁਤ ਮਹੱਤਵਪੂਰਨ ਹੋ ਜਾਵੇਗਾ। 2008 ਵਿੱਚ ਹੋਈਆਂ ਫੋਨ ਕਾਲਾਂ ਨੇ ਮੁੰਬਈ ਹਮਲਿਆਂ 'ਚ ਪਾਕਿਸਤਾਨੀ ਸ਼ਮੂਲੀਅਤ ਦਾ ਪਰਦਾਫਾਸ਼ ਕੀਤਾ ਸੀ। 2019 ਵਿੱਚ ਪਾਕਿਸਤਾਨ ਦੇ ਬਹਾਵਲਪੁਰ ਆਧਾਰਿਤ ਜੈਸ਼-ਏ-ਮੁਹੰਮਦ ਨੇ ਵੀਡੀ ਸੰਦੇਸ਼ ਰਾਹੀਂ ਹਮਲਾ ਕਰਨ ਦੀ ਜ਼ਿੰਮੇਵਾਰੀ ਲਈ ਸੀ।

ਅਜੇ ਤੱਕ ਕਿਸੇ ਮਹੱਤਵਪੂਰਨ ਸਫਲਤਾ ਤੋਂ ਬਿਨਾਂ ਜਾਂਚ ਜਾਰੀ ਹੋਣ ਦੇ ਮੱਦੇਨਜ਼ਰ ਬੈਸਰਨ ਦੇ ਹਮਲਾਵਰ ਅਤੇ ਸਾਜ਼ਿਸ਼ਘਾੜੇ ਇਸ ਗੱਲੋਂ ਆਪਣੀ ਪਿੱਠ ਥਾਪੜ ਰਹੇ ਹੋਣਗੇ ਕਿ ਕਿਵੇਂ ਸਰਕਾਰ ਅਤੇ ਭਾਰਤ ਦੇ ਕੁਝ ਵਰਗ ਉਹੀ ਗਿਣੀ-ਮਿੱਥੀ ਕਹਾਣੀ ਦੁਹਰਾ ਰਹੇ ਹਨ।

ਕਤਲੇਆਮ ਦੇ ਕੁਝ ਘੰਟਿਆਂ ਦੇ ਅੰਦਰ ਹੀ ਕਸ਼ਮੀਰੀ ਲੋਕ ਹਮਲਿਆਂ ਖ਼ਿਲਾਫ਼ ਰੋਸ ਜ਼ਾਹਿਰ ਕਰਨ ਲਈ ਨਿਕਲ ਆਏ ਅਤੇ ਪੂਰੇ ਮੁਲਕ ਨਾਲ ਇਕਜੁੱਟਤਾ ਜ਼ਾਹਿਰ ਕੀਤੀ। ਕੁਝ ਨੇ ਸ਼ਾਇਦ ਸੁਰੱਖਿਆ ਬਲਾਂ ਤੇ ਏਜੰਸੀਆਂ ਦੀਆਂ ਨਜ਼ਰਾਂ 'ਚ ਆਪਣੀ ਵਫ਼ਾਦਾਰੀ ਸਾਬਿਤ ਕਰਨ ਲਈ ਮਜਬੂਰੀ ਤੇ ਹਾਲਾਤ ਮੁਤਾਬਿਕ ਅਜਿਹਾ ਕੀਤਾ ਪਰ ਇਹ ਵੀ ਸੱਚ ਹੈ ਕਿ ਬਹੁਤਿਆਂ ਨੇ ਵਾਪਰੀ ਘਟਨਾ 'ਤੇ ਸੁਭਾਵਿਕ ਰੂਪ 'ਚ ਗੁੱਸੇ ਤੇ ਦੁੱਖ ਦਾ ਇਜ਼ਹਾਰ ਕੀਤਾ।

ਗੁਨਾਹਗਾਰ ਆਪਣੇ ਖ਼ਿਲਾਫ਼ ਉੱਭਰ ਰਹੇ ਰੋਹ ਤੋਂ ਫ਼ਿਕਰਮੰਦ ਸਨ ਪਰ ਦਿਨਾਂ 'ਚ ਹੀ ਵਾਦੀ ਦਾ ਰੁਖ਼ ਬਦਲ ਗਿਆ ਤੇ ਇਸ ਦੀ ਥਾਂ ਸਰਕਾਰ ਖ਼ਿਲਾਫ਼ ਗੁੱਸੇ ਨੇ ਲੈ ਲਈ ਹੈ। ਇਹ ਤਬਦੀਲੀ ਇਸ ਲਈ ਆਈ ਕਿਉਂਕਿ ਕਮਾਨ ਸੰਭਾਲਣ ਵਾਲਿਆਂ ਨੇ ਉਨ੍ਹਾਂ ਮੁਕਾਮੀ ਬੰਦਿਆਂ ਤੇ ਨੌਜਵਾਨਾਂ ਦੇ ਘਰ ਢਾਹੁਣ ਦਾ ਇਤਰਾਜ਼ਯੋਗ ਫ਼ੈਸਲਾ ਲਿਆ ਜਿਨ੍ਹਾਂ 'ਤੇ ਸ਼ੱਕ ਹੈ ਕਿ ਉਹ ਸਰਹੱਦ ਪਾਰ ਅਤਿਵਾਦੀ ਸੰਗਠਨਾਂ 'ਚ ਸ਼ਾਮਿਲ ਹੋ ਚੁੱਕੇ ਹਨ ਤੇ ਨਾਲ ਹੀ ਸੈਂਕੜੇ ਹੋਰਨਾਂ ਨੂੰ ਵੀ ਪੁੱਛਗਿੱਛ ਲਈ ਹਿਰਾਸਤ 'ਚ ਲਿਆ ਗਿਆ ਹੈ।

ਕੁੱਲ ਮਿਲਾ ਕੇ ਨੌਂ ਘਰ ਧਮਾਕਿਆਂ ਨਾਲ ਮਲਬੇ 'ਚ ਤਬਦੀਲ ਕਰ ਦਿੱਤੇ ਗਏ। ਕੁਝ ਮਾਮਲੇ ਤਾਂ ਅਜਿਹੇ ਹਨ ਜਿੱਥੇ ਪਰਿਵਾਰਾਂ ਵੱਲੋਂ ਇਨ੍ਹਾਂ ਮੈਂਬਰਾਂ ਨੂੰ ਮਿਲਿਆਂ ਕਈ-ਕਈ ਸਾਲ ਬੀਤ ਚੁੱਕੇ ਹਨ। ਇੱਕ ਮਾਮਲੇ 'ਚ, ਇੱਕ ਗੁਆਂਢੀ ਦਾ ਘਰ ਵੀ ਢਾਹ ਦਿੱਤਾ ਗਿਆ। ਬਦਲ ਰਹੇ ਮਿਜ਼ਾਜ ਨੂੰ ਸਿਆਸੀ ਪਾਰਟੀਆਂ ਨੇ ਪੜ੍ਹ ਲਿਆ ਹੈ ਕਿਉਂਕਿ ਉਨ੍ਹਾਂ ਹੁਣ ਇਸ ਬੇਮਤਲਬ ਸਜ਼ਾ ਨੂੰ ਰੋਕਣ ਲਈ ਕਿਹਾ ਹੈ। ਇੱਕ ਆਡੀਓ ਸੁਨੇਹਾ ਕਥਿਤ ਤੌਰ 'ਤੇ ਅਹਿਮਦ ਸਲਾਰ ਨਾਂ ਦੇ ਬੰਦੇ ਵੱਲੋਂ ਆਇਆ ਹੈ, ਜਿਸ ਨੇ ਬਦਲੇ ਦੀ ਧਮਕੀ ਦਿੱਤੀ ਹੈ ਕਿ ਇਹ ਬਦਲਾ 'ਘਰ ਬਦਲੇ ਘਰ, ਪਰਿਵਾਰਕ ਮੈਂਬਰ ਲਈ ਪਰਿਵਾਰਕ ਮੈਂਬਰ' ਦੇ ਰੂਪ ਵਿੱਚ ਹੋਵੇਗਾ।

ਇਹ ਅਸਪੱਸ਼ਟ ਹੈ ਕਿ ਕੀ ਉਨ੍ਹਾਂ ਕਸ਼ਮੀਰੀਆਂ ਜੋ ਬੈਸਰਨ ਹਮਲੇ 'ਚ ਸ਼ਾਇਦ ਸ਼ਾਮਲ ਸਨ ਵੀ ਜਾਂ ਨਹੀਂ, ਦੇ ਘਰ ਤੁਰੰਤ 'ਇਨਸਾਫ਼' ਮੰਗ ਰਹੇ ਭਾਰਤੀਆਂ ਨੂੰ ਤਸੱਲੀ ਦੇਣ ਲਈ ਢਾਹੇ ਗਏ? ਆਖ਼ਿਰਕਾਰ, ਭਾਰਤੀਆਂ ਦਾ ਵੱਡਾ ਵਰਗ ਹੁਣ ਜਾਂਚਾਂ, ਚਾਰਜਸ਼ੀਟਾਂ ਤੇ ਮੁਕੱਦਮਿਆਂ ਦੀ ਥਾਂ ਬੁਲਡੋਜ਼ਰਾਂ ਦਾ ਆਦੀ ਹੋ ਚੁੱਕਾ ਹੈ। ਕਸ਼ਮੀਰ ਵਿੱਚ ਹਾਲਾਂਕਿ ਇਸ ਦਾ ਇੱਕੋ-ਇੱਕ ਮਤਲਬ ਦੂਰੀਆਂ ਦੀ ਇੱਕ ਹੋਰ ਪਰਤ ਚਾੜ੍ਹਨਾ ਹੋਵੇਗਾ। ਤੋੜ-ਭੰਨ੍ਹ ਹੁਣ ਰੁਕ ਚੁੱਕੀ ਹੈ, ਜੋ ਇਸ ਸਬੰਧੀ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਕੀਤੀ ਗਈ। ਦੁਨੀਆ ਇਹ ਦੇਖ ਰਹੀ ਹੈ ਕਿ ਭਾਰਤ ਤੇ ਪਾਕਿਸਤਾਨ 'ਚ ਹੁਣ ਅੱਗੇ ਕੀ ਹੋਵੇਗਾ। ਇਸ ਦੌਰਾਨ ਵਾਦੀ 'ਚ ਤੇਜ਼ੀ ਨਾਲ ਬਦਲੇ ਜਨਤਾ ਦੇ ਮਨੋਭਾਵ, ਭਾਰਤ ਦੇ ਹੋਰਾਂ ਹਿੱਸਿਆਂ 'ਚ ਕਸ਼ਮੀਰੀ ਵਿਦਿਆਰਥੀਆਂ ਨੂੰ ਹੋਈ ਤੰਗੀ ਪ੍ਰੇਸ਼ਾਨੀ, ਪੂਰੇ ਦੇਸ਼ 'ਚ ਮੁਸਲਮਾਨਾਂ ਨੂੰ ਮਾਰੇ ਗਏ ਫ਼ਿਰਕੂ ਤਾਅਨੇ-ਮਿਹਣੇ ਤੇ ਸਾਰਿਆਂ ਨੂੰ ਹਮਲੇ ਲਈ ਜ਼ਿੰਮੇਵਾਰ ਠਹਿਰਾਉਣਾ, ਬਿਲਕੁਲ ਯਕੀਨੀ ਤੌਰ 'ਤੇ ਬੈਸਰਨ ਦੇ ਗੁਨਾਹਗਾਰਾਂ ਦੇ ਕੰਨਾਂ 'ਚ ਰਸ ਘੋਲ ਰਿਹਾ ਹੋਵੇਗਾ। ਆਖ਼ਿਰ ਇਹੀ ਤਾਂ ਉਹ ਚਾਹੁੰਦੇ ਸਨ।

# ਪਾਕਿਸਤਾਨੀ ਅੱਤਵਾਦ ਤੋਂ ਦੁਖੀ ਕਸ਼ਮੀਰੀ ਲੋਕ

ਹਸੀਬ ਏ ਦਰਾਬੂ

ਪਹਿਲਗਾਮ ਦੀ ਬੈਸਰਨ ਵਾਦੀ ਵਿੱਚ ਹੋਏ ਕਤਲੇਆਮ ਦੇ ਸਦਮੇ ਤੋਂ ਬਾਅਦ ਕਸ਼ਮੀਰ ਦੇ ਅਵਾਮ ਨੇ ਇਕਸੁਰ ਹੁੰਦਿਆਂ ਇਸ ਅਣਮਨੁੱਖੀ ਕਾਰੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਹ ਬਹੁਤ ਧਰਵਾਸ ਦੀ ਗੱਲ ਹੈ ਕਿ ਸਿਰਫ਼ ਸਿਆਸਤਦਾਨ, ਕਾਰੋਬਾਰੀ ਤੇ ਪੇਸ਼ੇਵਰ ਜਥੇਬੰਦੀਆਂ ਨੇ ਹੀ ਨਹੀਂ ਸਗੋਂ ਆਮ ਤੌਰ 'ਤੇ ਸਿਆਸਤ ਤੋਂ ਬੇਲਾਗ ਰਹਿਣ ਵਾਲੇ ਅਣਜਾਣ ਮਰਦਾਂ ਤੇ ਔਰਤਾਂ ਨੇ ਸੜਕਾਂ 'ਤੇ ਆ ਕੇ ਮਰਨ ਵਾਲਿਆਂ ਪ੍ਰਤੀ ਸੰਵੇਦਨਾ ਜਤਾਈ ਹੈ ਅਤੇ ਮਾਨਵਤਾ ਖ਼ਿਲਾਫ਼ ਅਪਰਾਧ ਕਰਨ ਵਾਲਿਆਂ ਖ਼ਿਲਾਫ਼ ਡਟ ਕੇ ਸਟੈਂਡ ਵੀ ਲਿਆ ਹੈ। ਦਰਅਸਲ, ਇਸ ਹਮਲੇ ਨੂੰ ਕਸ਼ਮੀਰ ਅਤੇ ਕਸ਼ਮੀਰੀਆਂ ਖ਼ਿਲਾਫ਼ ਅਪਰਾਧਿਕ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਇਸ ਕਿਸਮ ਦੀ ਜਨਤਕ ਇਕਜੁੱਟਤਾ ਸ਼ਾਇਦ ਹੀ ਪਹਿਲਾਂ ਦੇਖਣ ਨੂੰ ਮਿਲੀ ਹੋਵੇਗੀ। ਸਮੁੱਚੀ ਕਸ਼ਮੀਰ ਵਾਦੀ ਅੰਦਰ ਇਸ ਕਤਲੇਆਮ ਖ਼ਿਲਾਫ਼ ਰੋਹ ਪੈਦਾ ਹੋ ਗਿਆ ਹੈ। ਕੁਲਗਾਮ ਤੋਂ ਕੁਪਵਾੜਾ ਤੱਕ, ਸ਼ੋਪੀਆਂ ਤੋਂ ਸੋਪੋਰ ਤੱਕ ਲੋਕਾਂ ਨੇ ਦੋ ਟੁੱਕ ਲਫ਼ਜ਼ਾਂ ਵਿੱਚ ਸੈਲਾਨੀਆਂ ਦੀ ਹੱਤਿਆ ਦੀ ਨਿਖੇਧੀ ਕੀਤੀ ਹੈ। ਬਿਨਾਂ ਸ਼ੱਕ, ਇਨ੍ਹਾਂ ਇਕੱਤਰਤਾਵਾਂ ਵਿੱਚ ਸ੍ਰੀਨਗਰ ਮੋਹਰੀ ਹੋ ਕੇ ਸਾਹਮਣੇ ਆਇਆ ਹੈ। ਚੁੱਪ ਨੂੰ ਹੁਣ ਹਮਲਾਵਾਰਾਂ ਨੂੰ ਸ਼ਹਿ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਸਮੁੱਚੀ ਵਾਦੀ ਦੇ ਹਰ ਗਲੀ ਕੋਨੇ ਦੇ ਕੁੱਲ ਮਿਲਾ ਕੇ ਇਹੋ ਜਜ਼ਬਾਤ ਹਨ। ਦੇਸ਼ ਦੇ ਬਾਕੀ ਹਿੱਸਿਆਂ ਦੇ ਲੋਕਾਂ ਨਾਲ ਇਹ ਇਕਜੁੱਟਤਾ ਲਾਮਿਸਾਲ ਕਹੀ ਜਾ ਸਕਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਸੋਸ਼ਲ ਮੀਡੀਆ 'ਤੇ ਇਸ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ ਜਾ ਰਹੀ ਹੈ ਜਿੱਥੇ ਨੰਗੀ ਚਿੱਟੀ ਜ਼ਹਿਰ ਉਗਲੀ ਜਾ ਰਹੀ ਹੈ।




ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਜੰਮੂ ਕਸ਼ਮੀਰ ਦੀ ਚੁਣੀ ਹੋਈ ਸਰਕਾਰ ਇਸ ਘਟਨਾ ਤੋਂ ਸੁੰਨ ਹੋ ਗਈ ਸੀ ਪਰ ਇਸ ਨੇ ਆਮ ਸਹਿਮਤੀ ਪੈਦਾ ਕਰਨ ਦਾ ਬੀੜਾ ਚੁੱਕਿਆ ਤੇ ਆਮ ਲੋਕਾਂ ਦੇ ਕਤਲੇਆਮ ਅਤੇ ਅਗਲੇ ਰਾਹ ਬਾਰੇ ਵਿਚਾਰ ਚਰਚਾ ਕਰਨ ਲਈ ਅਸੈਂਬਲੀ ਦਾ ਸੈਸ਼ਨ ਬੁਲਾਇਆ ਹੈ। ਇਹ ਅਹਿਮ ਕਦਮ ਹੈ ਜਿਸ ਰਾਹੀਂ ਨਾ ਕੇਵਲ ਕਸ਼ਮੀਰੀ ਨਜ਼ਰੀਏ ਦੀ ਅੱਕਾਸੀ ਹੋਵੇਗੀ ਸਗੋਂ ਦਹਿਸ਼ਤਗਰਦ ਹਮਲੇ ਦੇ ਅਸਰ ਨੂੰ ਸੀਮਤ ਕਰਨ ਲਈ ਸਿਆਸੀ ਆਮ ਸਹਿਮਤੀ ਬਣਾਉਣ ਵਿੱਚ ਵੀ ਮਦਦ ਮਿਲੇਗੀ।

ਲੋਕਾਂ ਦੀ ਆਪਮੁਹਾਰੀ ਪ੍ਰਤੀਕਿਰਿਆ ਅਤੇ ਮੁਕਾਮੀ ਸਿਆਸੀ ਜਮਾਤ ਦੇ ਯਤਨਾਂ ਸਦਕਾ ਅਮਨ ਦੇ ਹੱਕ ਵਿੱਚ ਲੋਕ ਲਹਿਰ ਦੀਆਂ ਨਵੀਆਂ ਕਰੂੰਬਲਾਂ ਫੁੱਟ ਗਈਆਂ ਹਨ। ਇਹ ਫ਼ੈਸਲਾਕੁਨ ਮੋੜ ਸਾਬਿਤ ਹੋ ਸਕਦਾ ਹੈ ਕਿਉਂਕਿ ਹੁਣ ਤੱਕ ਸਿਵਲ ਸੁਸਾਇਟੀ ਇਸ ਮਾਮਲੇ ਵਿੱਚ ਅਗਵਾਈ ਲਈ ਸਟੇਟ/ਰਿਆਸਤ ਵੱਲ ਤੱਕ ਰਹੀ ਸੀ। ਐਤਕੀਂ ਇਸ ਦੀ ਅਗਵਾਈ ਨਾ ਕੇਵਲ ਸਿਵਲ ਸੁਸਾਇਟੀ ਵੱਲੋਂ ਸਗੋਂ ਸਮਾਜ ਦੇ ਹਰੇਕ ਸ਼ੋਹਬੇ ਦੇ ਅਵਾਮ ਵੱਲੋਂ ਕੀਤੀ ਜਾ ਰਹੀ ਹੈ। ਇਸ ਨੂੰ ਅਗਾਂਹ ਲੈ ਕੇ ਜਾਣ, ਖ਼ਾਸ ਤੌਰ 'ਤੇ ਨੌਜਵਾਨ ਵਰਗ ਨੂੰ ਸ਼ਾਮਿਲ ਕਰਨ ਦੀ ਲੋੜ ਹੈ। ਸਰਕਾਰ ਦੀ ਬਜਾਇ, ਸਿਵਲ ਸੁਸਾਇਟੀ ਨੂੰ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਤੇ ਵਿਚਾਰਧਾਰਾਵਾਂ ਤੋਂ ਉੱਪਰ ਉੱਠ ਕੇ ਜਵਾਬ ਦੇਣ ਦੀ ਲੋੜ ਹੈ। ਨਵੇਂ ਬਿਰਤਾਂਤ ਦਾ ਆਧਾਰ ਸਿਵਲ ਸੁਸਾਇਟੀ ਦੀ ਸੰਸਥਾ ਵਲੋਂ ਤੈਅ ਕੀਤਾ ਜਾਣਾ ਚਾਹੀਦਾ ਹੈ।

ਇਸ ਵਾਰ ਅਵਾਮ ਨੇ ਜਿਵੇਂ ਹਿੰਸਾ ਨੂੰ ਰੱਦ ਕੀਤਾ ਹੈ, ਉਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਇਹ ਕਦਰਾਂ-ਕੀਮਤਾਂ ਅਤੇ ਨੇਮਾਂ ਤੇ ਬਿਨਾਂ ਸ਼ੱਕ ਕਸ਼ਮੀਰੀਆਂ ਦੇ ਸੰਸਕਾਰਾਂ ਦੀ ਘੋਰ ਉਲੰਘਣਾ ਕਰਦੀ ਹੈ। ਜੇ ਇਸ ਲਹਿਰ ਨੂੰ ਸਾਵਧਾਨੀ ਨਾਲ ਸੰਭਾਲਿਆ ਤੇ ਚਲਾਇਆ ਜਾਵੇ ਤਾਂ ਸਮਾਂ ਪਾ ਕੇ ਇਹ ਸਿਵਲ ਸੁਸਾਇਟੀ ਦੀ ਸੰਸਥਾ ਵਿਚਕਾਰ ਸਮਾਜਿਕ ਇਕਜੁੱਟਤਾ ਦਾ ਨੈੱਟਵਰਕ ਖੜ੍ਹਾ ਕੀਤਾ ਜਾ ਸਕਦਾ ਹੈ ਜੋ ਵਾਦੀ ਦੀਆਂ ਹੱਦਬੰਦੀਆਂ ਨੂੰ ਮੇਲ ਦੇਵੇਗਾ।

ਦਰਅਸਲ, ਬਾਕੀ ਦੇਸ਼ ਨਾਲੋਂ ਵਾਦੀ ਦੀ ਉਪਰਾਮਤਾ ਦਾ ਘੱਟ ਜਾਣਿਆ ਜਾਂਦਾ ਕਾਰਨ ਕਸ਼ਮੀਰ ਪ੍ਰਤੀ ਕੌਮੀ ਸਿਵਲ ਸੁਸਾਇਟੀ ਦੀ ਅਣਦੇਖੀ ਵੀ ਰਹੀ ਹੈ। ਸੈਰ-ਸਪਾਟੇ ਸਣੇ ਵਪਾਰ ਅਤੇ ਕਾਮਰਸ ਦੇ ਤਾਣੇ ਬਾਣੇ ਨੇ ਭਾਵੇਂ ਵਾਦੀ ਨੂੰ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਪਰ ਬਾਕੀ ਦੇਸ਼ ਦੀ ਕਸ਼ਮੀਰ ਨਾਲੋਂ ਸਮਾਜਿਕ ਦੂਰੀ ਕਰ ਕੇ ਇਹ ਬੇਗਾਨਗੀ ਪੈਦਾ ਹੋਈ ਸੀ। 1990ਵਿਆਂ ਦੇ ਦਹਾਕੇ ਦੌਰਾਨ ਭਾਰਤੀ ਸਟੇਟ ਵੱਲੋਂ ਸਿਆਸੀ ਰਾਬਤਾ ਤੋੜਨਾ ਇਸ ਦਾ ਇੱਕ ਸਿੱਟਾ ਸੀ ਨਾ ਕਿ ਕਾਰਨ।

ਇਸ ਤਰਕ ਨੂੰ ਵੱਖਰੇ ਪੱਧਰ 'ਤੇ ਲਿਜਾਂਦੇ ਹੋਏ, ਜਦੋਂ ਕਸ਼ਮੀਰ ਸਮੱਸਿਆ ਦੇ ਕਾਰਨਾਂ ਅਤੇ ਨੁਸਖਿਆਂ ਦੇ ਵਿਚਾਰ ਲਏ ਜਾਂਦੇ ਹਨ ਤਾਂ ਇਸ ਦਾ ਫੋਕਸ ਹਮੇਸ਼ਾ ਕੇਂਦਰ ਸਰਕਾਰ ਦੇ ਰੂਪ ਵਿੱਚ ਭਾਰਤੀ ਸਟੇਟ ਬਣ ਜਾਂਦੀ ਹੈ। ਇਹ ਚੀਜ਼ਾਂ ਨੂੰ ਵਡੇਰੇ ਸਮਾਜਿਕ ਪ੍ਰਸੰਗ ਵਿੱਚ ਰੱਖੇ ਬਿਨਾਂ ਅਤੇ ਕਸ਼ਮੀਰ ਵਿੱਚ ਸਮੱਸਿਆ ਦੀ ਉਪਜ ਅਤੇ ਇਸ ਦੇ ਪਸਾਰ ਵਿੱਚ ਸਿਵਲ ਸੁਸਾਇਟੀ ਦੀ ਭੂਮਿਕਾ ਨੂੰ ਧਿਆਨ ਵਿੱਚ ਰੱਖੇ ਬਗ਼ੈਰ ਕੀਤਾ ਜਾਂਦਾ ਰਿਹਾ ਹੈ; ਜਾਂ ਕਹੋ ਕਿ ਇਸ ਨਾਲ ਮਸਲੇ ਨੂੰ ਸੁਲਝਾਉਣ ਵਿੱਚ ਮਦਦ ਨਹੀਂ ਮਿਲ ਸਕੀ। ਰਾਜਕੀ ਜਾਂ ਸਰਕਾਰੀ ਕਾਰਵਾਈ ਦੀਆਂ ਸੀਮਾਵਾਂ ਸਾਫ਼ ਜ਼ਾਹਿਰ ਹੋ ਗਈਆਂ ਹਨ।

ਅਤੀਤ ਦੀ ਇਸ ਬੇਗਾਨਗੀ ਦੇ ਪ੍ਰਸੰਗ ਵਿੱਚ ਦੇਸ਼ ਦੇ ਕੁਝ ਹਿੱਸਿਆਂ 'ਚ ਜਿਹੜੀ ਮੰਦਭਾਵਨਾ ਦਿਸ ਰਹੀ ਹੈ, ਉਹ ਨਾ ਸਿਰਫ਼ ਫ਼ਿਕਰਮੰਦ ਕਰਨ ਵਾਲੀ ਹੈ ਬਲਕਿ ਲੰਮੇਰੇ ਭਵਿੱਖ 'ਚ ਵੀ ਮਾੜੀ ਸਿੱਧ ਹੋਵੇਗੀ। ਕਈ ਰਾਜਾਂ 'ਚ ਕਸ਼ਮੀਰੀਆਂ ਨੂੰ ਪ੍ਰੇਸ਼ਾਨ ਕੀਤਾ ਜਾਣਾ, ਖ਼ਾਸ ਤੌਰ 'ਤੇ ਵਿਦਿਆਰਥੀਆਂ ਨੂੰ, ਲੋਕਾਂ ਵੱਲੋਂ ਵਿੱਢੇ ਸ਼ਾਂਤੀ ਦੇ ਯਤਨਾਂ ਨੂੰ ਜ਼ੋਰ ਫੜਨ ਤੋਂ ਪਹਿਲਾਂ ਹੀ ਖ਼ਤਮ ਕਰ ਦੇਵੇਗਾ। ਇਹ ਅੱਗੇ ਵਧਣ ਦਾ ਕੋਈ ਤਰੀਕਾ ਨਹੀਂ ਹੈ। ਕੇਂਦਰ ਤੇ ਸਾਰੀਆਂ ਰਾਜ ਸਰਕਾਰਾਂ ਨੂੰ ਜਿੰਨਾ ਹੋ ਸਕੇ, ਇਨ੍ਹਾਂ ਮਾੜੇ ਤੱਤਾਂ ਨੂੰ ਨੱਥ ਪਾਉਣ ਲਈ ਫ਼ੈਸਲਾਕੁਨ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਇਹ ਨਕਾਰਾਤਮਕ ਬਿਰਤਾਂਤ ਦਾ ਕੇਂਦਰ ਬਿੰਦੂ ਨਾ ਬਣ ਸਕਣ।

ਵਾਦੀ 'ਚ ਲੋਕਾਂ ਦੀ ਪ੍ਰਤੀਕਿਰਿਆ ਤੋਂ ਸਭ ਨੂੰ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਸ਼ਮੀਰੀਆਂ ਨੇ ਕਦੇ ਵੀ ਸੈਲਾਨੀਆਂ ਨੂੰ ਆਪਣੇ ਵਪਾਰ ਤੇ ਸੈਰ-ਸਪਾਟਾ ਕਾਰੋਬਾਰ ਲਈ ਏਟੀਐੱਮ ਨਹੀਂ ਸਮਝਿਆ। ਉਨ੍ਹਾਂ ਦੀ ਮੌਜੂਦਗੀ ਨੇ ਬੇਸ਼ੱਕ ਆਮਦਨੀ ਦਿੱਤੀ ਹੈ ਪਰ ਪਿਛਲੇ ਕਈ ਸਾਲਾਂ 'ਚ ਬਾਕੀ ਮੁਲਕ ਦੇ ਨਾਲ ਮਜ਼ਬੂਤ ਤੇ ਹੰਢਣਸਾਰ ਸਮਾਜਿਕ ਰਿਸ਼ਤਾ ਵੀ ਉਸਰਿਆ ਹੈ। ਅਸਲ 'ਚ ਸੈਰ-ਸਫ਼ਰ ਸ਼ਾਂਤੀਪੂਰਨ ਸਨਅਤ ਹੈ। ਇਤਿਹਾਸਕ ਤੌਰ 'ਤੇ ਕਸ਼ਮੀਰ ਵਿੱਚ ਸੈਲਾਨੀ ਸਮਾਜਿਕ-ਆਰਥਿਕ ਏਕੀਕਰਨ ਦੇ ਮੁੱਢ ਰਹੇ ਹਨ, ਬਾਕੀ ਦੇਸ਼ ਨਾਲ ਜੋੜਨ ਵਾਲੀ ਕੜੀ ਬਣਦਿਆਂ ਉਨ੍ਹਾਂ ਮਨੁੱਖੀ ਵਖਰੇਵਿਆਂ ਤੇ ਸਭਿਆਚਾਰਕ ਵੰਨ-ਸਵੰਨਤਾ ਦਾ ਸਤਿਕਾਰ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਮੂਲ ਸੱਭਿਆਚਾਰਾਂ 'ਚ ਨਵੀਂ ਜਾਨ ਪੈਣ ਦੇ ਨਾਲ-ਨਾਲ ਇਨ੍ਹਾਂ ਦੀ ਮੁੜ ਉਸਾਰੀ ਹੋਈ ਹੈ। ਕਸ਼ਮੀਰੀ ਲੋਕ ਸੈਰ-ਸਪਾਟੇ ਦੀ ਆਮਦਨੀ ਤੋਂ ਬਿਨਾਂ ਸਾਰ ਸਕਦੇ ਹਨ ਪਰ ਵਾਦੀ 'ਚ ਉਹ ਸਮਾਜਿਕ ਇਕਾਂਤ ਦੀ ਸਥਿਤੀ 'ਚ ਨਹੀਂ ਰਹਿ ਸਕਦੇ, ਨਾ ਹੀ ਬਾਕੀ ਮੁਲਕ 'ਚ ਬਾਈਕਾਟ ਝੱਲ ਸਕਦੇ ਹਨ।

ਇਹ ਨੁਕਸਾਨ 'ਚ ਵਾਧਾ ਹੀ ਕਰੇਗਾ, ਇੱਥੋਂ ਤੱਕ ਕਿ ਕਦੇ-ਕਦਾਈਂ ਹੋਣ ਵਾਲੀਆਂ ਹਿੰਸਕ ਘਟਨਾਵਾਂ ਵੀ ਵਾਦੀ ਦੇ ਅਰਥਚਾਰੇ ਨੂੰ ਸੱਟ ਮਾਰਦੀਆਂ ਹਨ ਜੋ ਬੁਨਿਆਦੀ ਤੌਰ 'ਤੇ ਬਰਾਮਦਗੀ ਵਾਲੀ ਥਾਂ ਤੋਂ ਦਰਾਮਦ 'ਤੇ ਨਿਰਭਰ ਜਗ੍ਹਾ 'ਚ ਤਬਦੀਲ ਹੋ ਚੁੱਕੀ ਹੈ। ਪਹਿਲਗਾਮ ਕਤਲੇਆਮ ਬਾਰੇ ਦੁਨੀਆ ਨੂੰ ਪਤਾ ਲੱਗਣ ਦੇ ਘੰਟੇ ਦੇ ਅੰਦਰ ਹੀ, ਵਿਦੇਸ਼ੀ ਨਿਵੇਸ਼ਕ ਜੋ ਪਿਛਲੇ ਕੁਝ ਸਾਲਾਂ ਤੋਂ ਵਾਦੀ 'ਚ ਛੋਟੇ ਉੱਦਮਾਂ ਤੇ ਉਦਯੋਗਾਂ 'ਚ ਸੋਚ-ਵਿਚਾਰ ਉਪਰੰਤ ਸ਼ੁਰੂਆਤ ਕਰ ਰਹੇ ਸਨ, ਵਾਦੀ ਦੀ ਸਥਿਤੀ ਬਾਰੇ ਚਿੰਤਤ ਹਨ। ਘਰੇਲੂ ਨਿਵੇਸ਼ਕ ਦਾ ਹੁੰਗਾਰਾ ਵੀ, ਜਿਨ੍ਹਾਂ ਸਰਕਾਰੀ ਅੰਕੜਿਆਂ ਮੁਤਾਬਿਕ 1175 ਲੱਖ ਕਰੋੜ ਦੇ ਪ੍ਰਸਤਾਵ ਭੇਜੇ ਸਨ, ਸ਼ਾਇਦ ਫੌਰੀ ਨਾ ਹੋਵੇ ਪਰ ਜੇ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਜਾਰੀ ਰਹੀਆਂ ਤਾਂ ਜ਼ਿਆਦਾ ਵੱਖਰਾ ਵੀ ਨਹੀਂ ਹੋਵੇਗਾ। ਇਸ ਨਾਲ ਆਰਥਿਕ ਤਣਾਅ ਵਧਣਾ ਤੈਅ ਹੈ।

ਅੱਜ, ਸਮਾਜ ਤੇ ਸਟੇਟ ਜਾਂ ਰਿਆਸਤ ਦੇ ਤੌਰ 'ਤੇ ਭਾਰਤ ਮੁਲਕ ਵਜੋਂ ਆਪਣੇ ਬੁਨਿਆਦੀ ਸੰਤੁਲਨ ਨੂੰ ਮੁੜ ਮਾਪਣ ਲਈ ਪੂਰਾ ਜ਼ੋਰ ਲਾ ਰਿਹਾ ਹੈ। ਬਸਤੀਵਾਦੀ ਯੁੱਗ ਤੋਂ ਬਾਅਦ ਭਾਰਤ ਦੀ ਰਾਸ਼ਟਰੀ ਪਛਾਣ ਦੀ ਉਸਾਰੀ 'ਚ ਕਸ਼ਮੀਰ ਨੇ ਵਿਲੱਖਣ ਰੋਲ ਅਦਾ ਕੀਤਾ ਹੈ। ਹੁਣ ਵੀ, ਆਪਣੀ ਛਲਣੀ ਪਛਾਣ ਦੇ ਬਾਵਜੂਦ ਇਹ ਕੌਮੀ ਉਲਟ-ਬਿਰਤਾਂਤ ਦੀ ਉਸਾਰੀ 'ਚ ਮਹੱਤਵਪੂਰਨ ਪਹਿਲੂ ਬਣ ਸਕਦਾ ਹੈ ਤੇ ਇਸ ਵਿੱਚ ਕਸ਼ਮੀਰ ਦੇ ਲੋਕ ਸਹੀ ਦਿਸ਼ਾ ਵੱਲ ਸੇਧਿਤ ਹੋ ਕੇ ਤੁਰ ਰਹੇ ਹਨ।

# ਇੰਡੀਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਉਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਕੌਮੀ ਸਲਾਹਕਾਰ ਨਿਯੁਕਤ

ਚੰਡੀਗੜ੍ਹ- ਭਾਰਤ ਸਰਕਾਰ ਅਧੀਨ ਦੇਸ਼ ਦੀ ਪ੍ਰਮੁੱਖ ਕਲਾ ਭਲਾਈ ਸੰਸਥਾ ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਮਹੱਤਵਪੂਰਨ ਨਿਯੁਕਤੀਆਂ ਦਾ ਐਲਾਨ ਕਰਦਿਆਂ ਪ੍ਰਸਿੱਧ ਗੀਤਕਾਰ, ਪੇਸ਼ਕਾਰ, ਨਿਰਦੇਸ਼ਕ ਅਤੇ ਨਿਰਮਾਤਾ ਭੱਟੀ ਭੜੀਵਾਲਾ ਨੂੰ ਮੁੱਖ ਕੌਮੀ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ। ਭੱਟੀ ਭੜੀ ਵਾਲਾ ਨੇ ਆਪਣੇ ਅਨੇਕਾਂ ਗੀਤਾਂ ਰਾਹੀਂ ਸੰਗੀਤਕ ਜਗਤ ਵਿਚ ਖਾਸ ਪਛਾਣ ਬਣਾਈ ਹੈ। ਜ਼ਿਕਰਯੋਗ ਹੈ ਕਿ ਭੱਟੀ



ਭੜੀਵਾਲਾ ਨੇ 1000 ਤੋਂ ਉਪਰ ਗੀਤ ਲਿਖੇ ਹਨ, ਜਿਹਨਾਂ ਨੂੰ 119 ਸੰਸਾਰ ਪ੍ਰਸਿੱਧ ਪੰਜਾਬੀ ਗਾਇਕ/ਗਾਇਕਾਵਾਂ ਨੇ ਆਪਣੀ ਆਵਾਜ਼ ਦੇ ਕੇ ਮਾਣ ਖੱਟਿਆ। ਭੱਟੀ ਭੜੀ ਵਾਲਾ ਦੇ ਲਿਖੇ ਗੀਤ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਹੰਸ ਰਾਜ ਹੰਸ, ਜਸਬੀਰ ਜੱਸੀ, ਦੁਰਗਾ ਰੰਗੀਲਾ, ਜਸਪਿੰਦਰ ਨਰੂਲਾ, ਅਮਰ ਨੂਰੀ, ਕਮਲਜੀਤ ਨੀਰੂ, ਬਾਈ ਹਰਦੀਪ, ਰਣਜੀਤ ਮਣੀ, ਗੁਰਲੇਜ਼ ਅਖਤਰ, ਮੰਨਤ ਨੂਰ, ਮਨਿੰਦਰ ਮੰਗਾ, ਜੀਤ ਜਗਜੀਤ, ਇੰਦਰ ਸਹਿਜ਼ਾਦ ਤੋਂ ਇਲਾਵਾ ਹੋਰ ਸੈਂਕੜੇ ਗਾਇਕਾਂ ਨੇ ਗਾਏ ਹਨ। ਸਭਿਆਚਾਰਕ, ਸਮਾਜਿਕ ਤੇ ਪਰਿਵਾਰਕ ਗੀਤਾਂ ਵਿਚ ਭੱਟੀ ਭੜੀ ਵਾਲਾ ਦੇ ਨਾਮ ਦੀ ਤੂਤੀ ਬੋਲਦੀ ਹੈ। ਭੱਟੀ ਭੜੀਵਾਲਾ ਨੇ ਸਦਾ ਹੀ ਨਸ਼ਿਆਂ, ਹਥਿਆਰਾਂ ਤੇ ਮਾਰੂ ਗੀਤਾਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਹੈ।

'ਮੇਲਾ ਗੀਤਕਾਰਾਂ ਦਾ' ਉਸਦੀ ਚੰਗੀ, ਉਸਾਰੂ ਤੇ ਲੋਕ ਭਲਾਈ ਸੋਚ ਦਾ ਪ੍ਰਤੱਖ ਪ੍ਰਮਾਣ ਹੈ। ਭੱਟੀ ਭੜੀ ਵਾਲਾ ਇਕ ਚੰਗਾ ਪੜ੍ਹਿਆ ਲਿਖਿਆ ਤੇ ਸੂਝਵਾਨ ਗੀਤਕਾਰ ਹੈ। ਉਸਨੇ ਪੰਜਾਬੀ ਵਿਚ ਗਿਆਨੀ ਅਤੇ ਮਾਸਟਰ ਡਿਗਰੀ ਹਾਸਲ ਕੀਤੀ ਹੈ। ਐਮ. ਬੀ. ਏ. ਫਾਇਨਾਂਸ ਦੀ ਡਿਗਰੀ ਉਸਦੇ ਅਕਾਦਮਿਕ ਕੱਦ ਨੂੰ ਹੋਰ ਵਡੇਰਾ ਕਰਦੀ ਹੈ। ਕਲਮਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦਾ ਉਹ ਵਿਸ਼ੇਸ਼ ਸਤਿਕਾਰ ਕਰਦਾ ਹੈ। ਉਹਨਾਂ ਦੀ ਰਚਨਾਤਮਕ ਦਿਸ਼ਾ-ਦ੍ਰਿਸ਼ਟੀ ਤੇ ਅਗਵਾਈ ਹੇਠ ਸੰਸਥਾ ਰਾਸ਼ਟਰੀ ਪੱਧਰ ਤੇ ਕਲਾ ਤੇ ਸਭਿਆਚਾਰ ਦੀ ਨਵੀਂ ਢਾਂਚਾ-ਬੰਦੀ ਕਰੇਗੀ। ਉਹਨਾਂ ਦੀ ਅਗਵਾਈ ਹੇਠ ਸਾਹਿਤ ਤੇ ਭਾਸ਼ਾ ਸੈਲ, ਕਲਾ ਅਤੇ ਸਭਿਆਚਾਰ ਸੈਲ ਦਾ ਗਠਨ ਕੀਤਾ ਜਾਵੇਗਾ। ਭੱਟੀ ਭੜੀ ਵਾਲਾ ਕੌਂਸਲ ਦੀ ਕਲਾ ਜੀਵਨ ਯੋਜਨਾ ਵਿਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣਗੇ।

ਇੰਡੀਕ ਆਰਟਸ ਵੈਲਫੇਅਰ ਕੌਂਸਲ ਦੇ ਚੇਅਰਮੈਨ ਪ੍ਰੋ. ਭੋਲਾ ਯਮਲਾ ਨੇ ਭੱਟੀ ਭੜੀਵਾਲਾ ਨੂੰ ਨਵੀਂ ਅਹਿਮ ਜ਼ਿੰਮੇਵਾਰੀ ਲਈ ਵਧਾਈ ਦਿੰਦੇ ਹੋਏ ਕਿਹਾ ਭੱਟੀ ਭੜੀ ਵਾਲਾ ਵਰਗੇ ਤਜਰਬੇਕਾਰ ਅਤੇ ਰਚਨਾਤਮਕ ਵਿਅਕਤੀਆਂ ਦਾ ਸਾਡੇ ਨਾਲ ਜੁੜਨਾ ਸਨਮਾਨ ਦੀ ਗੱਲ ਹੈ। ਉਹਨਾਂ ਦੀ ਅਗਵਾਈ ਹੇਠ ਕੌਂਸਲ ਨਵੀਂ ਰਫਤਾਰ ਅਤੇ ਰਾਸ਼ਟਰੀ ਪਛਾਣ ਹਾਸਲ ਕਰੇਗੀ। ਕੌਂਸਲ ਦੇ ਸਾਰੀ ਟੀਮ ਭੱਟੀ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਸ਼ਵਾਸ ਜਤਾਇਆ ਕਿ ਉਹਨਾਂ ਦੀ ਅਗਵਾਈ ਹੇਠ ਕੌਂਸਲ ਕਲਾ, ਸਭਿਆਚਾਰ ਅਤੇ ਭਾਸ਼ਾਈ ਵਿਰਾਸਤ ਦੇ ਖੇਤਰ ਵਿਚ ਨਵੀਆਂ ਉਚਾਈਆਂ ਹਾਸਲ ਕਰੇਗੀ।

# ਪੰਜਾਬ ਦੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ 'ਚ ਤਿੰਨ ਦਿਨਾਂ ਦੀ ਛੁੱਟੀ ਦਾ ਐਲਾਨ

ਚੰਡੀਗੜ੍ਹ- ਮੌਜੂਦਾ ਸਥਿਤੀ ਨੂੰ ਵੇਖਦੇ ਹੋਏ ਪੰਜਾਬ ਦੇ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਅਗਲੇ ਤਿੰਨ ਦਿਨ ਲਈ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਜਾਣਕਾਰੀ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਇਕ ਟਵੀਟ ਕਰ ਕੇ ਦਿੱਤੀ।

### ਮਾਰਿਆ ਗਿਆ ਜੈਸ਼-ਏ-ਮੁਹੰਮਦ ਦਾ ਕਮਾਂਡਰ ਰਊਫ ਅਸਗਰ

ਭਾਰਤ ਨੇ ਪਾਕਿਸਤਾਨ ਵਿਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕਰਕੇ ਕੰਧਾਰ ਦਾ ਹਿਸਾਬ ਵੀ ਚੁਕਾਇਆ। ਕੰਧਾਰ ਜਹਾਜ਼ ਅਗਵਾ ਦਾ ਮਾਸਟਰਮ-ਾਈਂਡ, ਅਬਦੁਲ ਰਊਫ ਅਸਗਰ , ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦੇ ਹੈਡਕੁਆਰਟਰ 'ਤੇ ਹੋਏ ਹਮਲੇ ਵਿੱਚ ਮਾਰਿਆ ਗਿਆ। 1999 ਵਿੱਚ ਇੰਡੀਅਨ ਏਅਰਲਾਈਨਜ਼ ਦੀ ਉਡਾਣ IC 814 ਨੂੰ ਹਾਈਜੈਕ ਕਰਨ ਤੋਂ ਬਾਅਦ, ਭਾਰਤ ਨੂੰ ਅੱਤਵਾਦੀ ਨੇਤਾ ਮਸੂਦ ਅਜ਼ਹਰ ਨੂੰ ਦੋ ਹੋਰ ਅੱਤਵਾਦੀਆਂ ਦੇ ਨਾਲ ਰਿਹਾਅ ਕਰਨਾ ਪਿਆ, ਜਿਨ੍ਹਾਂ ਨੇ ਬਾਅਦ ਵਿੱਚ ਖ਼ਤਰਨਾਕ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੀ ਸਥਾਪਨਾ ਕੀਤੀ।

ਰਊਫ ਅਸਗਰ, ਜੈਸ਼-ਏ-ਮੁਹੰਮਦ ਦਾ ਆਪਰੇਸ਼ਨ ਚੀਫ਼ ਹੋਣ ਤੋਂ ਇਲਾਵਾ, ਮਸੂਦ ਅਜ਼ਹਰ ਦਾ ਭਰਾ ਵੀ ਸੀ। ਸੁਰੱਖਿਆ ਏਜੰਸੀ ਦੇ ਉੱਚ ਪੱਧਰੀ ਸੂਤਰਾਂ ਅਨੁਸਾਰ, ਬਹਾਵਲਪੁਰ ਵਿੱਚ ਜੈਸ਼ ਹੈਡਕੁਆਰਟਰ 'ਤੇ ਹੋਏ ਹਮਲੇ ਵਿੱਚ ਰਊਫ ਅਸਗਰ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ ਹੈ। ਮਸੂਦ ਅਜ਼ਹਰ ਦੇ ਪਰਿਵਾਰਕ ਮੈਂਬਰਾਂ ਵਿਚਕਾਰ ਹੋਈ ਗੱਲਬਾਤ ਨੇ ਉਸਦੀ ਮੌਤ ਦੀ ਪੁਸ਼ਟੀ ਕੀਤੀ। ਧਿਆਨ ਦੇਣ ਯੋਗ ਹੈ ਕਿ ਮਸੂਦ ਅਜ਼ਹਰ ਨੇ ਖੁਦ ਬੁੱਧਵਾਰ ਨੂੰ ਆਪਣੇ ਪਰਿਵਾਰ ਦੇ 14 ਮੈਂਬਰਾਂ ਦੀ ਮੌਤ ਦੀ ਪੁਸ਼ਟੀ ਕੀਤੀ ਸੀ। ਮਸੂਦ ਅਜ਼ਹਰ ਨੇ ਰਊਫ ਨੂੰ ਜੈਸ਼ ਦਾ ਆਪਰੇਸ਼ਨਲ ਚੀਫ਼ ਬਣਾਇਆ ਸੀ। ਇਸ ਦੇ ਨਾਲ ਹੀ ਉਹ ਰੋ ਰਿਹਾ ਸੀ ਅਤੇ ਆਪਣੇ ਲਈ ਮੌਤ ਦੀ ਕਾਮਨਾ ਕਰ ਰਿਹਾ ਸੀ। ਜ਼ਾਹਿਰ ਹੈ ਕਿ ਮਸੂਦ ਅਜ਼ਹਰ ਰਊਫ ਅਸਗਰ ਲਈ ਵੀ ਹੰਝੂ ਵਹਾਏਗਾ, ਜਿਸਨੇ ਕੰਧਾਰ ਦਾ ਇੱਕ ਜਹਾਜ਼ ਹਾਈਜੈਕ ਕਰਕੇ ਉਸਨੂੰ ਕਸ਼ਮੀਰ ਜੇਲ੍ਹ ਤੋਂ ਬਾਹਰ ਕੱਢਿਆ ਸੀ। ਕੰਧਾਰ ਜਹਾਜ਼ ਅਗਵਾ ਦੀ ਜਾਂਚ ਤੋਂ ਸਾਬਤ ਹੋਇਆ ਕਿ 24 ਦਸੰਬਰ 1999 ਨੂੰ ਅਗਵਾ ਕਰਨ ਵੇਲੇ ਰਊਫ ਅਸਗਰ ਖੁਦ ਜਹਾਜ਼ ਵਿੱਚ ਮੌਜੂਦ ਸੀ।

### ਪਾਕਿ ਦੇ ਇਹ 10 ਸ਼ਹਿਰਾਂ 'ਚ ਧਮਾਕੇ



ਧਮਾਕਿਆਂ ਨਾਲ ਪੂਰਾ ਪਾਕਿਸਤਾਨ ਹਿੱਲ ਗਿਆ ਹੈ। ਪਾਕਿਸਤਾਨ ਵਿੱਚ ਇਕ ਤੋਂ ਬਾਅਦ ਇਕ ਧਮਾਕੇ ਹੋ ਰਹੇ ਹਨ। ਤਾਜਾ ਜਾਣਕਾਰੀ ਮੁਤਾਬਕ ਪਾਕਿਸਤਾਨ ਦੇ 10 ਸ਼ਹਿਰਾਂ ਵਿੱਚ 15 ਤੋਂ ਵੱਧ ਧਮਾਕੇ ਹੋਏ ਹਨ। ਲਾਹੌਰ, ਕਰਾਚੀ, ਰਾਵਲਪਿੰਡੀ, ਬਹਾਵਲਪੁਰ, ਗੁਜਰਾਂਵਾਲਾ ਵਿੱਚ ਧਮਾਕੇ ਹੋਏ ਹਨ। ਹੁਣੇ ਹੁਣੇ ਪਾਕਿਸਤਾਨ ਦੇ ਉਮਰਕੋਟ ਵਿੱਚ ਇੱਕ ਧਮਾਕਾ ਹੋਇਆ ਹੈ। ਰਾਵਲਪਿੰਡੀ ਵਿੱਚ ਵੀ ਧਮਾਕੇ ਦੀ ਖ਼ਬਰ ਹੈ। ਬਹਾਵਲਪੁਰ ਵਿੱਚ ਲਗਾਤਾਰ ਦੂਜੇ ਦਿਨ ਧਮਾਕੇ ਹੋਏ ਹਨ। ਪਾਕਿਸਤਾਨੀ ਫੌਜ ਨੇ 9 ਧਮਾਕਿਆਂ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਦੇ ਲਾਹੌਰ ਵਿੱਚ ਆਰਮੀ ਕੈਂਟ ਇਲਾਕੇ ਵਿੱਚ ਇੱਕ ਧਮਾਕਾ ਹੋਇਆ ਹੈ। ਲਾਹੌਰ ਵਿੱਚ ਹੋਏ ਡਰੋਨ ਹਮਲੇ ਵਿੱਚ ਭਾਰੀ ਨੁਕਸਾਨ ਹੋਇਆ ਹੈ। ਡਰੋਨ ਹਮਲੇ ਤੋਂ ਬਾਅਦ ਆਰਮੀ ਕੈਂਟ ਇਲਾਕੇ ਵਿੱਚ ਅੱਗ ਲੱਗ ਗਈ। ਲਾਹੌਰ ਵਿੱਚ ਜਲ ਸੈਨਾ ਕੈਂਪ 'ਤੇ ਵੀ ਡਰੋਨ ਹਮਲਾ ਹੋਇਆ ਹੈ। ਧਮਾਕਿਆਂ ਵਿੱਚ ਜਲ ਸੈਨਾ ਕੈਂਪ ਨੂੰ ਭਾਰੀ ਨੁਕਸਾਨ ਹੋਇਆ ਹੈ। ਲਾਹੌਰ ਵਿੱਚ ਇੱਕ ਤੋਂ ਬਾਅਦ ਇੱਕ ਤਿੰਨ ਧਮਾਕੇ ਹੋਏ ਹਨ। ਧਮਾਕਿਆਂ ਨੇ ਲਾਹੌਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਡਰੇ ਹੋਏ ਲੋਕ ਸੜਕਾਂ 'ਤੇ ਨਿਕਲ ਆਏ ਹਨ। ਇਹ ਧਮਾਕਾ ਲਾਹੌਰ ਪੁਰਾਣੇ ਹਵਾਈ ਅੱਡੇ ਦੇ ਨੇੜੇ ਹੋਇਆ। ਵਾਲਟਨ ਰੋਡ, ਗੋਪਾਲ ਨਗਰ ਵਿੱਚ ਵੀ ਧਮਾਕੇ ਦੀ ਖ਼ਬਰ ਹੈ। ਵਾਲਟਨ ਹਵਾਈ ਅੱਡੇ ਨੇੜੇ ਇੱਕ ਡਰੋਨ ਫਟ ਗਿਆ ਹੈ। ਇੱਕ ਚਸ਼ਮਦੀਦ ਗਵਾਹ ਨੇ ਮਿਜ਼ਾਈਲ ਹਮਲੇ ਦਾ ਦਾਅਵਾ ਕੀਤਾ ਹੈ। ਧਮਾਕਿਆਂ ਤੋਂ ਬਾਅਦ ਅਸਮਾਨ ਵਿੱਚ ਧੂੰਏਂ ਦਾ ਗੁਬਾਰ ਦੇਖਿਆ ਗਿਆ, ਜਿਸ ਨਾਲ ਲੋਕਾਂ ਵਿੱਚ ਦਹਿਸ਼ਤ ਫੈਲ ਗਈ।

### ਬਲੋਚਾਂ ਨੇ ਧਮਾਕੇ 'ਚ ਪਾਕਿ ਫੌਜ ਦੀ ਉਡਾਈ ਗੱਡੀ

ਭਾਰਤ ਨੇ ਮੰਗਲਵਾਰ ਰਾਤ ਨੂੰ ਪਾਕਿਸਤਾਨ ਅਤੇ ਪੀਓਕੇ ਵਿੱਚ ਨੌਂ ਥਾਵਾਂ 'ਤੇ ਹਵਾਈ ਹਮਲੇ ਕੀਤੇ, ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲਿਆ। ਪਾਕਿਸਤਾਨ ਅਜੇ ਇਸ ਝਟਕੇ ਤੋਂ ਉਭਰ ਹੀ ਰਿਹਾ ਸੀ ਕਿ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ.ਐਲ.ਏ.) ਨੇ ਦਾਅਵਾ ਕੀਤਾ ਕਿ ਉਸਦੇ ਆਜ਼ਾਦੀ ਘੁਲਾਟੀਆਂ ਨੇ ਦੋ ਵੱਖ-ਵੱਖ ਹਮਲਿਆਂ ਵਿੱਚ 14 ਪਾਕਿਸਤਾਨੀ ਫੌਜੀਆਂ ਨੂੰ ਮਾਰ ਦਿੱਤਾ ਹੈ।

ਬੀਐਲਏ ਦੇ ਬੁਲਾਰੇ ਜ਼ਿੰਦ ਬਲੋਚ ਅਨੁਸਾਰ, ਪਹਿਲਾ ਹਮਲਾ ਬੋਲਾਨ ਦੇ ਮਾਛ ਖੇਤਰ ਵਿੱਚ ਸ਼ੋਰਕੰਦ ਖੇਤਰ ਵਿੱਚ ਕੀਤਾ ਗਿਆ ਜਿੱਥੇ ਇੱਕ ਪਾਕਿਸਤਾਨੀ ਫੌਜ ਦੇ ਕਾਫਲੇ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਰਿਮੋਟ-ਕੰਟਰੋਲ ਆਈਈਡੀ ਨਾਲ ਹਮਲਾ ਕੀਤਾ ਗਿਆ। ਬਲੋਚਿਸਤਾਨ ਲਿਬਰੇਸ਼ਨ ਆਰਮੀ ਦੇ ਇਸ ਹਮਲੇ ਵਿੱਚ ਪਾਕਿਸਤਾਨੀ ਫੌਜ ਦਾ ਇੱਕ ਵਾਹਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਇਸ ਹਮਲੇ ਵਿੱਚ 12 ਸੈਨਿਕ ਮਾਰੇ ਗਏ। ਮਾਰੇ ਗਏ ਲੋਕਾਂ ਵਿੱਚ ਪਾਕਿਸਤਾਨੀ ਫੌਜ ਦੇ ਸਪੈਸ਼ਲ ਆਪ੍ਰੇਸ਼ਨ ਕਮਾਂਡਰ ਤਾਰਿਕ ਇਮਰਾਨ ਅਤੇ ਸੂਬੇਦਾਰ ਉਮਰ ਫਾਰੂਕ ਸ਼ਾਮਲ ਸਨ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਭਾਰਤ ਅਤੇ ਪਾਕਿਸਤਾਨ ਦੀ ਜੰਗ

ਪਹਿਲਗਾਮ ਵਿਚ ਹੋਏ ਦਹਿਸ਼ਤਗਰਦ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਆਰੰਭ ਹੋ ਗਈ ਹੈ। ਭਾਰਤ ਨੇ ਪਹਿਲਾ ਹਮਲਾ ਮੰਗਲਵਾਰ ਦੀ ਰਾਤ ਕੀਤਾ ਅਤੇ ਇਸ ਦੇ ਜਵਾਬ ਵਿਚ ਪਾਕਿਸਤਾਨ ਨੇ ਕਸ਼ਮੀਰ ਵਿਚ ਗੋਲਾਬਾਰੀ ਕਰਨੀ ਆਰੰਭ ਕਰ ਦਿੱਤੀ। ਇਸ ਤੋਂ ਬਾਅਦ ਭਾਰਤ ਵੱਲੋਂ ਫਿਰ ਪਾਕਿਸਤਾਨ ਤੇ ਹਮਲਾ ਕਰ ਦਿੱਤਾ ਗਿਆ ਅਤੇ ਕਈ ਸ਼ਹਿਰਾਂ ਵਿਚ ਬੰਬ ਧਮਾਕੇ ਹੋਏ। ਇਸ ਤੋਂ ਲੱਗਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਇਕ ਵੱਡੀ ਜੰਗ ਛਿੜਨ ਦੇ ਸ਼ੰਕੇ ਉਭਰਦੇ ਨਜ਼ਰ ਆ ਰਹੇ ਹਨ। ਪਾਕਿਸਤਾਨ ਜੋ ਕਿ ਇਸ ਵਕਤ ਕਾਫੀ ਮਾੜੀ ਹਾਲਤ ਵਿਚੋਂ ਲੰਘ ਰਿਹਾ ਹੈ, ਆਖਿਰ ਭਾਰਤ ਨਾਲ ਇਸ ਵਕਤ ਜੰਗ ਕਰਨ ਲਈ ਕਿਉਂ ਉਤਾਵਲਾ ਹੈ? ਇਹ ਸਵਾਲ ਸਾਰੀ ਦੁਨੀਆਂ ਪਾਕਿਸਤਾਨ ਤੋਂ ਪੁੱਛ ਰਹੀ ਹੈ ਪਰ ਪਾਕਿਸਤਾਨ ਦੀ ਅੰਦਰੂਨੀ ਹਾਲਤ ਜੋ ਲਗਾਤਾਰ ਨਿਘਰਦੀ ਜਾ ਰਹੀ ਹੈ, ਇਸ ਜੰਗ ਲਈ ਵੀ ਇਹ ਹੀ ਜ਼ਿੰਮੇਵਾਰ ਹੈ ਕਿਉਂਕਿ ਪਾਕਿਸਤਾਨ ਦੀ ਸਰਕਾਰ ਅਤੇ ਫੌਜ ਆਪਣੀ ਜਨਤਾ ਦੇ ਗੁੱਸੇ ਦਾ ਸਾਹਮਣਾ ਨਹੀਂ ਕਰ ਪਾ ਰਹੀ। ਪਾਕਿਸਤਾਨ ਵਿਚ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਉਦਯੋਗ ਪਾਕਿਸਤਾਨ ਵਿਚ ਜ਼ਿਆਦਾ ਨਹੀਂ ਹਨ, ਇਸ ਕਰਕੇ ਬੇਰੁਜ਼ਗਾਰੀ ਬਹੁਤ ਹੈ। ਪਾਕਿਸਤਾਨ ਦੇ ਖੈਬਰ ਪਖਤੂਨਵਾ ਇਲਾਕੇ ਵਿਚ ਪਠਾਣ ਪਾਕਿਸਤਾਨ ਦੀ ਫੌਜ ਦੇ ਖਿਲਾਫ ਹਨ, ਬਲੋਚਿਸਤਾਨ ਵਿਚ ਬਲੋਚ ਫੌਜ ਨਾਲ ਸਿੱਧੀ ਲੜਾਈ ਵਿਚ ਉਤਰੇ ਹੋਏ ਹਨ ਅਤੇ ਸਿੰਧ ਵਿਚ ਵੀ ਪਾਕਿਸਤਾਨ ਦੇ ਖਿਲਾਫ ਰੋਸ ਫੈਲ ਰਿਹਾ ਹੈ। ਸਿਰਫ ਪੰਜਾਬ ਹੀ ਅਜਿਹਾ ਸੂਬਾ ਹੈ, ਜਿੱਥੋਂ ਪਾਕਿਸਤਾਨ ਚੱਲ ਤਾਂ ਰਿਹਾ ਹੈ, ਪਰ ਇਸ ਵਿਚ ਵੀ ਦੋਫਾੜ ਇਸ ਕਰਕੇ ਹੈ ਕਿ ਇਮਰਾਨ ਖਾਨ ਦੀ ਪਾਰਟੀ ਅਤੇ ਉਸ ਦੇ ਸਮਰਥਕ ਪਾਕਿਸਤਾਨ ਦੀ ਫੌਜ ਅਤੇ ਮੌਜੂਦਾ ਸਰਕਾਰ ਦੇ ਖਿਲਾਫ ਹਨ ਅਤੇ ਉਹਨਾਂ ਨੇ ਤਾਂ ਇਸ ਜੰਗ ਵਿਚ ਵੀ ਪਾਕਿਸਤਾਨ ਦਾ ਸਾਥ ਨਾ ਦੇਣ ਦਾ ਐਲਾਨ ਕੀਤਾ ਹੈ।ਜਦੋਂ ਕਿਸੇ ਮੁਲਕ ਵਿਚ ਅਜਿਹੀਆਂ ਸਥਿਤੀਆਂ ਹੋਣ ਤਾਂ ਜ਼ਿਆਦਾਤਰ ਮੁਲਕਾਂ ਵਿਚ ਸਰਕਾਰਾਂ ਬਦਲ ਜਾਂਦੀਆਂ ਹਨ, ਜੇਕਰ ਫਿਰ ਵੀ ਹਾਲਤ ਨਾ ਸੰਭਲੇ ਤਾਂ ਫਿਰ ਸਰਕਾਰ ਬਦਲ ਜਾਂਦੀ ਹੈ ਪਰ ਪਾਕਿਸਤਾਨ ਵਿਚ ਤਾਂ ਸਰਕਾਰ ਵੀ ਫੌਜ ਹੀ ਤਹਿ ਕਰਦੀ ਹੈ, ਇਸ ਕਰਕੇ ਸਾਰਾ ਕੁਝ ਫੌਜ ਦੇ ਕੰਟਰੋਲ ਹੇਠ ਹੋਣ ਕਾਰਨ ਪਾਕਿਸਤਾਨ ਦੀ ਸਿਵਲ ਸਰਕਾਰ ਦੀ ਨਾ ਤਾਂ ਕੋਈ ਗੱਲ ਸੁਣਦਾ ਹੈ ਅਤੇ ਨਾ ਹੀ ਕੋਈ ਫੈਸਲਾ ਲੈ ਸਕਦੀ ਹੈ। ਮੌਜੂਦਾ ਜੰਗ ਵੀ ਪਾਕਿਸਤਾਨ ਦੀ ਸਿਵਲ ਸਰਕਾਰ ਦਾ ਫੈਸਲਾ ਨਹੀਂ ਬਲਕਿ ਫੌਜ ਦੇ ਮੁਖੀ ਪਾਕਿਸਤਾਨੀ ਲੋਕਾਂ ਦਾ ਧਿਆਨ ਬਦਲ ਕੇ ਜੰਗ ਵੱਲ ਲਿਆਉਣ ਲਈ ਹੀ ਇਹ ਸਭ ਕਰ ਰਹੇ ਹਨ। ਇਸ ਵਿਚ ਜੇਕਰ ਉਹ ਕਾਮਯਾਬ ਰਹੇ ਤਾਂ ਉਹ ਪਾਕਿਸਤਾਨ ਦੀ ਸਰਕਾਰ ਦਾ ਤਖਤਾ ਪਲਟ ਕਰਕੇ ਖੁਦ ਹੀ ਸਰਕਾਰ ਵੀ ਸੰਭਾਲ ਸਕਦੇ ਹਨ ਅਤੇ ਆਪਣੇ ਲਈ ਕਾਰਜਕਾਲ ਵੀ ਵਧਵਾ ਸਕਦੇ ਹਨ ਪਰ ਜੇਕਰ ਹਾਰੇ ਤਾਂ ਉਹਨਾਂ ਦਾ ਅੰਤ ਤਹਿ ਹੈ। ਜੇਕਰ ਪਾਕਿਸਤਾਨ ਪਰਮਾਣੂ ਬੰਬ ਦੀ ਵਰਤੋਂ ਭਾਰਤ ਖਿਲਾਫ ਕਰਦਾ ਹੈ ਤਾਂ ਇਸ ਦੇ ਜਵਾਬ ਵਿਚ ਭਾਰਤ ਪੂਰੇ ਪਾਕਿਸਤਾਨ ਨੂੰ ਹੀ ਤਬਾਹ ਕਰ ਸਕਦਾ ਹੈ। ਰੱਬ ਨਾ ਕਰੇ ਐਸੀ ਨੌਬਤ ਆਵੇ ਪਰ ਜੇਕਰ ਅਜਿਹਾ ਹੋਇਆ ਤਾਂ ਮਰਨਾ ਤਾਂ ਫਿਰ ਵੀ ਪਾਕਿਸਤਾਨ ਦੇ ਆਮ ਲੋਕਾਂ ਨੂੰ ਹੀ ਪੈਣਾ ਹੈ, ਜਿਹੜੇ ਪਹਿਲਾਂ ਹੀ ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਤੰਗ ਹਨ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਕੈਨੇਡਾ 'ਚ ਸੱਤਾ ਲਿਬਰਲਾਂ ਦੇ ਹੱਥ, ਮਾਰਕ ਕਾਰਨੀ ਬਣੇ ਪ੍ਰਧਾਨ ਮੰਤਰੀ



ਉਜਾਗਰ ਸਿੰਘ

ਕੈਨੇਡਾ ਦੀਆਂ ਸੰਘੀ ਚੋਣਾਂ ਵਿਚ ਲਿਬਰਲ ਪਾਰਟੀ ਨੇ ਹੈਟ੍ਰਿਕ ਮਾਰੀ ਤੇ ਉਹ ਚੌਥੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਮਾਰਕ ਕਾਰਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਹੋਣਗੇ। ਉਹ ਆਰਥਿਕ ਮਾਹਿਰ ਹਨ, ਇਸ ਲਈ ਉਹ ਦੂਜਾ ਡਾ. ਮਨਮੋਹਨ ਸਿੰਘ ਸਾਬਿਤ ਹੋ ਸਕਦੇ ਹਨ ਕਿਉਂਕਿ ਕੈਨੇਡਾ ਦੀ ਆਰਥਿਕ ਹਾਲਤ ਡਾਵਾਂਡੋਲ ਹੈ।

ਲਿਬਰਲ ਪਾਰਟੀ ਨੂੰ 168, ਕੰਜ਼ਰਵੇਟਿਵ ਪਾਰਟੀ ਨੂੰ 144, ਬਲਾਕ ਕਿਊਬਕ ਨੂੰ 23, ਐਨਡੀਪੀ ਨੂੰ 7 ਸੀਟਾਂ ਅਤੇ ਇਕ ਸੀਟ 'ਤੇ ਗਰੀਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਪਾਰਟੀ ਨੇ 43, ਕੰਜ਼ਰਵੇਟਿਵ ਪਾਰਟੀ ਨੇ 41, ਬਲਾਕ ਕਿਊਬਕ ਨੇ 26 ਅਤੇ ਐਨਡੀਪੀ ਨੇ 7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ।

ਚੋਣ ਜਿੱਤਣ ਅਤੇ ਹਾਰਨ ਵਾਲਿਆਂ ਵਿਚ ਬਹੁਤ ਘੱਟ ਵੋਟਾਂ ਦਾ ਅੰਤਰ ਰਿਹਾ ਹੈ। ਕਈ ਸੀਟਾਂ 'ਤੇ ਇਹ ਫ਼ਰਕ 100 ਵੋਟਾਂ ਤੋਂ ਵੀ ਘੱਟ ਰਿਹਾ। ਇਸ ਲਈ ਕੁਝ ਸੀਟਾਂ 'ਤੇ ਦੁਬਾਰਾ ਗਿਣਤੀ ਹੋਵੇਗੀ। ਸੰਸਦ ਦੀਆਂ 343 ਸੀਟਾਂ 'ਤੇ ਚੋਣ ਹੋਈ ਸੀ ਤੇ ਸਰਕਾਰ ਬਣਾਉਣ ਲਈ 172 ਸੀਟਾਂ ਦੀ ਲੋੜ ਹੈ।

ਲਿਬਰਲ ਪਾਰਟੀ ਨੂੰ ਸਰਕਾਰ ਬਣਾਉਣ ਲਈ ਮੁੜ ਐਨਡੀਪੀ ਤੋਂ ਮਦਦ ਲੈਣੀ ਪਵੇਗੀ। ਕੰਜ਼ਰਵੇਟਿਵ ਪਾਰਟੀ ਦੇ ਮੁਖੀ ਪੀਆਰ ਪੋਲੀਵਰ ਅੱਠਵੀਂ ਵਾਰ ਕਾਰਟਨ ਹਲਕੇ ਤੋਂ ਚੋਣ ਲੜੇ ਸਨ, ਉਨ੍ਹਾਂ ਵਿਰੁੱਧ 90 ਉਮੀਦਵਾਰਾਂ ਨੇ ਚੋਣ ਲੜੀ ਹੈ। ਪੋਲੀਵਰ ਚੋਣ ਹਾਰ ਗਏ ਹਨ। ਇੰਜ ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਚਕਨਾਚੂਰ ਹੋ ਗਿਆ ਹੈ। ਕੈਨੇਡਾ ਦੀ ਸੰਘੀ ਸਿਆਸਤ 'ਚ





ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਨੇ ਦੁਬਾਰਾ ਮੱਲਾਂ ਮਾਰੀਆਂ ਹਨ।

ਪਿਛਲੀ ਵਾਰ 2021 ਵਿਚ ਹੋਈਆਂ ਫੈਡਰਲ ਚੋਣਾਂ ਵਿਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ ਤੇ 17 ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿਚ ਕ੍ਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ ਪਾਰਟੀ ਦੇ 28, ਨਿਊ ਡੈਮੋਕ੍ਰੈਟਿਕ ਪਾਰਟੀ ਦੇ 10, ਗਰੀਨ ਪਾਰਟੀ ਦੇ 8 ਤੇ ਦੋ ਆਜ਼ਾਦ ਸਨ। ਇਨ੍ਹਾਂ ਵਿਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ ਤੇ 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। ਬਾਰਾਂ ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀ ਕੈਨੇਡੀਅਨਾਂ ਨੇ ਚੋਣ ਲੜੀ ਸੀ ਜਿਨ੍ਹਾਂ 'ਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ।

ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ ਉਨ੍ਹਾਂ ਵਿਚ ਪ੍ਰਮੁੱਖ ਹਨ ਟਿੱਮ ਉਪਲ, ਜਸਰਾਜ ਸਿੰਘ ਹੱਲਣ, ਇੰਦਰ ਸਿੰਘ ਪੰਛੀ, ਰਣਦੀਪ ਸਿੰਘ ਸਰਾਏ, ਜਗਸ਼ਰਨ ਸਿੰਘ, ਅਮਨਪ੍ਰੀਤ ਸਿੰਘ ਗਿੱਲ, ਸੁੱਖ ਪੰਧੇਰ, ਸੁਖਮਨ ਸਿੰਘ ਗਿੱਲ, ਗੁਰਬਖ਼ਸ਼ ਸਿੰਘ ਸੈਣੀ, ਪਰਮ ਬੈਂਸ, ਜੈਸੀ ਸਹੋਤਾ, ਦਲਵਿੰਦਰ ਸਿੰਘ ਗਿੱਲ, ਅਨੀਤਾ ਆਨੰਦ, ਅਮਰਜੀਤ ਗਿੱਲ, ਮਨਿੰਦਰ ਸਿੰਘ ਸਿੱਧੂ, ਅਮਰਜੀਤ ਸੋਹੀ, ਅੰਜੂ ਢਿੱਲੋਂ, ਇਕਵਿੰਦਰ ਸਿੰਘ ਗਹੀਰ, ਅਰਪਨ ਖੰਨਾ, ਪਰਮ ਗਿੱਲ, ਹਰਬ ਗਿੱਲ, ਸੁਖਦੀਪ ਕੰਗ ਅਤੇ ਰੂਬੀ ਸਹੋਤਾ ਸ਼ਾਮਲ ਹਨ। ਸੰਨ 2019 'ਚ 47 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਅਤੇ 22 ਚੋਣ ਜਿੱਤੇ ਸਨ।

ਕੈਨੇਡਾ ਦੀ ਦੱਖਣੀ ਏਸ਼ਿਆਈ ਆਬਾਦੀ ਦਾ ਇਕ ਮਹੱਤਵਪੂਰਨ ਹਿੱਸਾ ਪੰਜਾਬੀ, ਰਾਸ਼ਟਰੀ ਨੀਤੀ ਵਿਚ ਤੇਜ਼ੀ ਨਾਲ ਭੂਮਿਕਾ 'ਚ ਆ ਰਹੇ ਹਨ। ਂਟਾਰੀ , ਬ੍ਰਿਟਿਸ਼ ਕੋਲੰਬੀਆ, ਅਲਬਰਟਾ ਤੇ ਮੈਨੀਟੋਬਾ ਦੇ ਚੋਣ ਹਲਕਿਆਂ 'ਚ ਪੰਜਾਬੀ ਮੂਲ ਦੇ ਉਮੀਦਵਾਰ ਸਾਰੀਆਂ ਮੁੱਖ ਸੰਘੀ ਪਾਰਟੀਆਂ ਲਿਬਰਲ, ਕੰਜ਼ਰਵੇਟਿਵ, ਨਿਊ ਡੈਮੋਕ੍ਰੈਟਿਕ ਤੇ ਗਰੀਨ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ। ਵੱਡੀ ਗਿਣਤੀ ਵਿਚ ਪੰਜਾਬੀ ਮੂਲ ਦੇ ਉਮੀਦਵਾਰ ਆਜ਼ਾਦ ਵੀ ਚੋਣ ਲੜੇ ਹਨ। ਸੋਲਾਂ ਸੀਟਾਂ 'ਤੇ ਪੰਜਾਬੀ ਉਮੀਦਵਾਰ ਪੰਜਾਬੀਆਂ ਦੇ ਵਿਰੁੱਧ ਚੋਣ ਲੜੇ ਹਨ। ਪੰਤਾਲੀਵੀਆਂ ਫੈਡਰਲ ਚੋਣਾਂ ਵਿਚ ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ 16 ਦਸਤਾਰਧਾਰੀ ਪੰਜਾਬੀ/ਸਿੱਖ ਸੰਘੀ ਚੋਣ ਲੜੇ ਹਨ ਜਿਨ੍ਹਾਂ ਵਿੱਚੋਂ ਜਿੱਤਣ ਵਾਲੇ ਟਿੱਮ ਉਪਲ ਸਾਬਕਾ ਕੇਂਦਰੀ ਮੰਤਰੀ ਐਡਮਿੰਟਨ ਗੇਟਵੇਅ ਤੋਂ ਚੋਣ ਲੜੇ। ਉਹ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ ਤੇ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਬੱਸੀਆਂ ਕਸਬੇ ਦੇ ਜੰਮਪਲ ਹਨ। ਟਿੱਮ ਉੱਪਲ ਨੇ ਆਈਵੀ ਸਕੂਲ ਆਫ ਬਿਜ਼ਨਸ ਤੋਂ ਐਮਬੀਏ ਕੀਤੀ ਹੋਈ ਹੈ। ਉਹ ਰੈਜ਼ੀਡੈਂਸ਼ੀਅਲ ਮੋਰਟਗੇਜ ਵਜੋਂ ਕੰਮ ਕਰਦੇ ਰਹੇ ਹਨ। ਜਸਰਾਜ ਸਿੰਘ ਹੱਲਣ ਕੈਲਗਰੀ ਈਸਟ, ਅਮਨਪ੍ਰੀਤ ਸਿੰਘ ਗਿੱਲ ਕੈਲਗਰੀ-ਸਕਾਈਵਿਊ, ਜਗਸ਼ਰਨ ਸਿੰਘ ਮਾਹਲ ਐਡਮਿੰਟਨ-ਸਾਊਥ ਈਸਟ, ਇੰਦੀ ਸਿੰਘ ਪੰਛੀ ਨਿਊ ਵੈਸਟ ਮਨਿਸਟਰ-ਬਰਨਬੀ ਮੇਲਰਡਵਿਲੇ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਚੋਣ ਲੜੇ ਹਨ।

ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਚੋਣ ਲੜੇ ਹਨ। ਅਨੀਤਾ ਆਨੰਦ ਜੋ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਕਵਿਲੇ ਰਾਈਡਿੰਗ ਹਲਕੇ ਤੋਂ ਚੋਣ ਲੜੇ ਹਨ। ਬਰਦਿਸ਼ ਚੱਗਰ ਵਾਟਰਲੂ ਰਾਈਵਿੰਗ ਤੋਂ ਚੋਣ ਲੜੀ ਹੈ ਤੇ ਉਹ ਵੀ 2015 ਵਿਚ ਪਹਿਲੀ ਵਾਰ ਚੋਣ ਲੜੀ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੇ 9 ਸਾਲਾਂ ਤੋਂ ਕੈਨੇਡਾ ਦੀ ਸੰਘੀ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਸਨ। ਸੰਨ 2021 ਵਿਚ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਬਾਹਰੋਂ ਹਮਾਇਤ ਨਾਲ ਉਨ੍ਹਾਂ ਦੀ ਸਰਕਾਰ ਬਣੀ ਸੀ। ਸਤੰਬਰ 2024 ਵਿਚ ਨਿਊ ਡੈਮੋਕ੍ਰੈਟਿਕ ਪਾਰਟੀ ਨੇ ਆਪਣੀ ਸੁਪੋਰਟ ਵਾਪਸ ਲੈ ਲਈ ਸੀ ਜਿਸ ਕਰਕੇ ਜਸਟਿਨ ਟਰੂਡੋ ਦੀ ਸਰਕਾਰ ਘੱਟ ਗਿਣਤੀ ਵਿਚ ਰਹਿ ਗਈ ਸੀ ਤੇ 16 ਸਤੰਬਰ ਨੂੰ ਰਾਜਨੀਤਕ ਸੰਕਟ ਹੋਰ ਡੂੰਘਾ ਹੋ ਗਿਆ ਸੀ ਜਦੋਂ ਟਰੂਡੋ ਸਰਕਾਰ ਦੀ ਵਿੱਤ ਮੰਤਰੀ ਕ੍ਰਿਸਟੀਨਾ ਫ੍ਰੀਲੈਂਡ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਡੈਮੋਕ੍ਰੈਟਿਕ ਪਾਰਟੀ ਦੇ 21 ਸੰਸਦ ਮੈਂਬਰਾਂ ਨੇ ਜਸਟਿਨ ਟਰੂਡੋ ਨੂੰ ਆਪਣਾ ਅਹੁਦਾ ਤਿਆਗਣ ਲਈ ਕਹਿ ਦਿੱਤਾ ਸੀ। ਛੇ ਜਨਵਰੀ 2025 ਨੂੰ ਜਸਟਿਨ ਟਰੂਡੋ ਨੇ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਆਰਥਿਕ ਮਾਹਿਰ ਤੇ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ 60 ਸਾਲਾ ਮਾਰਕ ਕਾਰਨੀ ਨੂੰ ਟਰੂਡੋ ਦੀ ਥਾਂ ਨੇਤਾ ਚੁਣ ਲਿਆ ਗਿਆ। ਮਾਰਕ ਕਾਰਨੀ ਨੇ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਫਿਰ ਪ੍ਰਧਾਨ ਮੰਤਰੀ ਕਾਰਨੀ ਨੇ 23 ਮਾਰਚ ਨੂੰ ਸੰਸਦ ਭੰਗ ਕਰਨ ਦੀ ਗਵਰਨਰ ਜਨਰਲ ਨੂੰ ਸਿਫ਼ਾਰਸ਼ ਕਰ ਦਿੱਤੀ। ਹਾਲਾਂਕਿ ਸੰਸਦ ਦੀ ਮਿਆਦ 20 ਅਕਤੂਬਰ 2025 ਤੱਕ ਸੀ। ਉਸ ਤੋਂ ਬਾਅਦ ਸੰਸਦ ਦੀਆਂ ਚੋਣਾਂ ਦੀ ਤਰੀਕ 28 ਅਪ੍ਰੈਲ 2025 ਨਿਸ਼ਚਤ ਹੋਈ। ਮਾਰਕ ਕਾਰਨੀ ਨੇ ਪਹਿਲੀ ਵਾਰ ਚੋਣ ਲੜੀ ਹੈ। ਉਸ ਨੇ ਓਟਾਵਾ ਦੇ ਨਿਪੀਅਨ ਹਲਕੇ ਤੋਂ ਚੋਣ ਜਿੱਤੀ ਹੈ। ਸੰਘੀ ਸੰਸਦ ਦੀਆਂ 2021 ਦੀ ਮਰਦਮਸ਼ੁਮਾਰੀ ਅਨੁਸਾਰ 343 ਸੀਟਾਂ ਦੀਆਂ 2021 ਵਿਚ ਹੋਈਆਂ ਚੋਣਾਂ ਵਿਚ 63।3 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ।

ਲਿਬਰਲ ਪਾਰਟੀ ਨੇ 2019 ਵਿਚ 157, ਸੰਨ 2021 ਵਿਚ 160 ਸੀਟਾਂ ਜਿੱਤ ਕੇ 32।6 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਪੂਰਨ ਬਹੁਮਤ ਤੋਂ 10 ਸੀਟਾਂ ਘੱਟ ਸਨ। ਕੰਜ਼ਰਵੇਟਿਵ ਪਾਰਟੀ ਨੇ 2019 ਵਿਚ 121, ਸੰਨ 2021 ਵਿਚ 119 ਸੀਟਾਂ ਜਿੱਤੀਆਂ ਸਨ। ਬਲਾਕ ਕਿਊਬਕ ਪਾਰਟੀ ਨੇ 2019 ਤੇ 2021 ਵਿਚ ਦੋਵੇਂ ਵਾਰ 32-32 ਸੀਟਾਂ ਜਿੱਤੀਆਂ ਸਨ। ਨਿਊ ਡੈਮੋਕ੍ਰੈਟਿਕ ਪਾਰਟੀ ਨੇ 2019 ਵਿਚ 24, ਸੰਨ 2021 ਵਿਚ 25 ਸੀਟਾਂ ਜਿੱਤ ਕੇ 17.82 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ।

ਗਰੀਨ ਪਾਰਟੀ ਨੇ 2 ਸੀਟਾਂ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ। ਇਸ ਵਾਰ ਲਗਪਗ 1700 ਉਮੀਦਵਾਰਾਂ ਨੇ ਚੋਣ ਲੜੀ ਸੀ। ਅਠਾਰਾਂ ਤੋਂ 21 ਅਪ੍ਰੈਲ ਤੱਕ ਚਾਰ ਦਿਨ ਐਡਵਾਂਸ ਪੋਲਿੰਗ ਵਿਚ 73 ਲੱਖ ਵੋਟਰਾਂ ਨੇ ਵੋਟ ਪਾ ਦਿੱਤੀ ਸੀ ਜਦਕਿ 2021 ਵਿਚ 58 ਲੱਖ ਵੋਟਰਾਂ ਨੇ ਐਡਵਾਂਸ ਪੋਲਿੰਗ ਕੀਤੀ ਸੀ। ਜਗਮੀਤ ਸਿੰਘ ਐਨਡੀਪੀ ਮੁਖੀ ਬਰਨਬੀ ਹਲਕੇ ਤੋਂ ਲਿਬਰਲ ਪਾਰਟੀ ਦੇ ਬਾਲੀ ਮਾਰੀਆ ਤੋਂ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ। ਉਹ ਮਹਿਜ਼ 8000 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਆਏ ਹਨ।

ਉਨ੍ਹਾਂ ਨੇ ਹਾਰ ਮੰਨਦਿਆਂ ਪਾਰਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਕੈਨੇਡਾ ਦੀ ਆਬਾਦੀ ਵਿਚ 7.71 ਲੱਖ ਪੰਜਾਬੀ/ਸਿੱਖ ਰਹਿ ਰਹੇ ਹਨ ਜੋ 2.1 ਫ਼ੀਸਦੀ ਬਣਦੀ ਹੈ। ਇਨ੍ਹਾਂ ਵਿਚ 2.36 ਲੱਖ ਕੈਨੇਡੀਅਨ ਨਾਗਰਿਕ ਹਨ, 4.15 ਲੱਖ ਪੀਆਰ ਹਨ, 1.19 ਨਾਨ-ਪਰਮਾਨੈਂਟ ਰੈਜ਼ੀਡੈਂਟ ਹਨ। ਕੈਨੇਡਾ ਵਿਚ ਭਾਰਤੀਆਂ ਦੀ ਗਿਣਤੀ 16 ਲੱਖ ਹੈ ਜੋ ਕੁੱਲ ਆਬਾਦੀ ਦਾ 4% ਬਣਦੀ ਹੈ। ਕੈਨੇਡਾ ਵਿਚ ਸਿੱਖ ਚੌਥਾ ਵੱਡਾ ਗਰੁੱਪ ਹੈ। ਪੰਜਾਬੀ ਕੈਨੇਡਾ ਵਿਚ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਪੰਜਾਬੀ ਵਿਦਿਆਰਥੀ ਹਰ ਸਾਲ 68000 ਕਰੋੜ ਰੁਪਏ ਫੀਸਾਂ ਦੇ ਰੂਪ ਵਿਚ ਦਿੰਦੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਡਾਲਰਾਂ ਦੀ ਗਾਰੰਟੀ ਰੱਖੀ ਜਾਂਦੀ ਹੈ ਜੋ ਕੈਨੇਡਾ ਦੀ ਆਰਥਿਕਤਾ ਵਿਚ ਯੋਗਦਾਨ ਪਾਉਂਦੀ ਹੈ। ਕੈਨੇਡਾ ਵਿਚ 60 ਫ਼ੀਸਦੀ ਪਰਵਾਸੀ ਪੰਜਾਬੀ ਹਨ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਭਗਵੰਤ ਮਾਨ ਦੀ ਪਾਣੀਆਂ 'ਚ ਸਿਆਸੀ ਮਧਾਣੀ

ਪੰਜਾਬ ਤੇ ਹਰਿਆਣਾ ਪਾਣੀਆਂ ਦੀ ਵੰਡ ਨੂੰ ਲੈ ਕੇ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਬੀਬੀਐੱਮਬੀ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫ਼ੈਸਲੇ ਤੋਂ ਬਾਅਦ ਦੋਵਾਂ ਸੂਬਿਆਂ ਦੀਆਂ ਸਿਆਸੀ ਧਿਰਾਂ ਦਾ ਆਗੂਆਂ ਨੇ ਇਸ ਗੱਲ ਦੀ ਨਿਖੇਧੀ ਕੀਤੀ ਹੈ ਕਿ ਪੰਜਾਬ ਨੂੰ ਲਾਂਭੇ ਕਰ ਕੇ ਪਾਣੀ ਹਰਿਆਣਾ ਨੂੰ ਦੇਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਬੀਬੀਐੱਮਬੀ ਦਾ ਚੇਅਰਮੈਨ ਬਦਲਣਾ ਵੀ ਨਵਾਂ ਵਿਵਾਦ ਪੈਦਾ ਕਰਨ ਵਾਂਗ ਹੈ। ਪੰਜਾਬ ਦਾ ਦਾਅਵਾ



ਪਾਰਾ ਸਿਖਰ 'ਤੇ ਹੈ। ਦੋਵੇਂ ਪਾਸਿ ਂ ਤਿੱਖੀਆਂ ਬਿਆਨਬਾਜ਼ੀਆਂ ਹੋ ਰਹੀਆਂ ਹਨ। ਬੀਤੇ ਕੱਲ੍ਹ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪ ਜਾ ਕੇ ਬੀਬੀਐੱਮਬੀ 'ਤੇ ਸਥਿਤੀ ਦਾ ਜਾਇਜ਼ਾ ਲਿਆ ਹੈ। ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਹਮਰੁਤਬਾ ਭਗਵੰਤ ਮਾਨ 'ਤੇ ਸਿਆਸਤ ਕਰਨ ਦਾ ਇਲਜ਼ਾਮ ਲਗਾਇਆ ਹੈ। ਹਰਿਆਣਾ ਨੂੰ ਪੰਜਾਬ ਵੱਲੋਂ ਪਾਣੀ ਦੇਣ ਦਾ ਮੁੱਦਾ ਪਿਛਲੀਆਂ ਸਰਕਾਰਾਂ ਵੇਲੇ ਵੀ ਭਖਦਾ ਰਿਹਾ ਹੈ। ਐੱਸਵਾਈਐੱਲ ਰਾਹੀਂ ਹਰਿਆਣਾ ਨੂੰ ਪਾਣੀ ਦੇਣ ਦੇ ਮੁੱਦੇ 'ਤੇ ਸੁਪਰੀਮ ਕੋਰਟ ਕਈ ਵਾਰ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਇਕ ਮੇਜ਼ 'ਤੇ ਬਿਠਾ ਚੁੱਕੀ ਹੈ। ਇਸ ਵਾਰ ਬੀਬੀਐੱਮਬੀ ਦੇ ਫ਼ੈਸਲੇ ਦੇ ਵਿਰੋਧ 'ਚ ਸਾਰੀਆਂ ਸਿਆਸੀ ਧਿਰਾਂ ਨੇ ਸੌੜੀ ਸਿਆਸਤ ਤੋਂ ਉੱਪਰ ਉੱਠ ਕੇ ਸਰਬ ਪਾਰਟੀ ਮੀਟਿੰਗ ਵਿਚ ਇਕਸੁਰ ਪੈਦਾ ਕੀਤੀ ਹੈ। ਦਰਅਸਲ, ਹਰਿਆਣਾ ਨੂੰ ਵਾਧੂ 8500 ਕਿਊਸਿਕ ਪਾਣੀ ਛੱਡਣ ਦੇ ਫ਼ੈਸਲੇ ਤੋਂ ਬਾਅਦ ਪਾਣੀਆਂ ਦੇ ਮਸਲੇ 'ਤੇ ਵਿਰੋਧੀਆਂ ਦੇ ਵਿਚਾਰ ਜਾਣਨ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਹ ਮੀਟਿੰਗ ਸੱਦੀ ਗਈ ਸੀ। ਇਸ 'ਚ ਭਾਰਤੀ ਜਨਤਾ ਪਾਰਟੀ ਤੋਂ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਤੋਂ ਬਲਵਿੰਦਰ ਸਿੰਘ ਭੂੰਦੜ, ਕਾਂਗਰਸ ਤੋਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਹਾਜ਼ਰੀ ਭਰੀ। ਹਿਮਾਚਲ ਨੂੰ ਛੱਡ ਕੇ ਭਾਜਪਾ ਦੀ ਸੱਤਾ ਵਾਲੇ ਸੂਬੇ ਪਹਿਲਾਂ ਹੀ ਹਰਿਆਣਾ ਦੇ ਹੱਕ 'ਚ ਭੁਗਤ ਰਹੇ ਹਨ ਜਦਕਿ ਹਰਿਆਣਾ ਨੂੰ ਪਾਣੀ ਦੇਣ ਦੇ ਮਾਮਲੇ 'ਤੇ ਪੰਜਾਬ ਪਹਿਲਾਂ ਹੀ ਕੋਰੀ ਨਾਂਹ ਕਰ ਚੁੱਕਾ ਹੈ।

ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਸਣੇ ਹੋਰ ਹੈ ਕਿ ਹਰਿਆਣਾ ਨੂੰ ਪਹਿਲਾਂ ਹੀ 4000 ਕਿਊਸਿਕ ਪਾਣੀ ਪੀਣ ਲਈ ਦਿੱਤਾ ਜਾ ਰਿਹਾ ਹੈ ਜਦਕਿ ਹਰਿਆਣਾ ਦੀ ਆ-ਬਾਦੀ ਨੂੰ 1700 ਕਿਊਸਿਕ ਪਾਣੀ ਦੇਣਾ ਬਣਦਾ ਹੈ। ਚਾਰ ਹਜ਼ਾਰ ਕਿਊਸਿਕ ਪਾਣੀ ਪੰਜਾਬ ਆਪਣੇ ਕੋਟੇ 'ਚੋਂ ਦੇ ਰਿਹਾ ਹੈ। ਮੀਟਿੰਗ 'ਚ ਅਕਾਲੀ ਦਲ ਨੇ ਆਪਣਾ ਸਟੈਂਡ ਦੁਹਰਾਉਂਦਿਆਂ ਕਿਹਾ ਹੈ ਕਿ ਇਹ ਕਿਸੇ ਇਕ ਪਾਰਟੀ ਦਾ ਮਸਲਾ ਨਹੀਂ ਹੈ।

ਜੇ ਸਰਬ ਪਾਰਟੀ ਮੀਟਿੰਗ ਦੇ ਰੌਂਅ ਮੁਤਾਬਕ ਸਾਰਾ ਕੁਝ ਸਹੀ ਰਹਿੰਦਾ ਹੈ ਤਾਂ ਇਸ 'ਚ ਹਾਜ਼ਰ ਨੁਮਾਇੰਦਿਆਂ ਤੋਂ ਨਿਰਪੱਖਤਾ ਦੀ ਆਸ ਰੱਖੀ ਜਾ ਸਕਦੀ ਹੈ। ਸਿਆਸੀ ਧਿਰਾਂ ਦਾ ਖ਼ਾਸ ਕਰਕੇ ਪਾਣੀਆਂ ਦੇ ਮੁੱਦੇ 'ਤੇ ਇਸ ਤਰ੍ਹਾਂ ਇਕੱਠੇ ਬੈਠਣਾ ਵੀ ਸ਼ਲਾਘਾਯੋਗ ਕਦਮ ਹੈ। ਕਾਂਗਰਸ ਵੀ ਇਸ ਵਾਰ ਕਹਿ ਰਹੀ ਹੈ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਲਈ ਇਕ ਵੀ ਬੂੰਦ ਪਾਣੀ ਦੇਣ ਲਈ ਨਹੀਂ ਹੈ। ਪੰਜਾਬ ਵੱਲੋਂ ਹਰਿਆਣਾ ਨੂੰ ਪਾਣੀ ਦੇਣ ਦਾ ਵਿਰੋਧ ਇਸ ਲਈ ਵੀ ਹੈ ਕਿਉਂਕਿ ਸਰਕਾਰ ਮੁਤਾਬਕ ਗੁਆਂਢੀ ਸੂਬਾ 31 ਮਾਰਚ ਤੱਕ ਆਪਣੇ ਹਿੱਸੇ ਦਾ ਇਸ ਸਾਲ ਲਈ ਅਲਾਟ ਕੀਤਾ ਪਾਣੀ ਵਰਤ ਚੁੱਕਾ ਹੈ।

ਪੰਜਾਬ ਪਹਿਲਾਂ ਹੀ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋਣ ਤੇ ਪੀਣ ਵਾਲੇ ਪਾਣੀ 'ਚ ਜ਼ਹਿਰੀਲੇ ਤੱਤ ਘੁਲਣ ਨਾਲ ਸਬੰਧਤ ਕਈ ਪਰੇਸ਼ਾਨੀਆਂ ਨਾਲ ਜੂਝ ਰਿਹਾ ਹੈ। ਇਸ ਲਈ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਵੱਲੋਂ ਪਾਣੀਆਂ ਦੀ ਵੰਡ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਨਹੀਂ ਹੋਣੀ ਚਾਹੀਦੀ ਸਗੋਂ ਇਸ ਮੁੱਦੇ ਨਾਲ ਇਕ ਮੰਚ 'ਤੇ ਆ ਕੇ ਨਜਿੱਠਣਾ ਚਾਹੀਦਾ ਹੈ।




Matrimonial

## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

### ਵਰ ਦੀ ਲੋੜ


38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8363 ਤੇ ਸੰਪਰਕ ਕਰੋ।


# ਕੇਂਦਰ ਦਾ ਜਾਤ ਆਧਾਰਤ ਗਣਨਾ ਕਰਵਾਉਣ ਬਾਰੇ ਫ਼ੈਸਲਾ

ਆਖ਼ਰਕਾਰ ਕੇਂਦਰ ਸਰਕਾਰ ਇਸ ਨਤੀਜੇ 'ਤੇ ਪੁੱਜੀ ਕਿ ਜਾਤ ਆਧਾਰਤ ਗਣਨਾ ਕਰਵਾ ਲਈ ਜਾਣੀ ਚਾਹੀਦੀ ਹੈ। ਇਹ ਭਾਰਤੀ ਸਿਆਸਤ ਅਤੇ ਸਮਾਜ 'ਤੇ ਵਿਆਪਕ ਅਸਰ ਪਾਉਣ ਵਾਲਾ ਫ਼ੈਸਲਾ ਹੈ। ਇਸ ਤੋਂ ਪਹਿਲਾਂ ਜਾਤ ਆਧਾਰਤ ਗਣਨਾ 1931 ਯਾਨੀ ਅਖੰਡ ਭਾਰਤ ਵਿਚ ਅੰਗਰੇਜ਼ਾਂ ਦੀ ਹਕੂਮਤ ਨੇ ਕਰਵਾਈ ਸੀ।




ਸ ਂ ਨ 2011 ਵਿਚ ਮਨਮੋਹਨ ਸਰਕਾਰ ਨੇ ਜਾਤਾਂ ਮੁਤਾਬਕ ਗਣਨਾ ਕਰਵਾਈ ਜ਼ਰੂਰ ਸੀ ਪਰ ਉਸ ਵਿਚ ਇੰਨੀਆਂ ਜਟਿਲਤਾਵਾਂ ਮਿਲੀਆਂ ਕਿ ਉਸ ਦੇ ਅੰਕੜੇ ਜਨਤਕ ਨਹੀਂ ਕੀਤੇ ਗਏ। ਇਸ ਤੋਂ ਬਾਅਦ ਕੁਝ ਸੂਬਿਆਂ ਨੇ ਜਾਤਾਂ ਦੀ ਗਿਣਤੀ ਕਰਨ ਲਈ ਸਰਵੇ ਕਰਵਾਏ ਕਿਉਂਕਿ ਜਨਗਣਨਾ ਕਰਵਾਉਣ ਦਾ ਹੱਕ ਸਿਰਫ਼ ਕੇਂਦਰ ਨੂੰ ਹੀ ਹੈ। ਭਾਜਪਾ ਨੇ ਬਿਹਾਰ 'ਚ ਜਾਤ ਆਧਾਰਤ ਸਰਵੇ ਦਾ ਸਮਰਥਨ ਕੀਤਾ ਪਰ ਜਾਤ ਆਧਾਰਤ ਗਣਨਾ ਨੂੰ ਲੈ ਕੇ ਉਹ ਉਤਸੁਕ ਨਹੀਂ ਰਹੀ।

ਆਰ ਐੱਸ ਐੱਸ ਨੇ ਇਸ ਦਾ ਸਮਰਥਨ ਕੀਤਾ। ਤਦ ਕਾਂਗਰਸ ਤੇ ਕੁਝ ਖੇਤਰੀ ਪਾਰਟੀਆਂ ਜਾਤ ਆਧਾਰਤ ਗਣਨਾ 'ਤੇ ਜ਼ੋਰ ਦੇਣ ਲੱਗੀਆਂ ਹੋਈਆਂ ਸਨ। ਸਭ ਤੋਂ ਵੱਧ ਜ਼ੋਰ ਰਾਹੁਲ ਗਾਂਧੀ ਦੇ ਰਹੇ ਸਨ ਜਦਕਿ ਨਹਿਰੂ ਤੋਂ ਲੈ ਕੇ ਨਰਸਿਮਹਾ ਰਾ ਤੱਕ ਨੇ ਇਸ ਦੀ ਜ਼ਰੂਰਤ ਨਹੀਂ ਸਮਝੀ। ਇਹ ਤੈਅ ਹੈ ਕਿ ਜਾਤ ਆਧਾਰਤ ਗਣਨਾ ਕਰਵਾਉਣ ਦੇ ਫ਼ੈਸਲੇ 'ਤੇ ਜਿੱਥੇ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਇਸ ਦਾ ਸਿਹਰਾ ਲੈਣਗੀਆਂ, ਥੇ ਹੀ ਭਾਜਪਾ ਇਸ ਨੂੰ ਸਮਾਜਿਕ ਨਿਆਂ ਕੇਂਦਰਿਤ ਆਪਣੀ ਪਹਿਲਕਦਮੀ ਦੱਸੇਗੀ। ਸਵਾਲ ਇਹ ਹੈ ਕਿ ਜਾਤ ਆਧਾਰਤ ਗਣਨਾ ਸਮਾਜਿਕ ਨਿਆਂ ਵਿਚ ਮਦਦਗਾਰ ਬਣੇਗੀ ਜਾਂ ਫਿਰ ਜਾਤੀਵਾਦੀ ਸਿਆਸਤ ਦੇ ਨਵੇਂ ਸਿਰਿ ਂ ਬੂਹੇ ਖੋਲ੍ਹੇਗੀ?

ਇਹ ਬਹੁਤ ਕੁਝ ਇਸ 'ਤੇ ਨਿਰਭਰ ਕਰੇਗਾ ਕਿ ਜਾਤ ਆਧਾਰਤ ਗਣਨਾ ਦੇ ਅੰਕੜਿਆਂ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਜਾਤ-ਪਾਤ ਕਿਉਂਕਿ ਭਾਰਤੀ ਸਿਆਸਤ ਦੀ ਇਕ ਹਕੀਕਤ ਹੈ, ਇਸ ਲਈ ਸਿਧਾਂਤਕ ਤੌਰ 'ਤੇ ਇਹੀ ਵਾਜਬ ਹੈ ਕਿ ਜਦ ਸਮਾਜ ਭਲਾਈ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਮੌਕੇ ਜਾਤਾਂ ਇਕ ਆਧਾਰ ਬਣਦੀਆਂ ਹਨ ਤਦ ਫਿਰ ਇਸ ਦੇ ਸਪਸ਼ਟ ਅੰਕੜੇ ਹੋਣੇ ਹੀ ਚਾਹੀਦੇ ਹਨ ਕਿ ਕਿਸ ਜਾਤ ਦੇ ਕਿੰਨੇ ਲੋਕ ਹਨ ਤੇ ਉਨ੍ਹਾਂ ਦੀ ਸਮਾਜਿਕ-ਆਰਥਿਕ ਹਾਲਤ ਕੀ ਹੈ। ਹਾਲੇ ਤੱਕ ਅਨੁਸੂਚਿਤ ਜਾਤੀਆਂ-ਜਨਜਾਤੀਆਂ ਦੀ ਤਾਂ ਗਿਣਤੀ ਹੁੰਦੀ ਰਹੀ ਹੈ ਪਰ ਹੋਰ ਪੱਛੜਾ ਵਰਗ ਯਾਨੀ ਬੀਸੀ ਦੀ ਨਹੀਂ। ਹੁਣ ਸਾਰੀਆਂ ਜਾਤਾਂ ਦੀ ਗਿਣਤੀ ਹੋਵੇਗੀ।

ਇਹ ਗਿਣਤੀ ਮੁਸਲਿਮ, ਈਸਾਈ ਤੇ ਹੋਰ ਭਾਈਚਾਰਿਆਂ ਵਿਚ ਵੀ ਹੋਣੀ ਚਾਹੀਦੀ ਹੈ ਕਿਉਂਕਿ ਕੋਈ ਦਾਅਵਾ ਕੁਝ ਵੀ ਕਰੇ, ਜਾਤ-ਪਾਤ ਅਤੇ ਉਸ ਦੇ ਆਧਾਰ 'ਤੇ ਪੱਖਪਾਤ ਸਭ ਜਗ੍ਹਾ ਹੁੰਦਾ ਹੈ। ਇਸ ਤੋਂ ਵੀ ਜ਼ਿਆਦਾ ਜ਼ਰੂਰੀ, ਬਲਕਿ ਲਾਜ਼ਮੀ ਇਹ ਹੈ ਕਿ ਜਾਤ ਆਧਾਰਤ ਗਣਨਾ ਜਾਤੀਵਾਦ ਦੀ ਰਾਜਨੀਤੀ ਦਾ ਹਥਿਆਰ ਨਾ ਬਣੇ ਅਤੇ ਉਹ ਭਾਰਤੀ ਸਮਾਜ ਨੂੰ ਪਾਟੋਧਾੜ ਨਾ ਕਰ ਸਕੇ। ਇਸ ਅੰਦੇਸ਼ੇ ਨੂੰ ਦੂਰ ਕਰਨ ਦੇ ਕੁਝ ਠੋਸ ਉਪਾਅ ਹੋਣੇ ਹੀ ਚਾਹੀਦੇ ਹਨ ਕਿ ਜਾਤ ਆਧਾਰਤ ਗਣਨਾ ਜਾਤਾਂ 'ਚ ਪਾੜਾ ਵਧਾਉਣ ਦਾ ਕਾਰਨ ਨਾ ਬਣ ਸਕੇ।

ਇਹ ਕਿਸੇ ਤੋਂ ਲੁਕਿਆ ਨਹੀਂ ਕਿ ਕਈ ਪਾਰਟੀਆਂ ਖੁੱਲ੍ਹੇਆਮ ਜਾਤ-ਪਾਤ ਆਧਾਰਤ ਸਿਆਸਤ ਖੇਡਦੀਆਂ ਹਨ। ਉਹ ਕੁਝ ਜਾਤਾਂ ਦੀ ਅਗਵਾਈ ਕਰਨ ਲਈ ਜਾਣੀਆਂ ਹੀ ਨਹੀਂ ਜਾਂਦੀਆਂ ਬਲਕਿ ਅਜਿਹਾ ਦਾਅਵਾ ਵੀ ਕਰਦੀਆਂ ਹਨ। ਇਸ ਤੋਂ ਬਿਹਤਰ ਹੋਰ ਕੁਝ ਨਹੀਂ ਕਿ ਜਾਤ ਆਧਾਰਤ ਗਣਨਾ ਲਤਾੜਿਆਂ-ਪੱਛੜਿਆਂ ਦੇ ਉੱਥਾਨ 'ਚ ਮਦਦਗਾਰ ਬਣੇ ਪਰ ਜੇ ਉਹ ਪਾਟੋਧਾੜ ਨੂੰ ਹੱਲਾਸ਼ੇਰੀ ਦਿੰਦੀ ਹੈ ਤੇ ਦੇਸ਼ ਦੀ ਇਕਜੁੱਟਤਾ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇਸ ਤੋਂ ਮੰਦਭਾਗਾ ਹੋਰ ਕੁਝ ਨਹੀਂ ਹੋਵੇਗਾ।

# ਮਨ ਦੀ ਸ਼ੁੱਧਤਾ ਸਾਡੇ ਲਈ ਹੁੰਦੀ ਹੈ ਬਹੁਤ ਅਹਿਮ

ਜੀਵਨ ਵਿਚ ਸੁੱਖ ਦੀ ਭਾਲ ਹਰ ਵਿਅਕਤੀ ਕਰਦਾ ਹੈ ਪਰ ਸੁੱਖ ਦਾ ਸਰੋਤ ਕਿੱਥੇ ਹੈ, ਇਹ ਸਮਝਣ ਵਿਚ ਉਹ ਅਕਸਰ ਭਟਕ ਜਾਂਦਾ ਹੈ। ਇਸੇ ਸੰਦਰਭ ਵਿਚ ਇਕ ਸਾਧਕ ਜੰਗਲ ਵਿਚ ਇਕ ਸੰਤ ਕੋਲ ਪਹੁੰਚਿਆ। ਉਸ ਦਾ ਇਕਮਾਤਰ ਟੀਚਾ ਸੀ ਸੱਚੇ ਸੁੱਖ ਦਾ ਅਹਿਸਾਸ ਪ੍ਰਾਪਤ ਕਰਨਾ।

ਉਸ ਨੇ ਸੰਤ ਨੂੰ ਕਿਹਾ, ''ਮਹਾਰਾਜ, ਮੈਨੂੰ ਉਹ ਗਿਆਨ ਦਿਉ ਜੋ ਮੈਨੂੰ ਸਦਾ ਲਈ ਖ਼ੁਸ਼ ਰੱਖੇ।'' ਸੰਤ ਨੇ ਮੁਸਕਰਾਉਂਦਿਆਂ ਕਿਹਾ, ''ਪਹਿਲਾਂ ਨਦੀ ਤੋਂ ਮੇਰੇ ਲਈ ਸਾਫ਼ ਪਾਣੀ ਲਿਆ ।'' ਸਾਧਕ ਉਤਸ਼ਾਹ ਨਾਲ ਇਕ ਮਟਕਾ ਲੈ ਕੇ ਨਦੀ ਕੋਲ ਗਿਆ ਅਤੇ ਪਾਣੀ ਭਰ ਲਿਆਇਆ। ਜਦੋਂ ਸੰਤ ਨੇ ਮਟਕੇ ਨੂੰ ਦੇਖਿਆ, ਤਾਂ ਕਿਹਾ, ''ਇਹ ਪਾਣੀ ਗੰਦਾ ਹੈ, ਫਿਰ ਤੋਂ ਲਿਆਓ।'' ਸਾਧਕ ਨੇ ਫਿਰ ਕੋਸ਼ਿਸ਼ ਕੀਤੀ ਪਰ ਹਰ ਵਾਰ ਸੰਤ ਨੇ ਪਾਣੀ ਨੂੰ ਗੰਦਗੀ ਵਾਲਾ ਦੱਸ ਕੇ ਵਾਪਸ ਕਰ ਦਿੱਤਾ।

ਕਈ ਵਾਰੀ ਅਸਫਲ ਹੋਣ ਤੋਂ ਬਾਅਦ ਸਾਧਕ ਥੱਕ ਗਿਆ ਅਤੇ ਬੋਲਿਆ, ''ਮਹਾਰਾਜ, ਨਦੀ ਦਾ ਪਾਣੀ ਹੀ ਅਜਿਹਾ ਹੈ, ਮੈਂ ਕੀ ਕਰਾਂ?'' ਸੰਤ ਨੇ ਸ਼ਾਂਤੀ ਨਾਲ ਜਵਾਬ ਦਿੱਤਾ, ''ਤੁਸੀਂ ਮਟਕੇ ਦੇ ਅੰਦਰ ਦੇਖਿਆ? ਉਸ ਨੂੰ ਸਾਫ਼ ਕੀਤਾ? ਗੰਦਗੀ ਨਦੀ ਵਿਚ ਨਹੀਂ, ਮਟਕੇ ਵਿਚ ਹੈ, ਇਸ 'ਤੇ ਤੁਹਾਡਾ ਧਿਆਨ ਹੀ ਨਹੀਂ ਗਿਆ।''

ਇਹ ਸੁਣ ਕੇ ਸਾਧਕ ਨੂੰ ਆਪਣੀ ਗ਼ਲਤੀ ਦਾਅਹਿਸਾਸ ਹੋਇਆ। ਸੰਤ ਨੇ ਸਮਝਾਇਆ, ''ਸੁੱਖ ਨੂੰ ਸੱਦਾ ਦੇ ਕੇ ਨਹੀਂ ਬੁਲਾਇਆ ਜਾ ਸਕਦਾ। ਸੁੱਖ ਨਦੀ ਦੀ ਤਰ੍ਹਾਂ ਵਗਦੀ ਨਿਰਮਲ ਧਾਰਾ ਹੈ। ਕਿਸੇ ਵੀ ਵਸਤੂ ਵਿਚ ਸੁੱਖ ਮਿਲ ਸਕਦਾ ਹੈ। ਜਦ ਤੱਕ ਮਨ ਵਿਚ ਲੋਭ, ਕਰੋਧ, ਨਫ਼ਰਤ ਵਰਗੇ ਵਿਕਾਰ ਹਨ, ਸੁੱਖ ਦਾ ਅਹਿਸਾਸ ਨਹੀਂ ਹੋ ਸਕਦਾ। ਇਸ ਲਈ ਸਾਡੇ ਆਪਣੇ ਮਨ ਰੂਪੀ ਭਾਂਡਾ ਸਾਫ਼ ਹੋਣਾ ਚਾਹੀਦਾ ਹੈ।''

ਦਰਅਸਲ, ਸੁੱਖ ਬਾਹਰਲੇ ਸਾਧਨਾਂ ਵਿਚ ਨਹੀਂ ਸਗੋਂ ਆਤਮ-ਸ਼ੁੱਧਤਾ ਵਿਚ ਹੈ। ਮਨ ਨੂੰ ਵਿਕਾਰਾਂ ਤੋਂ ਮੁਕਤ ਕਰਨਾ ਤੇ ਆਪਣੇ ਲਈ ਇਕ ਟੀਚਾ ਨਿਰਧਾਰਤ ਕਰ ਲੈਣਾ ਸੱਚੇ ਸੁੱਖ ਦਾ ਆਧਾਰ ਹੈ। ਧਿਆਨ, ਸਤਿਸੰਗ, ਹਾਂ-ਪੱਖੀ ਚਿੰਤਨ ਅਤੇ ਆਤਮ-ਨਿਰੀਖਣ ਇਸ ਸ਼ੁੱਧਤਾ ਦੇ ਪ੍ਰਭਾਵਸ਼ਾਲੀ ਉਪਾਅ ਹਨ। ਜਦੋਂ ਮਨ ਸ਼ੁੱਧ ਹੁੰਦਾ ਹੈ ਤਾਂ ਸੁੱਖ ਆਪਣੇ-ਆਪ ਹੀ ਪ੍ਰਗਟ ਹੁੰਦਾ ਹੈ। ਜਦੋਂ ਮਨ ਸ਼ੁੱਧ ਹੋ ਜਾਂਦਾ ਹੈ ਤਾਂ ਪਰਮਾਤਮਾ ਆਪੇ ਹੀ ਹਿਰਦੇ ਵਿਚ ਵਸਣ ਲੱਗਦਾ ਹੈ। ਇਹ ਚਿੱਤ ਦੀ ਉਹ ਅਵਸਥਾ ਹੈ ਜਿਸ ਨੂੰ ਪ੍ਰਾਪਤ ਕਰ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ, ਤਰਕ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ।

**-ਟਵਿੰਕਲ ਤੋਮਰ ਸਿੰਘ**

# ਅਮਰੀਕਾ ਛੱਡਣ ਵਾਲੇ ਨਾਜਾਇਜ਼ ਪਰਵਾਸੀਆਂ ਨੂੰ ਦੇਵਾਂਗੇ 1000 ਡਾਲਰ

ਵਾਸ਼ਿੰਗਟਨ- ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਉਨ੍ਹਾਂ ਪਰਵਾਸੀਆਂ ਨੂੰ 1,000 ਡਾਲਰ ਦੀ ਰਕਮ ਦੇਣਗੇ, ਜੋ ਆਪਣੇ ਆਪ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ। ਇਹ ਐਲਾਨ ਉਸ ਸਮੇਂ ਆਇਆ ਹੈ ਜਦੋਂ ਪ੍ਰਸ਼ਾਸਨ ਸਮੂਹਿਕ ਨਿਕਾਸੀ ਦੇ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ। ਹੋਮਲੈਂਡ ਸੁਰੱਖਿਆ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਯਾਤਰਾ ਸਹਾਇਤਾ ਲਈ ਵੀ ਭੁਗਤਾਨ ਕਰ ਰਿਹਾ ਹੈ ਅਤੇ ਜੋ ਲੋਕ ਸੀਬੀਪੀ ਹੋਮ ਐਪ ਦੀ ਵਰਤੋਂ ਕਰਕੇ ਸਰਕਾਰ ਨੂੰ ਦੱਸਦੇ ਹਨ ਕਿ ਉਹ ਘਰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਗ੍ਰਿਫਤਾਰੀ ਅਤੇ ਨਿਕਾਸੀ ਲਈ ਤਰਜੀਹ ਸੂਚੀ ਤੋਂ ਹਟਾ ਦਿੱਤਾ ਜਾਵੇਗਾ। ਜੇਕਰ ਤੁਸੀਂ ਇੱਥੇ ਗੈਰ-ਕਾਨੂੰਨੀ ਤਰੀਕੇ ਨਾਲ ਹੋ, ਤਾਂ ਸਵੈ ਇੱਛਾ ਨਿਕਾਸੀ ਗ੍ਰਿ-ਫਤਾਰੀ ਤੋਂ ਬਚਣ ਅਤੇ ਅਮਰੀਕਾ ਛੱਡਣ ਦਾ ਸਭ ਤੋਂ ਵਧੀਆ, ਸੁਰੱਖਿਅਤ ਅਤੇ ਸਸਤਾ ਤਰੀਕਾ ਹੈ। ਡੀਐੱਚਐੱਸ ਹੁਣ ਸੀਬੀਪੀ ਹੋਮ ਐਪ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਦੇਸ਼ੀਆਂ ਨੂੰ ਵਿੱਤੀ ਯਾਤਰਾ ਸਹਾਇਤਾ ਅਤੇ ਉਨ੍ਹਾਂ ਦੇ ਮੂਲ ਦੇਸ਼ ਵਾਪਸ ਜਾਣ ਲਈ ਵਜ਼ੀਫਾ ਦੇ ਰਿਹਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਇਨਫੋਰਸਮੈਂਟ ਅਤੇ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਪਰਵਾਸੀਆਂ ਦੇ ਸਮੂਹਿਕ ਨਿਕਾਸੀ ਨੂੰ ਆਪਣੇ ਮੁਹਿੰਮ ਦਾ ਮੁੱਖ ਬਿੰਦੂ ਬਣਾਇਆ ਹੈ, ਪਰ ਇਹ ਇਕ ਮਹਿੰਗਾ ਅਤੇ ਸਾਧਨ-ਗਹਿਰਾ ਯਤਨ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਹਾਲੀਵੁੱਡ ਨੂੰ ਬਚਾਉਣ ਲਈ ਵਿਦੇਸ਼ਾਂ ਵਿਚ ਬਣੀਆਂ ਫਿਲਮਾਂ 'ਤੇ ਟੈਰਿਫ ਲਗਾ ਦਿੱਤਾ ਹੈ। ਉਨ੍ਹਾਂ ਨੇ ਐਤਵਾਰ ਨੂੰ ਅਮਰੀਕਾ ਤੋਂ ਬਾਹਰ ਬਣੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤੀ ਅਤੇ ਕਿਹਾ ਕਿ ਦੂਜੇ ਦੇਸ਼ਾਂ ਵੱਲੋਂ ਫਿਲਮ ਨਿਰਮਾਤਾਵਾਂ ਨੂੰ ਉਤਸ਼ਾਹਿਤ ਕਰਨ ਨਾਲ ਅਮਰੀਕੀ ਫਿਲਮ ਉਦਯੋਗ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ।

ਟਰੰਪ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਕਿਹਾ, 'ਅਮਰੀਕਾ 'ਚ ਫਿਲਮ ਉਦਯੋਗ ਬਹੁਤ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਦੂਜੇ ਦੇਸ਼ ਫਿਲਮ ਨਿਰਮਾਤਾਵਾਂ ਅਤੇ ਸਟੂਡੀ ਜ਼ ਨੂੰ ਅਮਰੀਕਾ ਤੋਂ ਦੂਰ ਕਰਨ ਲਈ ਹਰ ਤਰ੍ਹਾਂ ਨਾਲ ਉਤਸ਼ਾਹਿਤ ਕਰ ਰਹੇ ਹਨ।' ਉਨ੍ਹਾਂ ਕਿਹਾ, 'ਇਹ ਦੂਜੇ ਦੇਸ਼ਾਂ ਵੱਲੋਂ ਕੀਤੀ ਜਾ ਰਹੀ ਇਕ ਸਾਂਝੀ ਕੋਸ਼ਿਸ਼ ਹੈ, ਇਸ ਲਈ ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ।'

ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਵਪਾਰ ਵਿਭਾਗ ਸਮੇਤ ਸਬੰਧਤ ਅਮਰੀਕੀ ਏਜੰਸੀਆਂ ਨੂੰ ਵਿਦੇਸ਼ਾਂ ਵਿਚ ਬਣੀਆਂ ਸਾਰੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨ ਲਈ ਅਧਿਕਾਰਤ ਕੀਤਾ ਹੈ। ਉਨ੍ਹਾਂ ਕਿਹਾ, 'ਅਸੀਂ ਫਿਰ ਤੋਂ 'ਮੇਡ ਇਨ ਅਮੇਰਿਕਾ' ਫਿਲਮਾਂ ਚਾਹੁੰਦੇ ਹਾਂ।' ਟਰੰਪ ਦੇ ਇਸ ਐਲਾਨ ਤੋਂ ਬਾਅਦ ਵਾਲਟ ਡਿਜ਼ਨੀ, ਵਾਰਨਰ ਬ੍ਰਦਰਜ਼ ਡਿਸਕਵਰੀ ਅਤੇ ਪੈਰਾਮਾਊਂਟ ਗਲੋਬਲ ਸਮੇਤ ਕਈ ਵੱਡੀਆਂ ਮੀਡੀਆ ਕੰਪਨੀਆਂ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ।

# ਟਰੰਪ ਦੀਆਂ ਨੀਤੀਆਂ ਅਤੇ ਪਰਮਾਣੂ ਹਥਿਆਰ



ਮੋਹਨ ਸਿੰਘ (ਡਾ.)

ਟਰੰਪ ਦੀਆਂ ਅਰਾਜਕ ਨੀਤੀਆਂ ਨਾਲ ਸੰਸਾਰ ਅੰਦਰ ਵੱਖ-ਵੱਖ ਦੇਸ਼ਾਂ ਵੱਲੋਂ ਆਪੋ-ਆਪਣੀ ਰੱਖਿਆ ਲਈ ਹਥਿਆਰਾਂ ਦੀ ਦੌੜ ਤੇਜ਼ ਹੋ ਗਈ ਹੈ। ਰੂਸ ਤੇ ਅਮਰੀਕਾ ਵਿਚਕਾਰ ਠੰਢੀ ਜੰਗ ਸਮੇਂ ਸੰਸਾਰ ਅੰਦਰ ਵੱਖ-ਵੱਖ ਮੌਕਿਆਂ ’ਤੇ ਤੀਜੀ ਸੰਸਾਰ ਜੰਗ ਦਾ ਖ਼ਤਰਾ ਮੰਡਰਾਉਂਦਾ ਰਿਹਾ ਹੈ ਅਤੇ ਇਸ ਸਮੇਂ ਜੰਗ ਦੇ ਪਰਮਾਣੂ ਜੰਗ ਵਿੱਚ ਵਟਣ ਦੇ ਖ਼ਦਸ਼ੇ ਪੈਦਾ ਹੁੰਦੇ ਰਹੇ ਅਤੇ ਇਸ ਸਾਮਰਾਜੀ ਤੇ ਪਰਮਾਣੂ ਜੰਗ ਵਿਰੁੱਧ ਕੌਮੀ ਮੁਕਤੀ ਲਹਿਰ ਤੇ ਸ਼ਾਂਤੀ ਲਹਿਰ ਵੀ ਨਾਲ-ਨਾਲ ਚਲਦੀ ਰਹੀ। ਸੰਸਾਰ ਤਾਕਤਾਂ ਵਿਚਕਾਰ ਪਰਮਾਣੂ ਜੰਗ ਤੇ ਪਰਮਾਣੂ ਹਥਿਆਰਾਂ ਦੇ ਪਸਾਰ ਵਿਰੁੱਧ ਕਈ ਸੰਧੀਆਂ-ਸਮਝੌਤੇ ਵੀ ਹੁੰਦੇ ਰਹੇ। ਪਰਮਾਣੂ ਹਥਿਆਰਾਂ ਦੀ ਰੋਕ ਅਤੇ ਪਰਮਾਣੂ ਹਥਿਆਰਾਂ ਦੇ ਪਸਾਰ ਵਿਰੋਧੀ ਸੰਧੀਆਂ ਵਿੱਚ ਯੂਐੱਨ ਦਾ ਅਹਿਮ ਰੋਲ ਰਿਹਾ।

ਯੂਐੱਨ ਦਾ ਕੌਮਾਂਤਰੀ ਮਸਲਿਆਂ ਵਿੱਚ ਸਾਲਸੀ ਵਾਲਾ ਰੋਲ ਰਹਿਣ ਕਰ ਕੇ ਇਸ ਨੇ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਅਤੇ ਪਰਮਾਣੂ ਤਕਨਾਲੋਜੀ ਦਾ ਫੈਲਾਅ ਰੋਕਣ, ਪਰਮਾਣੂ ਊਰਜਾ ਦੇ ਸ਼ਾਂਤੀਪੂਰਨ ਉਪਯੋਗ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਪਰਮਾਣੂ ਹਥਿਆਰ ਰਹਿਤ ਸੰਸਾਰ ਸਿਰਜਣ ਦੇ ਟੀਚਿਆਂ ਨੂੰ ਅੱਗੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ। ਯੂਐੱਨ ਦੀ ਵਿਚੋਲਗਿਰੀ ਕਾਰਨ ਦੁਨੀਆ ਅੰਦਰ ਪਰਮਾਣੂ ਅ-ਪ੍ਰਸਾਰ ਸੰਧੀ (ਐੱਨਪੀਟੀ) ਹੋਂਦ ਵਿੱਚ ਆਈ ਜੋ 1968 ਵਿੱਚ ਅਪਣਾਇਆ ਗਈ ਅਤੇ 1970 ਵਿੱਚ ਲਾਗੂ ਕੀਤੀ ਗਈ। ਇਸ ਪਰਮਾਣੂ ਅ-ਪਸਾਰ ਸੰਧੀ ਨੂੰ ਪੰਜ ਪਰਮਾਣੂ ਦੇਸ਼ਾਂ ਨੂੰ ਛੱਡ ਕੇ ਵਿਸ਼ਵ ਵਿਆਪੀ ਪਰਮਾਣੂ ਹਥਿਆਰ ਰਹਿਤ ਸੰਸਾਰ ਪ੍ਰਬੰਧ ਦਾ ਆਧਾਰ ਮੰਨਿਆ ਜਾਂਦਾ ਰਿਹਾ। ਪਰਮਾਣੂ ਸ਼ਕਤੀ ਵਾਲੇ ਦੇਸ਼ਾਂ ਨੂੰ ਇਸ ਤਕਨਾਲੋਜੀ ਨੂੰ ਗੈਰ-ਪਰਮਾਣੂ ਸ਼ਕਤੀ ਵਾਲੇ ਦੇਸ਼ਾਂ ਨੂੰ ਮੁਹੱਈਆ ਨਾ ਕਰਨ ਲਈ ਸਹਿਮਤ ਹੋਣਾ ਪਿਆ ਅਤੇ ਦੁਨੀਆ ਅੰਦਰ ਪੰਜ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਵਾਲੇ ਦੇਸ਼ਾਂ ਦੇ ਤੌਰ ’ਤੇ ਮਾਨਤਾ ਹਾਸਲ ਹੋਈ। ਇਨ੍ਹਾਂ ਪੰਜ ਦੇਸ਼ਾਂ ਦੀ ਪਰਮਾਣੂ ਹਥਿਆਰਾਂ ਉੱਤੇ ਇਜਾਰੇਦਾਰੀ ਹੋਣ ਨਾਲ ਬਾਕੀ ਦੇਸ਼ਾਂ ਨੂੰ ਗੈਰ-ਪਰਮਾਣੂ ਦੇਸ਼ ਮੰਨਿਆ ਗਿਆ ਅਤੇ ਯੂਐੱਨ ਦੇ ਨਿਸ਼ਸਤਰੀਕਰਨ ਪ੍ਰੋਗਰਾਮ ਦੀ ਨੀਤੀ ਬਾਕੀ ਸਾਰੇ ਦੇਸ਼ਾਂ ਨੂੰ ਸਖ਼ਤ ਅਤੇ ਪ੍ਰਭਾਵਸ਼ਾਲੀ ਕੌਮਾਂਤਰੀ ਕੰਟਰੋਲ ਅਧੀਨ ਰੱਖਿਆ ਗਿਆ। ਯੂਐੱਨ ਦੀ ਦੇਖ-ਰੇਖ ਵਿੱਚ ਕੌਮਾਂਤੀ ਪਰਮਾਣੂ ਊਰਜਾ ਏਜੰਸੀ ਅਤੇ ਇਸ ਪਰਮਾਣੂ ਅ-ਪਸਾਰ ਸੰਧੀ ਨੂੰ ਸਾਰੀਆਂ ਧਿਰਾਂ ਨੂੰ ਭੇਦਭਾਵ ਤੋਂ ਬਿਨਾਂ ਸ਼ਾਂਤੀਪੂਰਨ ਉਦੇਸ਼ਾਂ ਲਈ ਪਰਮਾਣੂ ਊਰਜਾ ਵਿਕਸਤ ਅਤੇ ਵਰਤੋਂ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੰਦੀ ਸੀ।

ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਪਰਮਾਣੂ ਸੁਰੱਖਿਆ ਪ੍ਰਣਾਲੀ ਰਾਹੀਂ ਸੰਧੀ ਦੀ ਪਾਲਣਾ ਦੀ ਪੁਸ਼ਟੀ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਰਹੀ ਹੈ ਜਿਸ ਵਿੱਚ ਪਰਮਾਣੂ ਪ੍ਰੋਗਰਾਮਾਂ ਦਾ ਨਿਰੀਖਣ ਸ਼ਾਮਲ ਹੁੰਦਾ ਸੀ। ਪਰਮਾਣੂ ਅ-ਪਸਾਰ ਸੰਧੀ 1995 ਵਿੱਚ ਅਣਮਿੱਥੇ ਸਮੇਂ ਲਈ ਅੱਗੇ ਵਧਾਈ ਗਈ ਸੀ। ਕੌਮ-ਾਂਤਰੀ ਊਰਜਾ ਏਜੰਸੀ ਸਾਰੇ ਦੇਸ਼ਾਂ ਦੇ ਪਰਮਾਣੂ ਪ੍ਰੋਗਰਾਮਾਂ ਦੀ ਨਿਗਰਾਨੀ ਲਈ ਬਣਾਈ ਗਈ ਸੀ ਪਰ ਇਸ ਪ੍ਰਣਾਲੀ ਉੱਤੇ ਠੀਕ ਢੰਗ ਨਾਲ ਅਮਲ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ।

ਸੰਖੇਪ ਵਿੱਚ, ਪਰਮਾਣੂ ਅ-ਪਸਾਰ ਸੰਧੀ ਹਥਿਆਰਾਂ ਦੇ ਫੈਲਾ ਨੂੰ ਰੋਕਣ ਅਤੇ ਪਰਮਾਣੂ ਨਿਸ਼ਸਤਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਕੌਮਾਂਤਰੀ ਸੰਧੀ ਰਹੀ ਹੈ ਪਰ ਇਸ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ।



ਠੰਢੀ ਜੰਗ ਦੇ ਖ਼ਾਤਮੇ ਅ ਤ ਸੋਵੀਅਤ ਸੰਘ ਦੇ ਖਿ-ੰਡਾਅ ਬਾਅਦ ਦੁਨੀਆ ਦੇ ਹਾਲਾਤ ਹੋਰ ਵੀ ਬਦਲ ਗਏ ਅਤੇ ਕੌਮ-ਾਂਤਰੀ ਸੰਸਥਾਵਾਂ ਦੀ ਉਲੰਘਣਾ ਤੇਜ਼ ਹੋ ਗਈ। ਅਮਰੀਕੀ ਸਾਮਰ-ਾਜਵਾਦ ਦੇ ਬਾਕੀ ਸਾਮਰਾਜੀ ਦੇਸ਼ਾਂ ਨਾਲੋਂ ਬਹੁਤ ਹਾਵੀ ਹੋਣ ਕਰ ਕੇ ਅਫ਼ਗਾਨਿਸਤਾਨ, ਇਰਾਕ, ਸੀਰੀਆ ਆਦਿ ਦੇਸ਼ਾਂ ਉਤੇ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਨਾਲ ਨਜਿੱਠਣ ਲਈ ਯੂਐੱਨ ਬੁਰੀ ਤਰ੍ਹਾਂ ਫੇਲ੍ਹ ਹੋ ਗਈ। ਹੁਣ ਟਰੰਪ ਦੇ ਉਭਾਰ ਨਾਲ ਸੰਸਾਰ ਹਾਲਾਤ ਹੋਰ ਬਦਲ ਰਹੇ ਹਨ। ਟਰੰਪ ਨੇ ਆਪਣੇ ਮਨਮਾਨੇ ਕਾਰ-ਜਕਾਰੀ ਹੁਕਮ ਜਾਰੀ ਕਰ ਕੇ ਫਾਸ਼ੀਵਾਦੀ ਰੁਖ਼ ਅਖ਼ਤਿਆਰ ਕਰ ਲਿਆ ਹੈ। ਟਰੰਪ ਨੇ ਕੌਮਾਂਤਰੀ ਸੰਸਥਾਵਾਂ ਅਤੇ ਸੰਧੀਆਂ ਵਿੱਚੋਂ ਮਨਮਾਨੇ ਢੰਗ ਨਾਲ ਬਾਹਰ ਆਉਣ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦਾ ਅਮਲ ਚਲਾ ਦਿੱਤਾ ਹੈ। ਅਮਰੀਕਾ ਨੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੁਨੀਆ ਭਰ ਅੰਦਰ ਬਹੁਤ ਸਾਰੇ ਫੌਜੀ ਅਤੇ ਪਰਮਾਣੂ ਅੱਡੇ ਬਣਾਏ ਹੋਏ ਹਨ। ਇਸ ਨੇ ਸੋਵੀਅਤ ਯੂਨੀਅਨ ਨੂੰ ਮਾਤ ਦੇਣ ਲਈ ਨਾਟੋ ਗੁੱਟ ਬਣ-ਾਇਆ ਸੀ। ਸੋਵੀਅਤ ਯੂਨੀਅਨ ਦੀ ਘੇਰਾਬੰਦੀ ਲਈ ਯੂ-ਐੱਸਏਡ ਏਜੰਸੀ ਵੀ ਬਣਾਈ ਗਈ ਸੀ। ਸੋਵੀਅਤ ਯੂਨੀਅਨ ਖਿੰਡਾ ਮਗਰੋਂ ਹੁਣ ਅਮਰੀਕਾ ਨੂੰ ਇਨ੍ਹਾਂ ਸੰਸਥਾਵਾਂ ਦੀ ਉਸ ਤਰ੍ਹਾਂ ਦੀ ਜ਼ਰੂਰਤ ਨਾ ਰਹਿਣ ਕਾਰਨ ਉਹ ਇਨ੍ਹਾਂ ਦਾ ਬਜਟ ਘਟਾ ਰਿਹਾ ਹੈ। ਇਨ੍ਹਾਂ ਵਿਚੋਂ ਇੱਕ ਪਾਸੇ 86% ਸਕੀਮਾਂ ਦੇ ਫੰਡ ਘਟਾ ਦਿੱਤੇ ਹਨ, ਦੂਜੇ ਪਾਸੇ ਨਾਟੋ ਮੁਲਕਾਂ ਉੱਤੇ ਸਾਰੇ ਮੁਲਕਾਂ ਨੂੰ ਆਪਣੇ ਫ਼ੌਜੀ ਖ਼ਰਚੇ ਵਧਾਉਣ ਲਈ ਦਬਾਅ ਪਾ ਰਿਹਾ ਹੈ। ਉਂਝ, ਆਰਥਿਕ ਸੰਕਟ ਵਿਚ ਫਸੇ ਨਾਟੋ ਮੁਲਕ ਹੁਣ ਤੱਕ ਆਪਣੇ ਰੱਖਿਆ ਖ਼ਰਚੇ ਵਧਾਉਣ ਲਈ ਰਾਜ਼ੀ ਨਹੀਂ ਹੋ ਰਹੇ। ਦੁਨੀਆ ਅੰਦਰ ਲਗਾਤਾਰ ਤਬ-ਦੀਲੀ ਹੋ ਰਹੀ ਹੈ। ਅੱਜ ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਕਰਜ਼ਈ ਦੇਸ਼ ਹੈ ਅਤੇ ਇਸ ਦੇ ਸਿਰ 32 ਖਰਬ ਡਾਲਰ ਤੋਂ ਵੱਧ ਕਰਜ਼ਾ ਹੈ। ਇਸ ਦਾ ਫੌਜੀ ਬਜਟ 988 ਅਰਬ ਡਾਲਰ ਤੋਂ ਉੱਪਰ ਹੈ ਜੋ ਦੁਨੀਆ ਵਿੱਚ ਸਭ ਤੋਂ ਵੱਧ ਹੈ। ਅਮਰੀਕਾ ਦੀ ਆਰਥਿਕ ਹਾਲਤ ਮਾੜੀ ਹੋਣ ਕਰ ਕੇ ਉਸ ਦਾ ਖੋਜ ਅਤੇ ਵਿਕਾਸ ਬਜਟ ਪ੍ਰਭਾਵਿਤ ਹੋ ਰਿਹਾ ਹੈ। ਉਸ ਦੇ ਮੁਕਾਬਲੇ ਖੋਜ ਵਿਕਾਸ ਕਾਰਜਾਂ ਵਿਚ ਚੀਨ ਅੱਗੇ ਵਧ ਰਿਹਾ ਹੈ। ਇਸ ਸਮੇਂ ਦੁਨੀਆ ਅੰਦਰ ਚੀਨ ਅਮਰੀਕਾ ਦਾ ਮੁੱਖ ਚੁਣੌਤੀਕਾਰ ਹੈ, ਇਸ ਕਰ ਕੇ ਅਮਰੀਕਾ ਯੂਰੋਪੀਅਨ ਯੂਨੀਅਨ ਵਿੱਚ ਨਾਟੋ ਦੇ ਫੌਜੀ ਅੱਡਿਆਂ ਦੇ ਖਰਚੇ ਘਟਾਉਣਾ ਚਾਹੁੰਦਾ ਹੈ ਪਰ ਯੂਰੋਪੀਅਨ ਯੂਨ-ੀਅਨ ਨਹੀਂ ਚਾਹੁੰਦੀ ਕਿ ਅਮਰੀਕਾ ਨਾਟੋ ਦਾ ਬਜਟ ਘਟਾਵੇ ਕਿਉਂਕਿ ਸੁਰੱਖਿਆ ਲਈ ਉਸ ਦੀ ਅਮਰੀਕਾ ਉਪਰ ਨਿਰਭਰਤਾ ਹੈ। ਉਧਰ, ਟਰੰਪ ਅਮਰੀਕਾ ਅੰਦਰ ਖਰਚੇ ਘੱਟ ਕਰਨ ਲਈ ਮੁਲਾਜ਼ਮਾਂ ਦੀ ਛਾਂਟੀ ਲਈ ਬਜਟ ਉਪਰ ਕਟੌਤੀ ਕਰ ਰਿਹਾ ਹੈ ਜਿਸ ਦਾ ਵਿਰੋਧ ਹੋ ਰਿਹਾ ਹੈ। ਇਸ ਕਰ ਕੇ ਟਰੰਪ ਵੱਲੋਂ ਟੈਰਿਫ ਵਧਾਉਣ ਰਾਹੀਂ ਖਜ਼ਾਨਾ ਭਰਨ ਅਤੇ ਦਰਾਮਦਾਂ ਘਟਾਉਣ ਲਈ ਕਦਮ ਚੁੱਕੇ ਜਾ ਰਹੇ ਹਨ। ਟਰੰਪ ਮੁਤਾਬਿਕ, ਅਮਰੀਕਾ ਨੂੰ ਟੈਰਿਫਾਂ ਤੋਂ ਘੱਟੋ-ਘੱਟ 2 ਅਰਬ ਡਾਲਰ ਦੀ ਕਮਾਈ ਹੋਵੇਗੀ। ਉਹਦਾ ਤਰਕ ਹੈ ਕਿ ਅਮਰੀਕਾ ਨੇ ਜਦੋਂ ਵੀ ਟੈਰਿਫ ਲਾਏ ਹਨ, ਉਹ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਰਿਹਾ ਹੈ ਪਰ ਉਹ ਭੁੱਲ ਰਿਹਾ ਹੈ ਕਿ ਟੈਰਿਫਾਂ ਦੇ ਵਾਧੇ ਨਾਲ ਮਹਿੰਗਾਈ ਵਧਦੀ ਹੈ ਅਤੇ ਇਨ੍ਹਾਂ ਟੈਰਿਫਾਂ ਨਾਲ ਦੁਨੀਆ ਅੰਦਰ ਹਾਹ-ਾਕਾਰ ਮੱਚ ਗਈ ਹੈ। ਟੈਰਿਫ ਤੋਂ ਇਲਾਵਾ ਅਮਰੀਕਾ ਜੰਗੀ ਤਿਆਰੀਆਂ ਵੀ ਕਰ ਰਿਹਾ ਹੈ। ਟਰੰਪ ਨੇ ਪੈਂਟਾਗਨ ਨੂੰ ਆ-ਧੁਨਿਕ ਹਥਿਆਰ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਮਰੀਕਾ ਵੱਲੋਂ ਨਾਟੋ ਤੋਂ ਪਿਛਾਂਹ ਹਟਣ ਨਾਲ ਚਿਰਾਂ ਤੋਂ ਨਿਸ਼ਸਤਰੀਕਰਨ ਦੀ ਨੀਤੀ ਉੱਤੇ ਚੱਲਣ ਵਾਲਾ ਜਾਪਾਨ ਮਿਲਟਰੀ ਤਿਆਰੀਆਂ ਅਤੇ ਪਰਮਾਣੂ ਬੰਬਾਂ ਦੀ ਦੌੜ ਵਿਚ ਸ਼ਾਮਿਲ ਹੋ ਰਿਹਾ ਹੈ। ਅਮਰੀਕਾ ਤੇ ਇਜ਼ਰਾਈਲ ਪਰਮਾਣੂ ਹਥਿਆਰਾਂ ਨੂੰ ਲੈ ਕੇ ਇਰਾਨ ਨੂੰ ਲਗਾਤਾਰ ਜੰਗੀ ਘੁਰਕੀਆਂ ਦੇ ਰਹੇ ਹਨ। ਪਰਮਾਣੂ ਹਥਿਆਰ ਵਾਲੇ ਮੁਲਕਾਂ ਬਰਤਾ-ਨੀਆ ਅਤੇ ਫਰਾਂਸ ਵੱਲੋਂ ਯੂਰੋਪੀਅਨ ਯੂਨੀਅਨ ਨੂੰ ਪਰਮਾਣੂ ਛਤਰੀ ਦੇਣ ਲਈ ਯੂਰੋਪੀਅਨ ਯੂਨੀਅਨ ਦੀ ਲੰਡਨ ਵਿੱਚ ਮੀਟਿੰਗ ਹੋ ਚੁੱਕੀ ਹੈ। ਟਰੰਪ ਨੇ ਆਪਣੇ ਸਹਿਯੋਗੀ ਰਹੇ ਦੇਸ਼ਾਂ ਨੂੰ ਪਰਮਾਣੂ ਬਦਲ ਦੀ ਹੱਲਾਸ਼ੇਰੀ ਦੇ ਦਿੱਤੀ ਹੈ। ਉਹ ਕੌਮਾਂਤਰੀ ਸੰ-ਸਥਾਵਾਂ- ਯੂਐੱਨ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਸਿਹਤ ਸੰਗਠਨ, ਵਾਤਾਵਰਨ ਸੰਸਥਾਵਾਂ ਆਦਿ ਛੱਡ ਰਿਹਾ ਹੈ ਅਤੇ ਦੁਨੀਆ ਅੰਦਰ ਅਰਾਜਕਤਾ ਦਾ ਬੋਲਬਾਲਾ ਹੋ ਰਿਹਾ ਹੈ।

ਇਉਂ ਟਰੰਪ ਦੇ ਟੈਰਿਫਾਂ ਦੀ ਜੰਗ ਪੂਰੀ ਸੂਰੀ ਫੌਜੀ ਅਤੇ ਪਰਮਾਣੂ ਜੰਗ ਦੀਆਂ ਤਿਆਰੀਆਂ ਵਿੱਚ ਤਬਦੀਲ ਹੋਣ ਦੇ ਖ਼ਤਰੇ ਪੈਦਾ ਹੋ ਰਹੇ ਹਨ। ਚੀਨ ਨੇ ਅਮਰੀਕਾ ਦੀ ਟੈਰਿਫ ਜੰਗ ਦਾ ਮੁਕਾਬਲਾ ਕਰਨ ਲਈ ਖਰਬਾਂ ਡਾਲਰ ਜਮ੍ਹਾਂ ਕੀਤੇ ਹੋਏ ਹਨ ਅਤੇ ਉਹ ਟੈਰਿਫ ਜੰਗ ਲੜਨ ਦੇ ਮੁਕਾਬਲੇ ਦੇ ਦਮਗਜ਼ੇ ਮਾਰ ਰਿਹਾ ਹੈ। ਇਸੇ ਦੌਰਾਨ, ਪਿਛਲੀ ਤਿਮਾਹੀ ਵਿਚ ਚੀਨ ਦੀ ਕੁੱਲ ਘਰੇਲੂ ਪੈਦ-ਾਵਾਰ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ ਪਰ ਅਮਰੀਕਾ ਚੀਨ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੋਣ ਕਰ ਕੇ ਇਸ ਦਾ ਚੀਨ ਦੇ ਅਰਥਚਾਰੇ ’ਤੇ ਮਾੜਾ ਪ੍ਰਭਾਵ ਪਵੇਗਾ; ਇਕੱਲੇ ਚੀਨ ਉਪਰ ਹੀ ਨਹੀਂ ਸਗੋਂ ਇਸ ਦਾ ਸੰਸਾਰ ਅਰਥਚਾਰੇ ਉੱਪਰ ਵੀ ਬੁਰਾ ਪ੍ਰਭਾਵ ਪਵੇਗਾ।

ਇਸ ਦੇ ਨਾਲ ਹੀ ਅਮਰੀਕਾ ਅਤੇ ਇਸ ਦੇ ਭਾਈਵਾਲ ਸਾਮਰਾਜੀ ਦੇਸ਼ਾਂ ਦਾ ਆਪਸੀ ਪਾੜਾ ਬਹੁਤ ਵਧ ਗਿਆ ਹੈ ਅਤੇ ਉਸ ਦੇ ਭਾਈਵਾਲਾਂ ਦੀ ਅਮਰੀਕਾ ਉਪਰ ਨਿਰਭਰਤਾ ਵਧ ਗਈ ਹੈ। ਇਸ ਕਰ ਕੇ ਟਰੰਪ ਨੇ ਆਪਣੇ ਯੂਰੋਪੀਅਨ ਭਾਈਵਾਲਾਂ ਨਾਲ ਪਹਿਲਾਂ ਵਾਲੀ ਬਹੁਪੱਖੀ ਸਮੂਹਿਕ ਸਮਝ ਤਿਆਗ ਦਿੱਤੀ ਹੈ ਅਤੇ ਉਹ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ, ਤਾਈਵਾਨ-ਚੀਨ ਅਤੇ ਹੋਰ ਮਸਲਿਆਂ ਬਾਰੇ ਆਪਣੇ ਭਾਈਵਾਲ ਦੇਸ਼ਾਂ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਟੈਰਿਫ ਲਾਉਣ ਸਮੇਂ ਵੀ ਉਸ ਨੇ ਕਿਸੇ ਦੂਜੇ ਦੇਸ਼ ਦੀ ਪ੍ਰਵਾਹ ਨਹੀਂ ਕੀਤੀ। ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਅੰਦਰ ਬਹੁਸੰਮਤੀ ਹਾਸਲ ਕਰਨ ਨਾਲ ਉਸ ਨੇ ਹੋਰ ਵੀ ਜ਼ਿਆਦਾ ਤਾਕਤਾਂ ਹਾਸਲ ਕਰ ਲਈਆਂ ਹਨ। ਟਰੰਪ ਦੀਆਂ ਨੀਤੀਆਂ ਦੇ ਅਰਾਜਕਤਾਵਾਦੀ ਵਿਹਾਰ ਦੀਆਂ ਦੁਸ਼ਵਾਰੀਆਂ ਦਾ ਕੌੜਾ ਸੁਆਦ ਦੁਨੀਆ ਭਰ ਦੇ ਲੋਕਾਂ ਨੂੰ ਚੱਖਣਾ ਪਵੇਗਾ।

ਜੇ ਟਰੰਪ ਦੀਆਂ ਆਪ ਹੁਦਰੀਆਂ ਨੀਤੀਆਂ ਨੂੰ ਠੱਲ੍ਹ ਨਾ ਪਾਈ ਗਈ ਤਾਂ ਸੰਸਾਰ ਅੰਦਰ ਸ਼ਾਂਤੀ ਅਤੇ ਅਮਨ ਲਈ ਵੱਡਾ ਖਤਰਾ ਖੜ੍ਹਾ ਹੋ ਜਾਵੇਗਾ। ਇਸ ਕਰ ਕੇ ਸੰਸਾਰ ਸ਼ਾਂਤੀ ਅਤੇ ਇਨਕਲਾਬੀ ਤਬਦੀਲੀ ਦੇ ਵਧਾਰੇ ਲਈ ਇਨਕਲਾਬੀ ਤਾਕਤਾਂ ਦਾ ਸਾਮਰਾਜਵਾਦ ਵਿਰੁੱਧ ਸਾਂਝਾ ਮੋਰਚਾ ਉਸਾਰਨ ਦੀ ਫੌਰੀ ਜ਼ਰੂਰਤ ਹੈ।

# ਮਨੁੱਖਤਾ ਦਾ ਸਰਵਨਾਸ਼ ਕਰ ਸਕਦੇ ਨੇ ਪਰਮਾਣੂ ਬੰਬ




ਤਰਲੋਚਨ ਸਿੰਘ ਭੱਟੀ

ਦੂਸਰੇ ਵਿਸ਼ਵ ਯੁੱਧ ਦੌਰਾਨ ਸੰਯੁਕਤ ਰਾਜ ਅਮਰੀਕਾ ਵੱਲੋਂ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਛੇ ਅਗਸਤ 1945 ਤੇ ਨੌਂ ਅਗਸਤ 1945 ਨੂੰ ਦੋ ਐਟਮ ਬੰਬ ਸੁੱਟੇ ਗਏ ਸਨ ਜਿਨ੍ਹਾਂ ਦੁਆਰਾ ਕੀਤੀ ਗਈ ਜਾਨੀ ਅਤੇ ਮਾਲੀ ਤਬਾਹੀ ਨੂੰ ਯਾਦ ਕਰ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ। ਇਨ੍ਹਾਂ ਦੋਹਾਂ ਐਟਮ ਬੰਬਾਂ ਨੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਕਰ ਲਿਆ।

ਇਹ ਪਰਮਾਣੂ ਬੰਬਾਂ ਦੀ ਦੌੜ ਅੱਜ ਵੀ ਜਾਰੀ ਹੈ। ਜਿਸ ਦੇਸ਼ ਕੋਲ ਵਧੇਰੇ ਪਰਮਾਣੂ ਬੰਬ ਹੋਣਗੇ ਉਸ ਦੀ ਦੁਨੀਆ ਵਿਚ ਦਾਦਾਗਿਰੀ ਚੱਲਦੀ ਹੈ। ਅੱਠ ਪ੍ਰਭੁਸੱਤਾ ਸੰਪੰਨ ਦੇਸ਼ਾਂ ਨੇ ਜਨਤਕ ਤੌਰ ’ਤੇ ਪਰਮਾਣੂ ਹਥਿਆਰਾਂ ਦੇ ਸਫਲ ਧਮਾਕੇ ਦਾ ਐਲਾਨ ਕੀਤਾ ਹੈ। ਪਰਮਾਣੂ ਹਥਿਆਰਾਂ ਦੀ ਗ਼ੈਰ-ਪ੍ਰਸਾਰ ਸੰਧੀ (ਐੱਨਪੀਟੀ) ਦੀਆਂ ਸ਼ਰਤਾਂ ਅਧੀਨ ਪੰਜ ਦੇਸ਼ਾਂ-ਸੰਯੁਕਤ ਰਾਜ ਅਮਰੀਕਾ, ਰੂਸ, ਯੂਨਾਈਟਿਡ ਕਿੰਗਡਮ, ਫਰਾਂਸ ਅਤੇ ਚੀਨ ਤੋਂ ਇਲਾਵਾ ਭਾਰਤ, ਉੱਤਰੀ ਕੋਰੀਆ,ਪਾਕਿਸਤਾਨ, ਇਜ਼ਰਾਈਲ, ਇਰਾਕ, ਬੈਲਜੀਅਮ, ਜਰਮਨੀ, ਨੀਦਰਲੈਂਡ, ਇਟਲੀ, ਤੁਰਕੀ, ਬੇਲਾਰੂਸ, ਦੱਖਣੀ ਅਫ਼ਰੀਕਾ ਤੇ ਯੂਕਰੇਨ ਆਦਿ ਕੋਲ ਪਰਮਾਣੂ ਹਥਿਆਰ ਹਨ ਜਾਂ ਉਨ੍ਹਾਂ ਹਥਿਆਰਾਂ ਨੂੰ ਬਣਾਉਣ ਦੀ ਸਮੱਰਥਾ ਹੈ। ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ ਅਨੁਸਾਰ 2025 ਤੱਕ ਦੁਨੀਆ ਵਿਚ ਲਗਪਗ 3904 ਸਰਗਰਮ ਪਰਮਾਣੂ ਹਥਿਆਰ ਅਤੇ ਕੁੱਲ 12331 ਪਰਮਾਣੂ ਹਥਿਆਰ ਹਨ ਜੋ ਲਗਪਗ 9585 ਫ਼ੌਜੀ ਭੰਡਾਰਾਂ ਵਿਚ ਰੱਖੇ ਗਏ ਹਨ। ਲਗਪਗ 3904 ਹਥਿਆਰ ਕਾਰਜਸ਼ੀਲ ਬਲਾਂ ਨਾਲ ਤਾਇਨਾਤ ਹਨ। ਪਰਮਾਣੂ ਯੁੱਗ ਦੀ ਸ਼ੁਰੂਆਤ ਤੋਂ ਲੈ ਕੇ ਪਰਮਾਣੂ ਹਥਿਆਰਾਂ ਵਾਲੇ ਜ਼ਿਆਦਾਤਰ ਦੇਸ਼ਾਂ ਦੇ ਡਲਿਵਰੀ ਢੰਗ ਵੀ ਵਿਕਸਤ ਹੋਏ ਹਨ।

ਅੰਕੜਿਆਂ ਅਨੁਸਾਰ ਵਿਸ਼ਵ ਪੱਧਰ ’ਤੇ ਪਰਮਾਣੂ ਹਥਿਆਰ ਰੂਸ (44%), ਸੰਯੁਕਤ ਰਾਜ ਅਮਰੀਕਾ (43%), ਚੀਨ (5%), ਫਰਾਂਸ (2.35%), ਭਾਰਤ (1.46%), ਪਾਕਿਸਤਾਨ (1.38%), ਇਜ਼ਰਾਈਲ (0.73%), ਉੱਤਰੀ ਕੋਰੀਆ (0.41%) ਆਦਿ ਦੇ ਕੋਲ ਹਨ। ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਫ਼ੈਸਲਾ ਹਮੇਸ਼ਾ ਇਕ ਵਿਅਕਤੀ ਜਾਂ ਲੋਕਾਂ ਦੇ ਛੋਟੇ ਸਮੂਹ ਤੱਕ ਸੀਮਤ ਹੁੰਦਾ ਹੈ।



ਪਰਮਾਣੂ ਹਥਿਆਰਾਂ ਨੂੰ ਚਲਾਉਣ ਦੀ ਆਗਿਆ ਅਕਸਰ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਫ਼ੌਜਾਂ ਦੇ ਸੁਪਰੀਮ ਕਮਾਂਡਰ ਵੱਲੋਂ ਦਿੱਤੀ ਜਾਂਦੀ ਹੈ। ‘ਪਰਮਾਣੂ ਯੁੱਧ’ ਤੋਂ ਭਾਵ ਇਕ ਫ਼ੌਜੀ ਟਕਰਾਅ ਜਾਂ ਤਿਆਰ ਕੀਤੀ ਰਾਜਨੀਤਕ ਰਣਨੀਤੀ ਹੈ ਜੋ ਪਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਦੀ ਹੈ। ਇਹ ਸਮੂਹਿਕ ਵਿਨਾਸ਼ ਦੇ ਹਥਿਆਰ ਹਨ। ਰਵਾਇਤੀ ਯੁੱਧ ਦੇ ਉਲਟ ਪਰਮਾਣੂ ਯੁੱਧ ਬਹੁਤ ਘੱਟ ਸਮੇਂ ਵਿਚ ਬਹੁਤ ਜ਼ਿਆਦਾ ਵਿਨਾਸ਼ ਕਰਦਾ ਹੈ ਅਤੇ ਇਸ ਦਾ ਲੰਬੇ ਸਮੇਂ ਤੱਕ ਚੱਲਣ ਵਾਲਾ ਰੇਡੀ ਲੋਜੀਕਲ ਨਤੀਜਾ ਹੋ ਸਕਦਾ ਹੈ।

ਅੱਜ ਤੱਕ ਹਥਿਆਰਬੰਦ ਟਕਰਾਅ ਵਿਚ ਪਰਮਾਣੂ ਹਥਿਆਰਾਂ ਦੀ ਇੱਕੋ-ਇੱਕ ਵਰਤੋਂ ਅਗਸਤ 1945 ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ ’ਤੇ ਅਮਰੀਕੀ ਪਰਮਾਣੂ ਬੰਬ ਧਮਾਕਿਆਂ ਨਾਲ ਹੋਈ ਸੀ ਜਿਸ ਵਿਚ ਦੋ ਲੱਖ ਤੋਂ ਵਧੇਰੇ ਲੋਕ ਮਾਰੇ ਗਏ ਸਨ। ਦੱਖਣੀ ਅਫ਼ਰੀਕਾ ਨੇ 1980 ਦੇ ਦਹਾਕੇ ਵਿਚ ਪਰਮਾਣੂ ਬੰਬ ਬਣਾਏ ਪਰ 1990 ਦੇ ਦਹਾਕੇ ਵਿਚ ਸਵੈ-ਇੱਛਾ ਨਾਲ ਆਪਣੇ ਘਰੇਲੂ ਤੌਰ ’ਤੇ ਬਣਾਏ ਸਾਰੇ ਪਰਮਾਣੂ ਹਥਿਆਰ ਨਸ਼ਟ ਕਰ ਦਿੱਤੇ ਅਤੇ ਹੋਰ ਪਰਮਾਣੂ ਹਥਿਆਰ ਬਣਾਉਣ ਜਾਂ ਉਤਪਾਦਨ ਕਰਨਾ ਛੱਡ ਦਿੱਤਾ ਜਦਕਿ ਹੋਰ ਪਰਮਾਣੂ ਸੰਪੰਨ ਦੇਸ਼ਾਂ ਨੇ ਵੱਖ-ਵੱਖ ਸਮੇਂ 2000 ਤੋਂ ਵਧੇਰੇ ਮੌਕਿਆਂ ’ਤੇ ਪਰਮਾਣੂ ਹਥਿਆਰਾਂ ਦਾ ਵਿਸਫੋਟ ਕੀਤਾ ਹੈ। ਪਰਮਾਣੂ ਯੁੱਧ ਦੇ ਦ੍ਰਿਸ਼ਾਂ ਨੂੰ ਆਮ ਤੌਰ ’ਤੇ ਦੋ ਸਮੂਹਾਂ ਵਿਚ ਵੰਡਿਆ ਗਿਆ ਹੈ-ਇਕ ਸੀਮਤ ਪਰਮਾਣੂ ਯੁੱਧ ਅਤੇ ਦੂਜਾ ਵੱਡੇ ਪੈਮਾਨੇ ਦਾ ਪਰਮਾਣੂ ਯੁੱਧ। ਪਹਿਲੀ ਦਸੰਬਰ 2006 ਨੂੰ ਅਮਰੀਕਨ ਜਿ ਫਿਜ਼ੀਕਲ ਯੂਨੀਅਨ ਦੀ ਸਾਲਾਨਾ ਮੀਟਿੰਗ ਵਿਚ ਪੇਸ਼ ਕੀਤੇ ਗਏ ਇਕ ਅਧਿਐਨ ਵਿਚ ਦਾਅਵਾ ਕੀਤਾ ਗਿਆ ਕਿ ਇਕ ਛੋਟੇ ਪੈਮਾਨੇ ਦਾ ਖੇਤਰੀ ਪਰਮਾਣੂ ਯੁੱਧ ਦੂਜੇ ਵਿਸ਼ਵ ਯੁੱਧ ਨਾਲੋਂ ਵਧੇਰੀ ਜਾਨੀ ਤੇ ਮਾਲੀ ਨੁਕਸਾਨ ਕਰ ਸਕਦਾ ਹੈ ਅਤੇ ਵਿਸ਼ਵ ਜਲਵਾਯੂ ਨੂੰ ਵਿਗਾੜ ਸਕਦਾ ਹੈ।

ਇਸ ਤੋਂ ਇਲਾਵਾ ਇਕ ਦੁਰਘਟਨਾ ਪੂਰਨ ਪਰਮਾਣੂ ਯੁੱਧ ਦੌਰਾਨ ਸੀਮਤ ਜਾਂ ਵੱਡੇ ਪੈਮਾਨੇ ’ਤੇ ਪਰਮਾਣੂ ਅਦਾਨ-ਪ੍ਰਦਾਨ ਹੋ ਸਕਦਾ ਹੈ ਜਿਸ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਅਣਜਾਣੇ ਵਿਚ ਸ਼ੁਰੂ ਹੋ ਸਕਦੀ ਹੈ।

ਇਸ ਮਾਹੌਲ ਵਿਚ ਨਿਰਧਾਰਤ ਢਾਂਚਿਆਂ ਵਿਚ ਸ਼ੁਰੂਆਤੀ ਚੇਤਾਵਨੀ ਯੰਤਰਾਂ ਵਿਚ ਖ਼ਰਾਬੀ ਜਾਂ ਕੰਪਿਊਟਰਾਂ ਨੂੰ ਨਿਸ਼ਾਨਾ ਬਣਾਉਣਾ, ਠੱਗ ਫ਼ੌਜੀ ਕਮਾਂਡਰਾਂ ਦੁਆਰਾ ਜਾਣਬੁੱਝ ਕੇ ਗ਼ਲਤੀ, ਦੁਸ਼ਮਣ ਦੇ ਹਵਾਈ ਖੇਤਰ ’ਚ ਜੰਗੀ ਜਹਾਜ਼ਾਂ ਦੇ ਗ਼ਲਤੀ ਨਾਲ ਭਟਕਣ ਦੇ ਨਤੀਜੇ, ਤਣਾਅਪੂਰਨ ਕੂਟਨੀਤਕ ਸਮੇਂ ਦੌਰਾਨ ਅਣ-ਐਲਾਨੇ ਮਿਜ਼ਾਈਲ ਪ੍ਰੀਖਣ ਦੇ ਪ੍ਰਤੀਕਰਮ, ਫ਼ੌਜੀ ਅਭਿਆਸਾਂ ਦਾ ਪ੍ਰਤੀਕਰਮ, ਗ਼ਲਤ ਅਨੁਵਾਦ ਕੀਤੇ ਜਾਂ ਗ਼ਲਤ ਸੰਚਾਰਿਤ ਸੰਦੇਸ਼ ਕਾਰਨ ਹੋ ਸਕਦੇ ਹਨ। ਪਰਮਾਣੂ ਹਥਿਆਰਾਂ ਦੀ ਰਣਨੀਤਕ ਵਰਤੋਂ ਦਾ ਇਕ ਹੋਰ ਪਹਿਲੂ ਸਮੁੰਦਰ ਵਿਚ ਸਤ੍ਹਾ ਅਤੇ ਪਣਡੁੱਬੀਆਂ ਵਿਰੁੱਧ ਵਰਤੋਂ ਲਈ ਤਾਇਨਾਤ ਕੀਤੇ ਗਏ ਪਰਮਾਣੂ ਹਥਿਆਰ ਹਨ। ਅਜਿਹੀ ਤਾਇਨਾਤੀ ਵਿਚ ਕੀਤੀ ਗਈ ਗ਼ਲਤੀ ਵੱਡੇ ਪਰਮਾਣੂ ਯੁੱਧ ਦਾ ਰੂਪ ਧਾਰਨ ਕਰ ਸਕਦੀ ਹੈ।

ਗ਼ੈਰ-ਸਰਕਾਰੀ ਤਨਜ਼ੀਮਾਂ ਦੁਆਰਾ ਪਰਮਾਣੂ ਅੱਤਵਾਦ ਵੀ ਪਰਮਾਣੂ ਯੁੱਧ ਦਾ ਕਾਰਨ ਬਣ ਸਕਦਾ ਹੈ। ਪਰਮਾਣੂ ਯੁੱਧ ਦੇ ਵਿਕਲਪਾਂ ਵਿਚ ਪਰਮਾਣੂ ਰੋਕਥਾਮ,

**(ਬਾਕੀ ਸਫਾ 8 ‘ਤੇ)**

# ਚਲੋ ਡੁਬਈ ਚੱਲੀਏ -2



ਅਲ-ਮਖਤਾਊਮ ਹੌਸਪਿਟਲ ਸਟ੍ਰੀਟ



ਅਲ ਮਕਾਨ ਮਾਰਕੀਟ


ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਡੁਬਈ


ਬੁਰਜ ਅਲ ਅਰਬ 7 ਸਟਾਰ ਹੋਟਲ


ਗੋਲਡ ਮਾਰਕੀਟ, ਸਾਊਕ (Gold Market, Souk)


ਦੁਬਈ ਮਾਲ (Dubai Mall)

ਅਸੀਂ ਡੁਬਈ ਦੇ ਹੋਟਲ ਹਿਲਟਨ ਗਾਰਡਨ 'ਚ ਰਾਤੀ 8.30 ਕੁ ਵਜੇ ਜਦੋਂ ਪਹੁੰਚੇ ਤੇ ਉਥੇ ਰਾਤ ਦੇ ਖਾਣੇ ਵਾਸਤੇ ਕਈ ਟੇਬਲ ਲੋਕਾਂ ਨਾਲ ਭਰੇ ਪਏ ਸਨ ਤੇ ਅਸੀਂ ਦੋਵਾਂ ਨੇ ਸਮਾਨ ਕਮਰੇ 'ਚ ਰੱਖ ਕੇ ਪਹਿਲਾਂ ਕੁਝ ਖਾਣ ਵਾਸਤੇ ਇਕ ਟੇਬਲ ਮੱਲ ਲਿਆ ਤੇ ਇਸ ਹੋਟਲ ਦਾ ਖਾਣਾ ਤੁਸੀਂ ਆਪਣੀ ਮਰਜ਼ੀ ਦਾ, ਜਿਸ ਮਰਜ਼ੀ ਥਾਂ ਤੋਂ ਪਾ ਕੇ ਪਲੇਟ 'ਚ ਲਿਜਾ ਕੇ ਖਾ ਸਕਦੇ ਹੋ।

ਸਾਡਾ ਹੋਟਲ ਅਬੂ ਬਕਰ ਅਲ ਸਦੀਕੀ ਰੋਡ ਡੁਬਈ ਵਾਲਾ ਸੀ, ਜਦਕਿ ਡੁਬਈ 'ਚ ਹੋਰ ਵੀ ਹਿਲਟਨ ਹੋਟਲ ਹਨ, ਭਾਵੇਂ ਵੱਖਰੇ-ਵੱਖਰੇ ਨਾਵਾਂ ਨਾਲ ਹਨ।

ਮਾਰਚ 5, 2025 ਨੂੰ ਅਸੀਂ ਸਵੇਰੇ ਉੱਠ ਕੇ ਸਵੇਰ ਦਾ ਨਾਸ਼ਤਾ ਕੀਤਾ ਤਾਂ ਕਿ ਬਾਹਰ ਜਾ ਕੇ ਕੁਝ ਹੋਰ ਖਾਣ ਦੀ ਤਮੰਨਾ ਜਾ ਜਾਗੇ ਕਿਉਂ ਜੋ ਉਹ ਦਿਨ ਰੋਜ਼ਿਆਂ ਦੇ ਸਨ, ਮੁਸਲਿਮ ਧਰਮ ਦੇ ਰੋਜ਼ੇ ਸ਼ੁਰੂ ਹੋ ਗਏ ਸਨ। ਅਸੀਂ ਪਹਿਲੇ ਦਿਨ ਹੀ ਟੈਕਸੀ ਕੀਤੀ ਤੇ ਸਭ ਤੋਂ ਪਹਿਲਾਂ ''ਗੁਰਦੁਆਰਾ ਗੁਰੂ ਨਾਨਕ ਦਰਬਾਰ'' ਡੁਬਈ 'ਚ ਵੇਖਣ ਲਈ ਚੱਲ ਪਏ, ਸਾਨੂੰ 30 ਕੁ ਮਿੰਟ ਲੱਗੇ, ਉਥੇ ਪਹੁੰਚਣ ਵਾਸਤੇ। ਗੁਰੂ ਘਰ ਜਾ ਕੇ ਨਤਮਸਤਕ ਹੋਏ ਤੇ ਪ੍ਰਸ਼ਾਦਿ ਲੈ ਕੇ ਬੈਠ ਗਏ। ਇਹ ਉਹੀ ਗੁਰੂ ਘਰ ਹੈ ਜੋ ਡੁਬਈ ਦੇ ਰਾਜੇ ਨੇ ਸਿੱਖਾਂ ਨੂੰ ਗੁਰੂ ਘਰ ਬਣਾਉਣ ਵਾਸਤੇ ਦਿੱਤੀ ਜਗ੍ਹਾ 'ਚ ਹੈ।

ਉਥੇ ਦੇ ਰਾਜੇ (ਸ਼ੇਖ ਮੁਹੰਮਦ ਬਿਨ ਰਸ਼ੀਦ ਅਲ-ਮਕਤਓਕ) ਨੇ ਗੁਰੂ ਘਰ, ਮੰਦਰ ਤੇ ਗਿਰਜਾ ਘਰ ਬਣਾਉਣ ਨੂੰ ਇਕੱਠਿਆਂ ਇਕੋ ਜਗ੍ਹਾ ਸਭ ਨੂੰ ਧਾਰਮਿਕ ਸਥਾਨ ਬਣਾਉਣ ਲਈ ਜਗ੍ਹਾ ਦਿੱਤੀ ਹੋਈ ਹੈ। ਇਹ ਮੁਸਲਿਮ ਦੇਸ਼ 'ਚ ਬਹੁਤ ਹੀ ਵਡਿਆਈ ਵਾਲੀ ਗੱਲ ਹੈ।

ਗੁਰੂ ਘਰ ਮੱਥਾ ਟੇਕ ਕੇ ਜਦੋਂ ਅਸੀਂ ਕੁਝ ਦੇਰ ਬੈਠ ਕੇ ਇਕ ਫੋਟੋ ਖਿੱਚਣ ਲੱਗੇ ਅੰਦਰ ਦਰਬਾਰ ਸਾਹਿਬ ਦੀ ਤਾਂ ਉਥੇ ਪ੍ਰਸ਼ਾਦਿ ਵਰਤਾਉਣ ਵਾਲੇ ਸਿੰਘ ਨੇ ਮੈਨੂੰ ਫੋਟੋ ਖਿੱਚਣ ਤੋਂ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਲੋਕ ਗੁਰੂ ਸਾਹਿਬ ਵੱਲ ਪਿੱਠ ਕਰ ਲੈਂਦੇ ਹਨ। ਮੈਂ ਕਿਹਾ ਸਰਦਾਰ ਜੀ ਅਸੀਂ ਤਾਂ ਸਿੱਖਾਂ ਦੇ ਘਰ ਹੀ ਪੈਦਾ ਹੋਏ ਹਾਂ, ਸਾਨੂੰ ਸਾਡੇ ਧਰਮ ਦੀ ਇੱਜਤ ਕਰਨ ਬਾਰੇ ਤਾ ਘੱਟੋ-ਘੱਟ ਪਤਾ ਹੀ ਹੈ।

ਖੈਰ, ਅਸੀਂ ਦੂਸਰੀ ਮੰਜ਼ਿਲ ਤੋਂ ਹੇਠਾਂ ਆ ਕੇ ਦਫਤਰ ਜਾ ਕੇ ਗੁਰੂ ਘਰ ਦੇ ਸਕੱਤਰ ਕੋਲ ਇਤਰਾਜ਼ ਕੀਤਾ ਕਿ ਤੁਹਾਡੇ ਗਿਆਨੀਆਂ ਨੂੰ ਕੁਝ ਹੋਰ ਧਰਮ ਦੇ ਰੀਤੀ-ਰਿਵਾਜ਼ ਸਿੱਖਣ ਦੀ ਲੋੜ ਹੈ ਕਿਉਂਕਿ ਉਹ ਫੋਟੋ ਖਿੱਚਣ ਤੋਂ ਹਰ ਇਕ ਨੂੰ ਮਨ੍ਹਾ ਕਰਦੇ ਹਨ। ਉਹ ਸਕੱਤਰ ਸਾਹਿਬ ਕਹਿੰਦੇ ਭਾਈ ਸਾਹਿਬ ਮੈਂ ਪਤਾ ਕਰਦਾ ਹਾਂ ਕਿਸਨੇ ਤੁਹਾਨੂੰ ਇਉਂ ਰੋਕਿਆ। ਮੈਂ ਕਿਹਾ ਭਾਈ ਸਾਹਿਬ ਦੂਸਰੀ ਕੌਮ ਦੇ ਕਿਸੇ ਭਰਾ-ਭੈਣ ਨੇ ਅਗਰ ਫੋਟੋ ਖਿੱਚਣ ਵੇਲੇ ਖਿਆਲ ਨਹੀਂ ਰੱਖਿਆ, ਇਸ ਨਾਲ ਤੁਸੀਂ ਹਰ ਇਕ ਨੂੰ ਕਿਉਂ ਰੋਕ ਰਹੇ ਹੋ। ਖੈਰ, ਅਸੀਂ ਬਹਿਸ 'ਚ ਨਾ ਪੈ ਕੇ ਸ਼ਹਿਰ ਦੀਆਂ ਦੂਜੀਆਂ ਥਾਵਾਂ ਵੇਖਣ ਲਈ ਚੱਲ ਪਏ।


ਬਲਬੀਰ ਸਿੰਘ ਐਮ. ਏ.

ਉਥੋਂ ਅਸੀਂ ਡੁਬਈ ਮਾਲ ਆਏ, ਜਿੱਥੇ ਹਰ ਇਕ ਇੰਨੀ ਮਹਿੰਗੀ ਹੈ ਕਿ ਸ਼ਾਇਦ ਉਥੇ ਦੇ ਸ਼ੇਖ ਹੀ ਲੈ ਸਕਦੇ ਹੋਣ ਪਰ ਫਿਰ ਵੀ ਸਾਰੇ ਪਾਸੇ ਚੱਕਰ ਲਾ ਕੇ ਵਾਪਸ ਆ ਗਏ, ਉਸ ਜਗ੍ਹਾ ਨੂੰ ਵੈਸੇ ਡੇਇਰਾ ਡੁਬਈ ਮਾਲ DEIRA DUBAI MALਕਹਿੰਦੇ ਹਨ। ਦੂਸਰੇ ਦਿਨ ਦੀ ਸ਼ੁਰੂਆਤ ਅਸੀਂ ਬੁਰਜ਼ ਖਲੀਫਾ ਵੇਖਣ ਤੋਂ ਕੀਤੀ, ਜਿਸ ਨੂੰ ਹੁਣ ਦੁਨੀਆਂ ਦੀ ਸਭ ਤੋਂ ਉਚੀ ਇਮਾਰਤ ਕਿਹਾ ਜਾਂਦਾ ਹੈ। ਇਸਦੀ ਉਚਾਈ 829.8 ਮੀਟਰ ਯਾਨਿਕਿ 2722 ਫੁੱਟ ਉੱਚਾ ਹੈ। ਜਾਂ ਇਉਂ ਕਹਿ ਲਓ ਕਿ ਅੱਧਾ ਮੀਲ ਤੋਂ ਜ਼ਿਆਦਾ ਹੈ। ਬੁਰਜ਼ ਖਲੀਫਾ 2004 'ਚ ਬਣਨਾ ਸ਼ੁਰੂ ਹੋਇਆ ਤੇ 2010 'ਚ ਉਹ ਬਣ ਕੇ ਤਿਆਰ ਹੋ ਗਿਆ ਤੇ ਇਸਦੀ ਲਾਗਤ 1.5 ਬਿਲੀਅਨ (ਡੇਢ ਖਰਬ ਡਾਲਰ) ਹੈ।

ਉਥੋਂ ਅਸੀਂ ਡੁਬਈ ਮਰੀਨਾਂ ਵੀ ਘੁੰਮਣ ਗਏ ਤੇ ਉਸੇ ਦਿਨ ਹੀ ਅਸੀਂ ਪਾਮ ਜੁਮੈਇਰਾ ਵੀ ਵੇਖਣ ਗਏ, ਜਿੱਥੇ ਵੱਖ-ਵੱਖ ਕੰਪਨੀਆਂ ਦੀਆਂ ਕੱਪੜਿਆਂ ਦੀਆਂ ਦੁਕਾਨਾਂ, ਐਨਟੀਕ ਪੀਸੀਜ਼ ਦੀਆਂ ਦੁਕਾਨਾਂ ਤੇ ਖਾਣ-ਪੀਣ ਦੀਆਂ ਦੁਕਾਨਾਂ ਹਨ।

ਉਥੇ ਸਾਹਮਣੇ ਹੀ ਪਾਣੀ ਵਿਚ ਪੱਥਰ, ਮਿੱਟੀ ਪਾ ਕੇ ਨਕਲੀ ਜ਼ਮੀਨ ਬਣਾ ਕੇ ਉਸ ਉੱਪਰ ਹੋਟਲ ਬੁਰਜ ਅਲ ਅਰਬ ਬਣਾਇਆ ਗਿਆ ਹੈ, ਜੋ ਸੱਤ ਸਿਤਾਰਾ ਹੋਟਲ ਵੱਲੋਂ ਮਸ਼ਹੂਰ ਹੈ। ਡੁਬਈ ਦੇ ਇਹ ਸਾਰੇ ਹੀ ਨਜ਼ਾਰੇ ਵੇਖਣ ਲਈ ਤੁਹਾਡੇ ਕੋਲ ਸਮਾਂ ਚਾਹੀਦਾ ਹੈ। ਮੈਂ ਹੈਰਾਨ ਹਾਂ ਕਿ 1940-65 'ਚ ਜਦੋਂ ਸਾਡੇ ਵਡੇਰੇ ਭਰਾ, ਮਾਪੇ ਉਧਰ ਰੁਖ ਕਰ ਰਹੇ ਸਨ ਤਾਂ ਇਕੋ ਗੱਲ ਦਾ ਪਤਾ ਸੀ ਕਿ ਗਰਮੀ ਬਹੁਤ ਹੁੰਦੀ ਹੈ। ਕਹਿਣਾ ਮੁਸ਼ਕਿਲ ਹੈ ਪਰ ਹੁਣ ਦੁਨੀਆਂ ਦਾ ਸਭ ਤੋਂ ਵਧੀਆ ਤੇ ਸਸਤਾ ਹੀ ਟੂਰਿਸਟ ਥਾਂ ਹੈ, ਜਿੱਥੇ ਹਰ ਦੇਸ਼ ਦਾ ਵਿਅਕਤੀ ਘੁੰਮ ਰਿਹਾ ਹੈ। ਲੋਕ ਥਾਈਲੈਂਡ, ਸਿੰਗਾਪੁਰ, ਮਲੇਸ਼ੀਆ ਛੱਡ ਕੇ ਹੁਣ ਡੁਬਈ ਜਾਂਦੇ ਹਨ ਕਿਉਂਕਿ ਵੀਜ਼ਾ ਇਕ ਮਹੀਨੇ ਦਾ ਤਾਂ ਏਅਰਪੋਰਟ 'ਤੇ ਹੀ ਮਿਲ ਜਾਂਦਾ ਹੈ। ਇਕ ਹੋਰ ਖਾਸ ਗੱਲ, ਜਦੋਂ ਤੁਸੀਂ ਡੁਬਈ ਏਅਰਪੋਰਟ ਤੇ ਇੰਮੀਗ੍ਰੇਸ਼ਨ ਕੋਲ ਜਾਂਦੇ ਹੋ ਤਾਂ ਤੁਹਾਨੂੰ ਉਹ ਪਾਸਪੋਰਟ 'ਚ ਡੁਬਈ ਵਿਚ ਰਹਿ ਕੇ ਫੋਨ ਕਰਨ ਜਾਂ ਫੋਨ 'ਚ ਕੁਝ ਵੀ ਲੱਭਣ-ਲਭਾਉਣ ਲਈ ਇਕ ਚਿੱਪ ਦਿੰਦੇ ਹਨ ਜੋ ਬਿਲਕੁਲ ਮੁਫਤ ਹੈ। ਇਹ ਪਹਿਲੀ ਵਾਰ ਕਿਸੇ ਯਾਤਰੀ ਜੋ ਡੁਬਈ ਵੇਖਣ ਆਉਂਦਾ ਹੈ, ਜਦੋਂ ਉਸ ਨੂੰ ਮਿਲ ਜਾਵੇ ਤਾਂ ਉਸ ਨੂੰ ਕਿਧਰੇ ਫੋਨ ਕਰਨ ਲਈ ਕੁਝ ਖਰਚ ਕਰਨ ਦੀ ਲੋੜ ਨਹੀਂ। ਅਗਲੇ ਦਿਨ ਸਾਡਾ ਚੌਥਾ ਦਿਨ ਸੀ ਤੇ ਅਸੀਂ ਸਵੇਰੇ-ਸਵੇਰੇ ਖਾ-ਪੀ ਕੇ ਬਾਹਰ ਟੈਕਸੀ ਲੈ ਕੇ ਗਲੋਬਲ ਵਿਲੇਜ਼, ਡੇਇਰਾ ਗੋਲਸੂਕ, ਗੋਲਡ ਮਾਰਕੀਟ ਤੇ ਆਉਟ ਮਾਰਕੀਟ, ਜਿੱਥੇ ਇਤਰ ਦੀਆਂ ਦੁਕਾਨਾਂ ਹੀ ਦੁਕਾਨਾਂ ਹਨ, ਵੱਲ ਨਿਕਲ ਗਏ। ਉਥੋਂ ਅਸੀਂ ਵੱਖ-ਵੱਖ ਖੁਸ਼ਬੂ ਵਾਲਾ ਤੇਲ ਯਾਨਿ ਕਿ ਅਤਰ-ਫਲੇਲ ਖਰੀਦਿਆ ਤੇ ਸੋਨੇ ਦੀ ਦੁਕਾਨਾਂ ਦੀ ਉਸ ਗਲੀ 'ਚ ਘੁੰਮੇ, ਜਿੱਥੇ ਪੂਰਾ ਸਰੀਰ ਢਕਣ ਲਈ ਸੋਨੇ ਦੇ ਕਵਚ ਵਰਗੇ ਬਣੇ ਪਏ ਸਨ ਪਰ ਸੋਨੇ ਦੇ 22 ਕੈਰੇਟ ਦੇ ਗਹਿਣਿਆਂ ਦੇ ਤਿਆਰ ਕੀਤੇ ਮੁੰਦਰੀਆਂ-ਛਾਪਾਂ ਜਾਂ ਹੋਰ ਬਹੁਤ ਕਿਸਮ ਦੇ ਮਿਲ ਜਾਂਦੇ ਹਨ ਪਰ ਮੁੰਦਰੀਆਂ ਤੇ 22 ਦੀ ਬਜਾਏ 21 ਕੈਰੇਟ ਲਿਖਿਆ ਹੁੰਦਾ ਹੈ। ਜਦੋਂ ਤੁਹਾਡਾ ਵੀ ਚੱਕਰ ਲੱਗੇ ਵੇਖ ਕੇ ਪਰਖ ਕੇ ਲੈਣਾ, 22 ਕੈਰੇਟ ਦਾ ਸਮਝ ਕੇ ਨਾ ਲੈਣਾ। ਦਿਨ ਸਾਰਾ ਹੀ ਉਥੇ ਲੰਘ ਗਿਆ। ਸ਼ਾਮੀ ਥੱਕ ਕੇ ਘਰ ਆਏ, ਰੋਟੀ ਖਾ ਕੇ ਫਿਰ ਤਿਆਰ ਦਿੱਲੀ ਜਾਣ ਵਾਲੀ ਫਲਾਈਟ ਵੱਲ, ਜਿੱਥੋਂ ਅਸੀਂ 4 ਦਿਨ ਦੀ ਡੁਬਈ ਦੀ ਯਾਤਰਾ ਮੁਕਾ, ਦਿੱਲੀ ਵਾਸਤੇ ਏਅਰਪੋਰਟ ਵੱਲ ਚੱਲ ਪਏ। ਜੋ ਸੋਨੇ ਤੇ ਟੈਕਸ ਲੱਗਦਾ ਹੈ, ਜੋ ਤੁਸੀਂ ਖਰੀਦਦੇ ਹੋ, ਉਹ ਏਅਰਪੋਰਟ ਤੇ ਇਕ ਦਫਤਰ 'ਚ ਖਰੀਦ ਵਾਲੀ ਪਰਚੀ ਵਿਖਾ ਦਿਓ, ਤਕਰੀਬਨ ਇਕ ਮੁੰਦਰੀ ਪਿੱਛੇ 25 ਕੁ ਡਾਲਰ ਵਾਪਸ ਮੁੜ ਆਉਂਦੇ ਹਨ ਕਿਉਂਕਿ ਸੋਨਾ ਬਾਹਰ ਲਿਜਾਣ ਤੇ ਕੋਈ ਟੈਕਸ ਨਹੀਂ, ਰਾਤੀ 4 ਕੁ ਵਜੇ ਦੀ ਫਲਾਈਟ ਰਾਹੀਂ ਅਸੀਂ ਮਾਰਚ 8 ਨੂੰ ਸਵੇਰੇ-ਸਵੇਰੇ ਦਿੱਲੀ ਪਹੁੰਚ ਗਏ।

ਡੁਬਈ 'ਚ ਕੋਈ ਚੋਰੀ ਨਹੀਂ ਹੁੰਦੀ, ਲੋਕ ਆਰਾਮ ਨਾਲ ਚਲਦੇ ਹਨ, ਕੋਈ ਹਫੜਾ-ਦਫੜੀ ਨਹੀਂ। ਜੇ ਐਕਸੀਡੈਂਟ ਹੋ ਜਾਵੇ ਤਾਂ ਸਮਝੋ ਤੁਹਾਡੀ ਰੋਟੀ-ਰੋਜ਼ੀ ਗਈ, 45 ਮਹੀਨੇ ਤੁਹਾਨੂੰ ਘਰ ਬੈਠਣਾ ਪੈਂਦਾ ਹੈ, ਜੁਰਮਾਨਾ ਬਹੁਤ ਹੁੰਦਾ ਹੈ, ਕਈ ਵਾਰ ਉਹ ਦੇਸ਼ ਨਿਕਾਲਾ ਵੀ ਦੇ ਦਿੰਦੇ ਹਨ।

ਅਸੀਂ 4 ਦਿਨਾਂ 'ਚ ਕੋਈ ਐਕਸੀਡੈਂਟ ਨਹੀਂ ਵੇਖਿਆ, ਟੈਕਸੀਆਂ ਵਾਲਿਆਂ 'ਚ ਕੇਰਲਾ (ਇੰਡੀਆ), ਬਲੋਚ (ਪਾਕਿਸਤਾਨ) ਤੇ ਸਰਗੋਧਾ ਪਾਕਿਸਤਾਨ ਪੰਜਾਬ ਤੋਂ ਲੜਕਾ ਮਿਲੇ, ਜਿਹਨਾਂ ਨੇ ਤਿੰਨ ਦਿਨਾਂ 'ਚ ਸਾਨੂੰ ਸਾਰਾ ਡੁਬਈ ਘੁੰਮਾ ਦਿੱਤਾ। ਡੁਬਈ ਨੂੰ ਅਸੀਂ ਸਾਫ-ਸੁਥਰਾ ਤੇ ਸੋਹਣਾ ਵੇਖ ਕੇ ਆਏ ਹਾਂ ਤੇ ਇਸ ਗੱਲੋਂ ਡੁਬਈ ਦੇ ਲੋਕਾਂ ਦਾ ਤੇ ਸਰਕਾਰ ਦਾ ਬਹੁਤ ਧੰਨਵਾਦ ਹੈ। ਸਾਡੇ ਲੋਕ ਵੀ ਆਰਾਮ ਨਾਲ ਜਾਂਦੇ-ਆਉਂਦੇ ਹਨ ਤੇ ਕੰਮ ਕਰਕੇ ਰੋਜ਼ੀ-ਰੋਟੀ ਕਮਾ ਰਹੇ ਹਨ। ਪੰਜਾਬ ਪਹੁੰਚ ਕੇ ਅਸੀਂ ਫਿਰ ਜੰਮੂ ਜਾਣ ਦੀ ਤਿਆਰੀ ਕਰਨ ਲਈ ਅਸੀਂ 17 ਮਾਰਚ ਨੂੰ ਤੜਕੇ ਨਵਾਂ ਸ਼ਹਿਰ ਦੁਆਬਾ ਤੋਂ ਜੰਮੂ ਦੀ ਬੱਸ ਫੜ ਕੇ ਜਾਣ ਲੱਗ ਪਏ। **(ਚਲਦਾ)**

# ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ....



ਪੰਜਾਬੀ ਯੂਨੀਵਰਸਿਟੀ ਪਟਿਆਲਾ ਆਪਣੀ ਸਥਾਪਨਾ ਦੀ 63ਵੀਂ ਵਰ੍ਹੇਗੰਢ ਮਨਾ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਸਥਾਪਿਤ ਇਹ ਯੂਨੀਵਰਸਿਟੀ ਆਪਣਾ ਸਥਾਪਨਾ ਦਿਵਸ ਲਗਾਤਾਰ ਦੂਜੀ ਵਾਰ ਪੱਕੇ ਵਾਈਸ ਚਾਂਸਲਰ ਦੀ ਅਣਹੋਂਦ ਵਿਚ ਮਨਾਵੇਗੀ। ਇਸ ਤੋਂ ਸਾਫ਼ ਅੰਦਾਜ਼ਾ ਲੱਗ ਸਕਦਾ ਹੈ ਕਿ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਇਸ ਯੂਨੀਵਰਸਿਟੀ ਪ੍ਰਤੀ ਅਤੇ ਇਸ ਦੇ ਬੜੇ ਹੀ ਮਹੱਤਵਪੂਰਨ ਤੇ ਸਾਰਥਕ ਉਦੇਸ਼ ਲਈ ਕਿੰਨੀ ਕੁ ਸੁਹਿਰਦ ਅਤੇ ਚੇਤਨ ਹੈ। ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਯੂਨੀਵਰਸਿਟੀ ਲਈ ਨਵੇਂ ਵਾਈਸ ਚਾਂਸਲਰ ਦੀ ਨਿਯੁਕਤੀ ਕੀਤੀ ਨਹੀਂ ਗਈ। ਪੰਜਾਬ ਦੀ ਬੌਧਿਕ ਵਿਰਾਸਤ ਨੂੰ ਸੂਝਵਾਨ ਅਤੇ ਵਿਦਵਾਨ ਸ਼ਖ਼ਸੀਅਤਾਂ ਦੇ ਅਣਥੱਕ ਯਤਨਾਂ ਰਾਹੀਂ ਸੰਭਾਲਣ ਅਤੇ ਅੱਗੇ ਲਿਜਾਣ ਵਾਲੀ ਪੰਜਾਬੀ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਣਗਿਣਤ ਹਨ। ਸਾਹਿਤ ਅਤੇ ਕਲਾਵਾਂ ਦੀਆਂ ਵੱਖ-ਵੱਖ ਸਿਨਫ਼ਾਂ ਵਿਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ ਅਤੇ ਪੰਜਾਬੀ ਭਾਸ਼ਾ ਵਿਚ ਵੱਖ-ਵੱਖ ਵਿਸ਼ਿਆਂ ਦੇ ਗਿਆਨ ਦਾ ਵੱਡਾ ਭੰਡਾਰ ਇਸ ਨੇ ਬਣਾਇਆ ਹੈ। ਕਿੰਨੇ ਹੀ ਵਿਸ਼ਾ ਕੋਸ਼, ਸ਼ਬਦ ਕੋਸ਼, ਸੰਦਰਭ ਕੋਸ਼ ਅਤੇ ਵਿਸ਼ਵ ਕੋਸ਼ ਯੂਨੀਵਰਸਿਟੀ ਦੇ ਸੁਘੜ ਵਿਦਵਾਨਾਂ ਨੇ ਪੰਜਾਬੀਆਂ ਦੀ ਝੋਲੀ ਪਾਏ ਹਨ ਅਤੇ ਉਨ੍ਹਾਂ ਨੂੰ ਬੌਧਿਕ ਰੂਪ ਵਿਚ ਅਮੀਰ ਬਣਾਇਆ ਹੈ। ਹਜ਼ਾਰਾਂ ਪੁਸਤਕਾਂ ਅਤੇ ਪੱਤਰਿਕਾਵਾਂ ਦੇ ਪ੍ਰਕਾਸ਼ਨ ਰਾਹੀਂ ਹਰਫ਼ਾਂ ਦੀ ਅਜਿਹੀ ਲੜੀ ਜੋੜੀ ਹੈ ਜਿਸ ਨੇ ਪੰਜਾਬੀ ਸਮਾਜ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਪੰਜਾਬ ਦੇ ਕਿੰਨੇ ਹੀ ਸੁਹਿਰਦ ਵਿਦਵਾਨਾਂ ਨੇ ਆਪਣੀਆਂ ਨਿੱਜੀ ਪੁਸਤਕਾਂ ਦਾ ਭੰਡਾਰ ਪੰਜਾਬੀ ਯੂਨੀਵਰਸਿਟੀ ਨੂੰ ਭੇਂਟ ਕਰ ਕੇ ਤਸੱਲੀ ਕੀਤੀ ਕਿ ਇਹ ਹੁਣ ਮਹਿਫ਼ੂਜ਼ ਰਹੇਗਾ ਤੇ ਅਗਲੇਰੀ ਪੀੜ੍ਹੀ ਦੇ ਕੰਮ ਆਵੇਗਾ। ਪੰਜਾਬੀ ਲੋਕਾਈ ਅਤੇ ਸਮਾਜ ਨੇ ਭਾਸ਼ਾ, ਸਾਹਿਤ ਅਤੇ ਸਭਿਆਚਾਰ ਤੋਂ ਇਲਾਵਾ ਗਿਆਨ ਵਿਗਿਆਨ ਦੇ ਹਰ ਖੇਤਰ ਵਿਚ ਯੂਨੀਵਰਸਿਟੀ ਤੋਂ ਸੇਧ ਹਾਸਿਲ ਕੀਤੀ ਹੈ। ਪੰਜਾਬ ਇਤਿਹਾਸ ਕਾਨਫਰੰਸ, ਕੌਮਾਂਤਰੀ ਪੰਜਾਬੀ ਵਿਕਾਸ ਕਾਨਫਰੰਸ ਅਤੇ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਜਿਹੀਆਂ ਵਕਾਰੀ ਕਾਨਫਰੰਸਾਂ ਦੌਰਾਨ ਹੁੰਦੀ ਵਿਚਾਰ ਚਰਚਾ ਨੇ ਪੰਜਾਬੀ ਬੌਧਿਕਤਾ ਅਤੇ ਸਮਾਜ ਦੇ ਨਕਸ਼ ਘੜਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ।

**ਡਾ. ਨਿਵੇਦਿਤਾ ਸਿੰਘ**

ਪਿਛਲੇ ਵਾਈਸ ਚਾਂਸਲਰ ਦੀ ਨਿਯੁਕਤੀ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਸਰਕਾਰ ਨੇ ਵਾਧੂ ਚਾਰਜ ਉਚੇਰੀ ਸਿੱਖਿਆ ਸਕੱਤਰ ਨੂੰ ਦੇ ਦਿੱਤਾ। ਉਨ੍ਹਾਂ ਕੁਝ ਮਹੀਨੇ ਕਾਰਜ ਨਿਭਾਇਆ ਪਰ ਪ੍ਰਸ਼ਾਸਨਿਕ ਮਸਰੂਫ਼ੀਅਤ ਕਾਰਨ ਯੂਨੀਵਰਸਿਟੀ ਨੂੰ ਬਣਦੀ ਤਵੱਜੋ ਨਾ ਦੇ ਸਕਣ ਅਤੇ ਇਸ ਦੀਆਂ ਅੰਦਰੂਨੀ ਸਮੱਸਿਆਵਾਂ ਨਾ ਸੁਲਝ ਸਕਣ ਕਾਰਨ ਉਨ੍ਹਾਂ ਇਹ ਚਾਰਜ ਛੱਡ ਦਿੱਤਾ ਜਾਂ ਇਸ ਦੀ ਮਿਆਦ ਵਿਚ ਸਰਕਾਰ ਨੇ ਵਾਧਾ ਨਹੀਂ ਕੀਤਾ। ਇਸ ਕਾਰਨ ਯੂਨੀਵਰਸਿਟੀ ਦਾ ਪ੍ਰਬੰਧਕੀ ਕੰਮ-ਕਾਜ ਹੋਰ ਵੀ ਖੜੋਤ ਦੀ ਸਥਿਤੀ ਵਿਚ ਆ ਗਿਆ ਤੇ ਪਛੜਨ ਲੱਗਾ। ਕੁਝ ਮਹੀਨੇ ਇਸੇ ਸਥਿਤੀ ਵਿਚ ਲੰਘੇ ਅਤੇ ਉਚ ਅਧਿਕਾਰੀਆਂ ਨੇ ਡੰਗ ਟਪਾਊ ਢੰਗ ਨਾਲ ਕੰਮ ਚਲਾਇਆ ਪਰ ਇਉਂ ਸਮੱਸਿਅਵਾਂ ਵਿਚ ਹੋਰ ਇਜ਼ਾਫ਼ਾ ਹੋਇਆ। ਅਜਿਹੀ ਸਥਿਤੀ ਵਿਚ ਕੁਲ ਮਿਲਾ ਕੇ ਪੰਜਾਬ ਦੇ ਇੱਕ ਤਿਹਾਈ ਤੋਂ ਵੱਧ ਖੇਤਰਫਲ ਵਿਚ ਵੱਸਦੇ ਉਚੇਰੀ ਸਿੱਖਿਆ ਦੇ ਵਿਦਿਆਰਥੀਆਂ ਦਾ ਅਕਾਦਮਿਕ ਭਵਿੱਖ ਦਾਅ ਉੱਤੇ ਲੱਗ ਗਿਆ। ਉਨ੍ਹਾਂ ਦੀ ਪੜ੍ਹਾਈ ਨਾਲ ਸਬੰਧਿਤ ਅਜਿਹੇ ਕਿੰਨੇ ਹੀ ਕੰਮ ਜੋ ਵਾਈਸ ਚਾਂਸਲਰ ਦੀ ਪੱਧਰ 'ਤੇ ਜਾਂ ਉਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਹੋਣੇ ਹਨ, ਉਹ ਲਟਕ ਗਏ।

ਲਗਭਗ ਦੋ ਮਹੀਨੇ ਪਹਿਲਾਂ ਪੰਜਾਬ ਦੀ ਇੱਕ ਹੋਰ ਵਕਾਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦਾ ਕਾਰਜ ਭਾਰ ਵੀ ਸੌਂਪ ਦਿੱਤਾ ਗਿਆ। ਪਹਿਲਾਂ ਤੋਂ ਹੀ ਇੱਕ ਵੱਡੀ ਯੂਨੀਵਰਸਿਟੀ ਦਾ ਕਾਰਜ ਭਾਰ ਅਤੇ ਦੋਵਾਂ ਯੂਨੀਵਰਸਿਟੀਆਂ ਦਰਮਿਆਨ ਐਨਾ ਫ਼ਾਸਲਾ ਹੋਣਾ, ਇਸ ਸਥਿਤੀ ਵਿਚ ਉਹ ਕਿੰਨਾ ਕੁ ਧਿਆਨ ਅਤੇ ਸਮਾਂ ਪੰਜਾਬੀ ਯੂਨੀਵਰਸਿਟੀ ਨੂੰ ਦੇ ਸਕਦੇ ਹਨ, ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਅਜਿਹੀ ਸਥਿਤੀ ਵਿਚ ਮੁੜ ਜ਼ਿੰਮੇਵਾਰੀ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਮੋਢਿਆਂ 'ਤੇ ਆਣ ਪੈਂਦੀ ਹੈ। ਪ੍ਰਪੱਕਤਾ ਲੀਡਰਸ਼ਿਪ ਦੀ ਅਣਹੋਂਦ ਵਿਚ ਸਹੀ ਅਤੇ ਸਖ਼ਤ ਫ਼ੈਸਲੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ। ਨਤੀਜੇ ਵਲੋਂ ਯੂਨੀਵਰਸਿਟੀ ਦਾ ਕੰਮ-ਕਾਜ ਪ੍ਰਭਾਵਿਤ ਹੁੰਦਾ ਹੈ ਅਤੇ ਪ੍ਰਸ਼ਾਸਨਿਕ ਤੇ ਅਨੁਸ਼ਾਸਨਿਕ ਵਿਵਸਥਾ ਹਿਲਦੀ ਪ੍ਰਤੀਤ ਹੁੰਦੀ ਹੈ।

ਸਵਾਲ ਹੈ ਕਿ ਪੰਜਾਬ ਸਰਕਾਰ ਦੀ ਅਜਿਹੀ ਅਣਗਹਿਲੀ ਪਿੱਛੇ ਕਾਰਨ ਕੀ ਹੈ? ਕੀ ਇਹ ਬੇਧਿਆਨੀ ਹੈ ਜਾਂ ਬੇਰੁਖ਼ੀ? ਦੋਹਾਂ ਹੀ ਸਥਿਤੀਆਂ ਵਿਚ ਇਹ ਸਰਕਾਰ ਦੀ ਨਾਕਾਮੀ ਅਤੇ ਲੋਕਾਂ ਨਾਲ ਕੀਤੇ ਕਰਾਰ ਦੀ ਅਣਦੇਖੀ ਹੈ। ਸਰਕਾਰ ਨੇ ਅਜੇ ਤੱਕ ਯੂਨੀਵਰਸਿਟੀ ਦੀ ਸਭ ਤੋਂ ਉੱਚੀ ਪ੍ਰਬੰਧਕੀ ਕਮੇਟੀ, ਸਿੰਡੀਕੇਟ ਵਿਚ ਵੀ ਆਪਣੇ ਨੁਮਾਇੰਦੇ ਨਹੀਂ ਲਗਾਏ। ਯੂਨੀਵਰਸਿਟੀ ਨੂੰ ਸਰਕਾਰ 30 ਕਰੋੜ ਰੁਪਏ ਮਹੀਨਾ ਵਿਤੀ ਸਹਾਇਤਾ ਦੇ ਰਹੀ ਹੈ। ਪ੍ਰਬੰਧਕੀ ਖੜੋਤ ਕਾਰਨ ਰਾਸ਼ੀ ਸੁਚੱਜੇ ਢੰਗ ਨਾਲ ਖ਼ਰਚ ਕਰਨ ਦੇ ਰਾਹ ਵਿਚ ਕਈ ਅੜਿੱਕੇ ਹਨ। ਯੂਨੀਵਰਸਿਟੀ ਵਿਚ ਇਮਾਰਤਾਂ ਅਤੇ ਉਨ੍ਹਾਂ ਅੰਦਰਲੀਆਂ ਬੁਨਿਆਦੀ ਸਹੂਲਤਾਂ ਖ਼ਸਤਾ ਹਾਲਤ ਵਿਚ ਹਨ। ਹੋਸਟਲਾਂ ਦਾ ਹਾਲ ਕਿਸੇ ਤੋਂ ਗੁੱਝਾ ਨਹੀਂ। ਆਮ ਸਾਫ਼-ਸਫ਼ਾਈ ਅਤੇ ਰੁੱਖਾਂ-ਬੂਟਿਆਂ ਦੀ ਸਜਾਵਟ ਜੋ ਕਦੀ ਯੂਨੀਵਰਸਿਟੀ ਦੀ ਸ਼ਾਨ ਸੀ, ਅੱਜ ਆਪਣੀ ਕਹਾਣੀ ਆਪਣੀ ਜ਼ੁਬਾਨੀ ਬਿਆਨ ਕਰ ਰਹੀ ਹੈ। ਵਿਗੜੀ ਹੋਈ ਇਹ ਬਾਹਰੀ ਦਿੱਖ ਅਸਲ ਵਿਚ ਯੂਨੀਵਰਸਿਟੀ ਦੀ ਅੰਦਰੂਨੀ ਹਾਲਤ ਦਾ ਅਕਸ ਹੈ।

ਸੇਵਾਮੁਕਤ ਹੋ ਰਹੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਸੇਵਾਮੁਕਤੀ ਮਗਰੋਂ ਮਿਲਣ ਵਾਲੇ ਵਿਤੀ ਲਾਭ ਅਤੇ ਪੈਨਸ਼ਨ ਨਹੀਂ ਮਿਲ ਰਹੀ। ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਡਿਗਰੀਆਂ ਨਹੀਂ ਮਿਲ ਰਹੀਆਂ। ਵਿਭਾਗਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਅਕਾਦਮਿਕ ਪ੍ਰੋਗਰਾਮਾਂ ਲਈ ਵਿਤੀ ਸਹਾਇਤਾ ਨਹੀਂ ਮਿਲ ਰਹੀ। ਅਧਿਆਪਕਾਂ ਦੀ ਤਰੱਕੀ ਅਤੇ ਕਰਮਚਾਰੀਆਂ ਦੇ ਅਜਿਹੇ ਕੇਸ ਬਿਲਕੁਲ ਬੰਦ ਹਨ। ਅਜਿਹਾ ਵੱਡਾ ਨੁਕਸਾਨ ਹੋ ਰਿਹਾ ਹੈ ਜਿਸ ਦੀ ਭਰਪਾਈ ਲਈ ਵੀ ਕਾਫ਼ੀ ਸਮਾਂ ਲੱਗ ਜਾਵੇਗਾ ਅਤੇ ਉਹ ਸਮਾਂ ਤੇ ਸਥਿਤੀ ਕਦੋਂ ਆਵੇਗੀ, ਇਸ ਦਾ ਵੀ ਕੋਈ ਅਤਾ-ਪਤਾ ਨਹੀਂ। ਪੰਜਾਬੀ ਭਾਸ਼ਾ ਦੇ ਨਾਮ ਉੱਤੇ ਸਥਾਪਿਤ ਹੋਈ ਪੰਜਾਬੀ ਯੂਨੀਵਰਸਿਟੀ ਵਿਚ ਮੌਜੂਦਾ ਸਮੇਂ ਪੰਜਾਬੀ ਜ਼ਬਾਨ, ਸਾਹਿਤ, ਚਿੰਤਨ, ਸਭਿਆਚਾਰ ਦੇ ਪਸਾਰ ਲਈ ਕੋਈ ਵੀ ਪੱਤਰ/ਪੱਤਰਿਕਾ ਦਾ ਪ੍ਰਕਾਸ਼ਨ ਨਹੀਂ ਹੋ ਰਿਹਾ। ਇਸ ਤੋਂ ਵੱਧ ਤ੍ਰਾਸਦੀਪੂਰਨ ਸਥਿਤੀ ਕੋਈ ਨਹੀਂ ਹੋ ਸਕਦੀ। ਪੁਸਤਕ ਪ੍ਰਕਾਸ਼ਨ ਦਾ ਕਾਰਜ ਵੀ ਠੱਪ ਹੈ, ਕੇਵਲ ਪਹਿਲੀਆਂ ਪ੍ਰਕਾਸ਼ਨਾਵਾਂ ਦਾ ਖ਼ਜ਼ਾਨਾ ਹੀ ਕੁਝ ਬਚਿਆ ਹੈ ਜੋ ਹੌਲੀ-ਹੌਲੀ ਖ਼ਤਮ ਹੀ ਹੋਣਾ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਲਈ ਕੀਤੀਆਂ ਜਾਂਦੀਆਂ ਰਹੀਆਂ ਕਾਨਫਰੰਸਾਂ ਦੀ ਮੁੜ-ਸੁਰਜੀਤੀ ਲੋੜੀਂਦੀ ਹੈ ਜੋ ਪੰਜਾਬੀ ਸਮਾਜ ਲਈ ਨਵੇਂ ਦਿਸਹੱਦੇ ਕਾਇਮ ਕਰਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਰਹੀਆਂ ਹਨ ਤੇ ਨਾਲ ਹੀ ਪੰਜਾਬੀ ਬੁੱਧੀਜੀਵੀਆਂ ਨੂੰ ਇਕੱਠੇ ਹੋਣ ਦਾ ਮੰਚ ਵੀ ਦਿੰਦੀਆਂ ਰਹੀਆਂ ਹਨ। ਯੂਨੀਵਰਸਿਟੀ ਨੂੰ ਮੁੜ ਜੀਵੰਤ ਕਰਨ ਅਤੇ ਲੀਹ ਉੱਤੇ ਪਾਉਣ ਲਈ ਫ਼ੌਰੀ ਤੌਰ ਉੱਤੇ ਸੁਯੋਗ ਵਾਈਸ ਚਾਂਸਲਰ ਦੀ ਪੱਕੀ ਨਿਯੁਕਤੀ ਕਰਨੀ ਬਣਦੀ ਹੈ। ਸਰਕਾਰ ਵਲੋਂ ਕੀਤੀ ਜਾ ਰਹੀ ਦੇਰੀ ਅਨੇਕ ਖ਼ਦਸ਼ੇ ਪੈਦਾ ਕਰ ਰਹੀ ਹੈ। ਇਉਂ ਪੰਜਾਬੀ ਯੂਨੀਵਰਸਿਟੀ ਦੀ ਫ਼ਿਜ਼ਾ ਜੋ ਗਿਆਨ ਅਤੇ ਵਿਚਾਰਾਂ ਦੇ ਨਾਲ-ਨਾਲ ਫੁੱਲਾਂ ਨਾਲ ਮਹਿਕਦੀ ਹੁੰਦੀ ਸੀ, ਹੁਣ ਸਹਿਕ ਰਹੀ ਹੈ। ਨਵੇਂ ਵਿਚਾਰਾਂ ਅਤੇ ਵਿਦਵਾਨਾਂ ਦੇ ਸਵਾਗਤ ਵਿਚ ਬਾਹਾਂ ਉਲਾਰਨ ਦੀ ਥਾਂ ਸਿਮਟੀ ਸੁੰਗੜੀ ਪਈ ਹੈ। ਇੰਨੀ ਅਨਿਸਚਿਤਤਾ ਵਾਲੇ ਕਠਿਨ ਸਮੇਂ ਵਿਚ ਵੀ ਯੂਨੀਵਰਸਿਟੀ ਨੂੰ ਪਿਆਰ ਕਰਨ ਵਾਲੇ ਅਧਿਆਪਕ ਅਤੇ ਕਰਮਚਾਰੀ ਇਸ ਨੂੰ ਕਾਰਜਸ਼ੀਲ ਰੱਖ ਰਹੇ ਹਨ ਜੋ ਉਨ੍ਹਾਂ ਦੀ ਯੂਨੀਵਰਸਿਟੀ ਲਈ ਪ੍ਰਤੀਬੱਧਤਾ ਦਾ ਪ੍ਰਤੀਕ ਹੈ। ਸੰਗੀਤ, ਨਾਟਕ ਅਤੇ ਸਾਹਿਤ ਨਾਲ ਜੁੜੀਆਂ ਗਤੀਵਿਧੀਆਂ ਮੱਠੀ ਚਾਲੇ ਚੱਲਦੀਆਂ ਰਹਿੰਦੀਆਂ ਹਨ। ਯੂਨੀਵਰਸਿਟੀ ਨਾਲ ਜੁੜਿਆ ਹਰ ਕਰਿੰਦਾ, ਇੱਥੋਂ ਦਾ ਹਰ ਬਸ਼ਿੰਦਾ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ ਅਤੇ ਇਸ ਨੂੰ ਲਹਿਲਹਾਉਂਦੀ ਦੇਖਣ ਦਾ ਦਿਲੋਂ ਇੱਛੁਕ ਹੈ। ਹੁਣ ਦੇਖਣਾ ਹੈ ਕਿ ਸਰਕਾਰ ਆਪਣੇ ਫ਼ਰਜ਼ ਦੀ ਅਦਾਇਗੀ ਕਦੋਂ ਕਰਦੀ ਹੈ। ਕਿਸਾਨੀ ਸੰਕਟ ਅਤੇ ਪਰਵਾਸ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਿਹਾ ਪੰਜਾਬੀ ਸਮਾਜ, ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਮਾਰ ਹੇਠ ਆਈ ਪੰਜਾਬੀ ਨੌਜਵਾਨੀ ਨੂੰ ਯੂਨੀਵਰਸਿਟੀ ਸਰਪ੍ਰਸਤੀ ਦਿੰਦੀ ਹੈ ਤੇ ਵਿਚਾਰਵਾਨ ਬਣਾਉਂਦੀ ਹੈ। ਅਜਿਹੇ ਸਮਿਆਂ ਵਿਚ ਪੰਜਾਬੀ ਯੂਨੀਵਰਸਿਟੀ ਦੀ ਭੂਮਿਕਾ ਹੋਰ ਮਹੱਤਵਪੂਰਨ ਹੈ ਅਤੇ ਮਾਲਵੇ ਦਾ ਸਮੁੱਚਾ ਖਿੱਤਾ ਇਸ ਤੋਂ ਉਮੀਦਾਂ ਲਗਾਈ ਬੈਠਾ ਹੈ। ਯੂਨੀਵਰਸਿਟੀ ਨੂੰ ਸੰਭਾਲਣਾ ਅਤੇ ਹੋਰ ਪੱਕੇ ਪੈਰੀਂ ਕਰਨਾ ਪੰਜਾਬ ਸਰਕਾਰ ਦਾ ਪਰਮ ਫ਼ਰਜ਼ ਹੈ।

# ਮਨੁੱਖਤਾ ਦਾ ਸਰਵਨਾਸ਼ ਕਰ ਸਕਦੇ ਨੇ ਪਰਮਾਣੂ ਬੰਬ

**(ਸਫ਼ਾ 6 ਦੀ ਬਾਕੀ)**

ਪਰਮਾਣੂ ਨਿਸ਼ਸਤਰੀਕਰਨ ਅਤੇ ਪਰਮਾਣੂ ਹੱਥਿਆਰਾਂ ਦੀ ਗ਼ੈਰ-ਪ੍ਰਸਾਰ ਸੰਧੀ ਸ਼ਾਮਲ ਹਨ।

ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਅਨੁਸਾਰ ਠੰਢੀ ਜੰਗ ਦੌਰਾਨ 1966 ਵਿਚ ਅਮਰੀਕਾ ਨੇ ਸਪੇਨ ਦੇ ਪਾਲੋਮੇਰਸ ਪਿੰਡ 'ਤੇ ਚਾਰ ਹਾਈਡ੍ਰੋਜਨ ਬੰਬ ਸੁੱਟੇ ਸਨ ਜੋ ਹੀਰੋਸ਼ੀਮਾ 'ਤੇ ਸੁੱਟੇ ਗਏ ਪਰਮਾਣੂ ਬੰਬ ਨਾਲੋਂ 100 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਸਨ। ਇਸ ਹਾਦਸੇ ਨੇ ਯੂਰਪ ਨੂੰ ਪਰਮਾਣੂ ਤਬਾਹੀ ਦੇ ਨੇੜੇ ਪਹੁੰਚਾ ਦਿੱਤਾ ਸੀ। ਅਮਰੀਕਾ ਨੇ ਹਾਦਸੇ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਪਰ ਬੰਬਾਂ ਦੇ ਰੇਡੀ ਐਕਟਿਵ ਪ੍ਰਭਾਵ ਅੱਜ ਵੀ ਮੌਜੂਦ ਹਨ। ਬੀਬੀਸੀ ਦੀ ਰਿਪੋਰਟ ਅਨੁਸਾਰ 17 ਜਨਵਰੀ 1966 ਨੂੰ ਅਮਰੀਕੀ ਬੀ-52 ਬੰਬਾਰ ਸਪੇਨ ਦੇ ਨੀਲੇ ਅਸਮਾਨ ਵਿਚ ਆਪਣੀ ਨਿਯਮਤ ਗਸ਼ਤ ਉੱਤੇ ਸਨ। ਇਸ ਮਿਸ਼ਨ ਦਾ ਉਦੇਸ਼ ਅਮਰੀਕਾ ਦੀ ਰੋਕਥਾਮ ਸਮਰੱਥਾ ਨੂੰ ਬਣਾਈ ਰੱਖਣਾ ਸੀ ਭਾਵ ਯੂਰਪ ਦੇ ਅਸਮਾਨ ਵਿਚ ਸ਼ਕਤੀ ਦਾ ਪ੍ਰਦਰਸ਼ਨ। ਇਹ ਅਮਰੀਕੀ ਜਹਾਜ਼ ਉਸ ਸਮੇਂ ਪਰਮਾਣੂ ਹਥਿਆਰਾਂ ਨਾਲ ਲੈਸ ਸਨ। ਇਨ੍ਹਾਂ ਨੂੰ ਹਵਾ ਵਿਚ ਈਂਧਨ ਭਰਨਾ ਪਿਆ ਪਰ ਇਸ ਦੇ ਲਈ ਕੇਸੀ-135 ਟੈਂਕਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਇਸ ਸਮੇਂ ਦੌਰਾਨ ਗ਼ਲਤੀ ਹੋ ਗਈ। ਇਕ ਟੈਂਕਰ ਅਤੇ ਬੰਬਾਰ ਆਪਸ ਵਿਚ ਟਕਰਾ ਗਏ। ਅੱਗ ਦਾ ਭਿਆਨਕ ਗੋਲਾ ਅਸਮਾਨ ਵਿਚ ਉੱਠਿਆ ਅਤੇ ਸੜਦਾ ਮਲਬਾ ਜ਼ਮੀਨ 'ਤੇ ਡਿੱਗਣ ਲੱਗਾ। ਇਹ ਇਕ ਅਜਿਹੀ ਗ਼ਲਤੀ ਸੀ ਜੋ ਪੂਰੇ ਯੂਰਪ ਨੂੰ ਤਬਾਹ ਕਰ ਸਕਦੀ ਸੀ। ਇਸ ਸਮੇਂ ਦੌਰਾਨ ਟਕਰਾਏ ਗਏ ਬੰਬਾਰ ਤੋਂ ਚਾਰ ਪਰਮਾਣੂ ਬੰਬ ਜ਼ਮੀਨ ਉੱਤੇ ਡਿੱਗ ਪਏ ਪਰ ਚੰਗੀ ਕਿਸਮਤ ਨਾਲ ਬੰਬ ਫਟੇ ਨਹੀਂ ਪਰ ਰਵਾਇਤੀ ਵਿਸਫੋਟਕਾਂ ਦੇ ਧਮਾਕੇ ਨੇ ਪਿੰਡ ਉੱਤੇ ਰੇਡੀ ਐਕਟਿਵ ਪਲੂਟੋਨੀਅਮ ਖਿਲਾਰ ਦਿੱਤੇ। ਇਹ ਜ਼ਹਿਰ ਸਪੇਨ ਦੇ ਖੇਤਾਂ, ਗਲੀਆਂ ਅਤੇ ਜ਼ਿੰਦਗੀਆਂ ਵਿਚ ਫੈਲ ਗਿਆ। ਇਹ ਪਰਮਾਣੂ ਹਥਿਆਰਾਂ ਨਾਲ ਸਬੰਧਤ ਪਹਿਲਾ ਹਾਦਸਾ ਨਹੀਂ ਸੀ। ਪੈਂਟਾਗਨ ਅਨੁਸਾਰ ਹਾਈਡ੍ਰੋਜਨ ਬੰਬ ਲੈ ਕੇ ਜਾਣ ਵਾਲੇ ਜਹਾਜ਼ਾਂ ਨਾਲ ਸਬੰਧਤ ਘੱਟੋ-ਘੱਟ 9 ਹਾਦਸੇ ਹੋਏ ਸਨ ਪਰ ਵਿਦੇਸ਼ੀ ਧਰਤੀ 'ਤੇ ਅਮਰੀਕਾ ਬੰਬਾਰ ਦਾ ਇਹ ਪਹਿਲਾ ਹਾਦਸਾ ਸੀ ਜਿਸ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਹੈ।

ਜੇ ਬੰਬ ਫਟ ਜਾਂਦੇ ਤਾਂ ਯੂਰਪ ਤਬਾਹ ਹੋ ਸਕਦਾ ਸੀ।

ਸ਼ੁਕਰ ਹੈ ਕਿ ਇਸ ਨਾਲ ਪਰਮਾਣੂ ਧਮਾਕਾ ਨਹੀਂ ਹੋਇਆ। ਸਪੇਨ ਅਤੇ ਅਮਰੀਕਾ ਨੇ ਇਸ ਘਟਨਾ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਇਕ ਹਾਦਸਾ ਨਹੀਂ ਸਗੋਂ ਠੰਢੀ ਜੰਗ ਦੇ ਖ਼ਤਰਨਾਕ ਸਾਏ ਦਾ ਸਬੂਤ ਹੈ। ਪਾਲੋਮੇਰਸ ਦੀ ਧਰਤੀ ਨੂੰ ਅਜੇ ਵੀ 'ਰੈੱਡ ਜ਼ੋਨ' ਕਿਹਾ ਜਾਂਦਾ ਹੈ। ਪਰਮਾਣੂ ਬੰਬ ਮਨੁੱਖਤਾ ਲਈ ਸਦਾ ਲਈ ਚਿੰਤਾ ਦਾ ਵਿਸ਼ਾ ਬਣੇ ਰਹਿਣਗੇ। ਪੈਂਟਾਗਨ ਦੇ ਲੀਕ ਹੋਏ ਦਸਤਾਵੇਜ਼ਾਂ ਨੇ ਖ਼ੁਲਾਸਾ ਕੀਤਾ ਹੈ ਕਿ ਅਮਰੀਕਾ ਨੇ ਬਿਜਲੀ ਦੀ ਰਫ਼ਤਾਰ ਨਾਲ ਪਰਮਾਣੂ ਬੰਬ ਸੁੱਟਣ ਦੀ ਤਿਆਰੀ ਦੇ ਹੁਕਮ ਦੇ ਰੱਖੇ ਹਨ।


TANVIR Tour & Travels FRESNO

(559) 803-0055

Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
CTEC
Open 7 Days Weekends/Evenings (Year Round Service) Resonalbe Rates Call for Appointment



CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਪੰਜਾਬ ਦੀ ਖੇਤੀ ਲਈ ਇੰਨਾ ਅਹਿਮ ਕਿਉਂ ਹੈ ਬਣ ਗਿਆ ਹੈ ਦਰਿਆਈ ਪਾਣੀ

ਦਰਿਆਈ ਪਾਣੀਆਂ ਦੀ ਵੰਡ ਦਾ ਰੇੜਕਾ ਪੰਜਾਬ ਅਤੇ ਹਰਿਆਣਾ ਦੇ ਸਿਆਸੀ ਆਗੂਆਂ ਦਰਮਿਆਨ ਇੱਕ ਵਾਰ ਫੇਰ ਤਿੱਖੀ ਸ਼ਬਦੀ 'ਜੰਗ' ਦਾ ਸਬੱਬ ਬਣ ਗਿਆ ਹੈ। ਪੰਜਾਬ ਵਿੱਚੋਂ ਲੰਘਦੇ ਦਰਿਆਵਾਂ ਦੇ ਪਾਣੀਆਂ ਉੱਪਰ ਆਪਣੇ 'ਹੱਕ' ਨੂੰ ਲੈ ਕੇ ਦੋਵਾਂ ਸੂਬਿਆਂ ਦਾ ਝਗੜਾ ਕੋਈ ਨਵਾਂ ਨਹੀਂ ਹੈ, ਪਰ ਇਸ ਵਾਰ ਦੀ ਖ਼ਾਸੀਅਤ ਇਹ ਹੈ ਕਿ ਪੰਜਾਬ ਖ਼ਿਲਾਫ਼ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਕੇਂਦਰੀ ਭਾਜਪਾ ਸਰਕਾਰਾਂ ਇੱਕਜੁਟ ਹੋ ਗਈਆਂ ਹਨ। ਦਰਅਸਲ ਇਸ ਵਾਰ ਦਾ ਰੱਫੜ ਹਰਿਆਣਾ ਦੀ 8500 ਕਿਊਸਕ ਫਾਲਤੂ ਪਾਣੀ ਦੀ ਮੰਗ ਹੈ। ਜਿਸ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਪੰਜਾਬ ਦੇ ਵਿਰੋਧ ਦੇ ਬਾਵਜੂਦ ਛੱਡਣ ਦਾ ਫ਼ੈਸਲਾ ਲਿਆ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਸਤਲੁਜ ਅਤੇ ਬਿਆਸ ਦਰਿਆਵਾਂ ਉੱਤੇ ਬਣੇ ਡੈਮਾਂ ਦਾ ਪ੍ਰਬੰਧ ਅਤੇ ਸੂਬਿਆਂ ਨੂੰ ਤੈਅ ਸਮਝੌਤੇ ਤਹਿਤ ਜਾਣ ਵਾਲੇ ਪਾਣੀ ਦਾ ਪ੍ਰਬੰਧ ਦੇਖਦੀ ਹੈ। ਪੰਜਾਬ ਮੁਤਾਬਕ ਹਰਿਆਣਾ ਇਸ ਸਾਲ ਦੇ ਕੋਟੇ ਦਾ ਪਾਣੀ ਵਰਤ ਚੁੱਕਾ ਹੈ ਅਤੇ ਹਰਿਆਣਾ ਦੀ ਦਲੀਲ ਹੈ ਕਿ ਉਸ ਦੇ ਕਈ ਇਲਾਕੇ ਪੀਣ ਵਾਲੇ ਪਾਣੀ ਦੀ ਕਿੱਲ੍ਹਤ ਨਾਲ ਜੂਝ ਰਹੇ ਹਨ। ਇਸ ਲਈ ਉਸ ਨੂੰ ਫਾਲਤੂ ਪਾਣੀ ਦਿੱਤਾ ਜਾਵੇ।

ਇਸੇ ਨੂੰ ਲੈ ਕੇ ਸਿਆਸਤ ਭਖੀ ਹੋਈ ਹੈ, ਦੋਵਾਂ ਸੂਬਿਆਂ ਵਿੱਚ ਸਰਬਪਾਰਟੀ ਬੈਠਕਾਂ ਹੋ ਚੁੱਕੀਆਂ ਹਨ ਤੇ ਪੰਜਾਬ ਵਿੱਚ ਸੋਮਵਾਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਹੋ ਰਿਹਾ ਹੈ। ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ, ਵਿਰੋਧੀ ਧਿਰ ਭਾਜਪਾ, ਕਾਂਗਰਸ, ਕਮਿਊਨਿਸਟ, ਅਕਾਲੀ ਇੱਕ ਵੀ ਬੂੰਦ ਪਾਣੀ ਬਾਹਰ ਨਾ ਜਾਣ ਦੇਣ ਦੇ ਦਾਅਵੇ ਕਰ ਰਹੇ ਸਨ। ਦੂਜੇ ਪਾਸੇ ਇਨ੍ਹਾਂ ਪਾਰਟੀਆਂ ਦੇ ਹਰਿਆਣਾ ਵਿੰਗ ਅਤੇ ਸਹਿਯੋਗੀ ਪਾਣੀ ਉੱਤੇ ਆਪਣਾ ਹੱਕ ਦੱਸ ਕੇ ਹਰ ਹੀਲੇ ਲੈਣ ਦੇ ਦਾਅਵੇ ਕਰ ਰਹੇ ਹਨ। ਦਰਿਆਈ ਪਾਣੀਆਂ ਦੇ ਮਸਲੇ ਵਿੱਚ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਕੀ ਭੂਮਿਕਾ ਰਹੀ ਹੈ। ਪੰਜਾਬ ਦੀ ਜ਼ਮੀਨ ਜਾਂ ਖੇਤੀ ਲਈ ਦਰਿਆਈ ਜਾਂ ਨਹਿਰੀ ਪਾਣੀ ਕਿੰਨਾ ਅਹਿਮ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਅਸੀਂ ਇਸ ਰਿਪੋਰਟ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ।

**ਪੰਜਾਬ ਦੀ ਖੇਤੀ ਤੇ ਨਹਿਰੀ ਪਾਣੀ**

ਪੰਜਾਬ ਦੇ ਖੇਤੀ ਸੈਕਟਰ ਵਿੱਚ ਨਹਿਰੀ ਪਾਣੀ ਦਾ ਖ਼ਾਸ ਯੋਗਦਾਨ ਰਿਹਾ ਹੈ, ਪਰ ਹੌਲੀ-ਹੌਲੀ ਸਮਾਂ ਬਦਲਿਆ ਅਤੇ ਹਰੇ ਇਨਕਲਾਬ ਨੇ ਸਿੰਜਾਈ ਸਾਧਨਾਂ ਨੂੰ ਵੀ ਬਦਲ ਦਿੱਤਾ। ਭਾਰਤ ਦੀਆਂ ਅਨਾਜ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਵਿੱਚ ਖੇਤੀ ਨੂੰ ਹੋਰ ਸੰਘਣਾ ਕੀਤਾ ਗਿਆ ਅਤੇ ਵੱਧ ਪਾਣੀ ਵਾਲੀਆਂ ਕਣਕ ਤੇ ਝੋਨੇ ਦੀਆਂ ਫਸਲਾਂ ਦੀ ਕਾਸ਼ਤ ਕਰਵਾਈ ਗਈ। ਇਨ੍ਹਾਂ ਫ਼ਸਲਾਂ ਲਈ ਵੱਧ ਪਾਣੀ ਦੀ ਲੋੜ ਸੀ, ਸੋ ਸਿੰਜਾਈ ਲਈ ਟਿਊਬਵੈੱਲਾਂ ਰਾਹੀਂ ਧਰਤੀ ਹੇਠਲਾ ਪਾਣੀ ਬੇਹਿਸਾਬ ਕੱਢਿਆ ਜਾ ਲੱਗਾ।

ਡਾਕਟਰ ਜਸਵਿੰਦਰ ਸਿੰਘ ਬਰਾੜ ਦੱਸਦੇ ਹਨ, "ਸਾਲ 1970 ਵਿੱਚ ਪੰਜਾਬ ਅੰਦਰ 2 ਲੱਖ ਤੋਂ ਵੀ ਘੱਟ ਟਿਊਬਵੈੱਲ ਦੇ ਬੋਰ ਸਨ, ਜਿਨ੍ਹਾਂ ਦੀ ਗਿਣਤੀ ਹੁਣ ਵੱਧ ਕੇ 15 ਲੱਖ ਦਾ ਅੰਕੜਾ ਪਾਰ ਕਰ ਗਈ ਹੈ।" ਡਾ. ਜਸਵਿੰਦਰ ਸਿੰਘ ਬਰਾੜ, ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਹਨ। ਉਹ ਕਹਿੰਦੇ ਹਨ, "ਪੰਜਾਬ ਖੇਤੀ ਯੂਨੀਵਰਸਿਟੀ ਦੀ ਹਾਲ ਹੀ ਵਿੱਚ ਆਈ ਰਿਪੋਰਟ ਵਿੱਚ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਪੰਜਾਬ ਅੰਦਰ ਪਿਛਲੇ ਸਾਲਾਂ ਦੌਰਾਨ 4 ਲੱਖ 90 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਨਹਿਰੀ ਪਾਣੀ ਦੀ ਸਿੰਜਾਈ ਘਟੀ ਹੈ।" ਧਰਤੀ ਹੇਠਲੇ ਪਾਣੀ ਦੀ ਸਭ ਤੋਂ ਵੱਧ ਵਰਤੋਂ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਨੂੰ ਹੀ ਮੰਨਿਆ ਜਾਂਦਾ ਹੈ।

ਡਾਕਟਰ ਜਸਵਿੰਦਰ ਦੱਸਦੇ ਹਨ, "ਸਾਲ 1970 ਵਿੱਚ ਪੰਜਾਬ ਅੰਦਰ 7 ਲੱਖ ਹੈਕਟੇਅਰ ਰਕਬੇ ਵਿੱਚ ਹੀ ਝੋਨੇ ਦੀ ਖੇਤੀ ਸੀਮਤ ਸੀ ਜੋ ਕਿ 2025 ਵਿੱਚ ਵਧ ਕੇ 30 ਲੱਖ ਹੈਕਟੇਅਰ ਰਕਬਾ ਪਾਰ ਕਰ ਗਈ ਹੈ।" ਉਹ ਕਹਿੰਦੇ ਹਨ, "ਪੰਜਾਬ ਵਿੱਚ ਮੁਫ਼ਤ ਟਿਊਬਵੈੱਲ ਕਨੈਕਸ਼ਨ ਅਤੇ ਮੁਫ਼ਤ ਬਿਜਲੀ ਸਹੂਲਤ ਕਾਰਨ ਕਿਸਾਨਾਂ ਨੇ ਧੜਾ-ਧੜ ਬੋਰ ਕਰ ਕੇ ਜ਼ਮੀਨਾਂ ਵਿੱਚੋਂ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ।" "ਜਿਸ ਦਾ ਨਤੀਜਾ ਇਹ ਨਿਕਲਿਆ ਕੇ ਨਹਿਰੀ ਪਾਣੀ ਦੀ ਸਿੰਜਾਈ ਹੇਠੋਂ 55 ਤੋਂ 60 ਫੀਸਦੀ ਹੈਕਟੇਅਰ ਰਕਬਾ ਖਿਸਕ ਕੇ ਟਿਊਬਵੈੱਲ ਬੋਰ ਨਾਲ ਕੀਤੀ ਜਾਣ ਵਾਲੀ ਸਿੰਜਾਈ ਹੇਠ ਚਲਿਆ ਗਿਆ। ਇਹੀ ਕਾਰਨ ਹੈ ਕਿ ਅੱਜ ਪੰਜਾਬ ਦੇ ਬਹੁਤੇ ਇਲਾਕੇ ਡਾਰਕ ਜ਼ੋਨ ਐਲਾਨ ਦਿੱਤੇ ਗਏ ਹਨ।" ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 'ਡਾਰਕ ਜ਼ੋਨ' ਨੂੰ ਪ੍ਰਭਾਸ਼ਿਤ ਕਰਦਿਆਂ ਕਿਹਾ ਗਿਆ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਇਸ ਕਦਰ ਨੀਵਾਂ ਚਲਿਆ ਗਿਆ ਹੈ ਕਿ ਸਬੰਧਤ ਖੇਤਰਾਂ ਵਿੱਚ ਜ਼ਮੀਨ ਬੰਜਰ ਹੋ ਸਕਦੀ ਹੈ। ਖੇਤੀਬਾੜੀ ਮਾਹਰ ਡਾ। ਜਸਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਤਾਜ਼ਾ ਰਿਪੋਰਟ ਮੁਤਾਬਕ ਵੱਖ-ਵੱਖ ਜ਼ਿਲ੍ਹਿਆਂ ਵਿੱਚ ਡਾਰਕ ਜੋਨਾਂ ਦੀ ਗਿਣਤੀ ਇਸ ਤਰ੍ਹਾਂ ਹੈ।

ਜ਼ਿਲ੍ਹਾ ਸੰਗਰੂਰ: 7
ਜ਼ਿਲ੍ਹਾ ਮੋਗਾ: 5
ਜ਼ਿਲ੍ਹਾ ਫਰੀਦਕੋਟ: 2
ਜ਼ਿਲ੍ਹਾ ਅੰਮ੍ਰਿਤਸਰ: 10
ਜ਼ਿਲ੍ਹਾ ਤਰਨ ਤਾਰਨ :9
ਜ਼ਿਲ੍ਹਾ ਜਲੰਧਰ: 12
ਜ਼ਿਲ੍ਹਾ ਪਟਿਆਲਾ : 8
ਜ਼ਿਲ੍ਹਾ ਫਿਰੋਜ਼ਪੁਰ : 7
ਜ਼ਿਲ੍ਹਾ ਲੁਧਿਆਣਾ: 11
ਜ਼ਿਲ੍ਹਾ ਬਰਨਾਲਾ : 3

ਜ਼ਿਲ੍ਹਾ ਮੁਕਤਸਰ ਸਾਹਿਬ ਅਧੀਨ ਪੈਂਦੇ ਇਲਾਕੇ ਮਲੋਟ, ਲੰਬੀ, ਮੁਕਤਸਰ, ਕੋਟ ਭਾਈ, ਅਬੋਹਰ ਅਤੇ ਖੂਹੀਆਂ ਸਰਵਰ ਇਲਾਕੇ ਧਰਤੀ ਹੇਠਲੇ ਪਾਣੀ ਪੱਖੋਂ



ਸੁਰੱਖਿਅਤ ਦੱਸੇ ਗਏ ਹਨ। ਖੇਤੀਬਾੜੀ ਯੂਨੀਵਰਸਿਟੀ ਦਾ ਅਧਿਐਨ ਦੱਸਦਾ ਕਿ ਇਹ ਇਲਾਕੇ ਇਸ ਲਈ ਸੁਰੱਖਿਅਤ ਹਨ ਕਿਉਂਕਿ ਇੱਥੋਂ ਦਾ ਧਰਤੀ ਹੇਠਲਾ ਪਾਣੀ ਫ਼ਸਲਾਂ ਲਈ ਸ਼ੁੱਧ ਨਹੀਂ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਲੁਧਿਆਣਾ ਦਾ ਦੋਰਾਹਾ ਇਲਾਕਾ ਅਰਧ ਖ਼ਤਰੇ ਵਾਲਾ ਜ਼ੋਨ ਐਲਾਨਿਆ ਗਿਆ ਹੈ। ਡਾ. ਬਰਾੜ ਮੁਤਾਬਕ ਡਾਰਕ ਜ਼ੋਨ ਤੋਂ ਜ਼ਿਆਦਾ ਪ੍ਰਭਾਵਿਤ ਇਲਾਕੇ ਪੰਜਾਬ ਦੇ ਮਾਲਵਾ ਖਿੱਤੇ ਵਿੱਚ ਹਨ। "ਰਿਪੋਰਟ ਇਹ ਵੀ ਦੱਸਦੀ ਹੈ ਕਿ ਪੰਜਾਬ ਵਿੱਚ ਹਰ ਸਾਲ ਧਰਤੀ ਹੇਠਲਾ ਪਾਣੀ 5 ਫੁੱਟ ਦੇ ਕਰੀਬ ਤੱਕ ਡੂੰਘਾ ਹੋ ਰਿਹਾ, ਜੋ ਖ਼ਾਸ ਕਰਕੇ ਖੇਤੀ ਸੈਕਟਰ ਲਈ ਖਤਰੇ ਦੀ ਘੰਟੀ ਹੋ ਸਕਦਾ ਹੈ।" "ਧਰਤੀ ਹੇਠਲੇ ਪਾਣੀ ਨੂੰ ਅਸੀਂ ਸਿਰਫ਼ ਫ਼ਸਲੀ ਵਿਭਿੰਨਤਾ ਅਤੇ ਮਾਈਕਰੋ-ਇਰੀਗੇਸ਼ਨ ਭਾਵ ਤੁਪਕਾ ਸਿੰਜਾਈ ਜਾਂ ਫੇਰ ਨਹਿਰੀ ਪਾਣੀ ਰਾਹੀਂ ਬਚਾ ਸਕਦੇ ਹਾਂ।"

**ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਲਈ ਸਰਕਾਰੀ ਯਤਨ**

ਪਿਛਲੇ ਦਿਨੀਆਂ ਹੋਈਆਂ ਬੀਬੀਐੱਮਬੀ ਦੀਆਂ ਬੈਠਕਾਂ ਦੌਰਾਨ ਪੰਜਾਬ ਦੇ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਥੱਲੇ ਚਲਾ ਗਿਆ ਹੈ। ਜਿਸ ਕਾਰਨ ਪੰਜਾਬ ਸਰਕਾਰ ਨੇ 4000 ਕਰੋੜ ਰੁਪਏ ਖ਼ਰਚ ਕੇ 79 ਉਜਾੜ ਪਈਆਂ ਨਹਿਰਾਂ ਅਤੇ 1600 ਕਿਲੋਮੀਟਰ ਖਾਲ਼ਾਂ ਚਾਲੂ ਕੀਤੀਆਂ ਹਨ। ਇਨ੍ਹਾਂ ਖਾਲ਼ਾਂ ਰਾਹੀਂ ਲੁਧਿਆਣਾ, ਸੰਗਰੂਰ, ਹੁਸ਼ਿਆਪੁਰ, ਗੁਰਦਾਸਪੁਰ, ਫਾਜ਼ਲਿਕਾ, ਤਰਨ ਤਾਰਨ ਅਤੇ ਅੰਮ੍ਰਿਤਸਰ ਜਿਲ੍ਹਿਆਂ ਤੱਕ ਪਾਣੀ ਪਹੁੰਚਾਇਆ ਗਿਆ ਹੈ। ਇਸ ਨਾਲ ਪੰਜਾਬ ਦੀ ਨਹਿਰੀ ਪਾਣੀ ਦੀ ਨਿਰਭਰਤਾ 12-13 ਫੀਸਦ ਵਧ ਗਈ ਹੈ। ਪੰਜਾਬ ਦੇ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਜੇਕਰ ਹਰਿਆਣਾ ਨੂੰ ਵਾਧੂ ਪਾਣੀ ਛੱਡਿਆ ਗਿਆ ਤਾਂ ਪੰਜਾਬ ਵਿੱਚ 10 ਜੂਨ ਤੋਂ ਸ਼ੁਰੂ ਹੋਣ ਜਾ ਰਹੀ ਝੋਨੇ ਦੀ ਲੁਆਈ ਲਈ ਪਾਣੀ ਨਹੀਂ ਮਿਲੇਗਾ। ਇਸ ਨਾਲ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਨੂੰ ਪਾਣੀ ਨਹੀਂ ਮਿਲੇਗਾ।

ਪੰਜਾਬ ਵਿੱਚ ਇਸ ਵੇਲੇ ਨਹਿਰੀ ਪਾਣੀ ਦੀ ਕਿੰਨੀ ਮਹੱਤਤਾ ਤੇ ਜ਼ਰੂਰਤ ਹੈ, ਉਸ ਦਾ ਅੰਦਾਜ਼ਾ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੀ ਇਸ ਰਿਪੋਰਟ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਸਾਲ 2024-25 ਦਾ ਬਜਟ ਪੇਸ਼ ਕਰਨ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਹਰਪਾਲ ਸਿੰਘ ਚੀਮਾ ਨੇ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਪੰਜਾਬ ਵਿੱਚ 150 ਵਿੱਚੋਂ 114 ਇਲਾਕੇ ਡਾਰਕ ਜ਼ੋਨ ਕਰਾਰ ਦਿੱਤੇ ਜਾ ਚੁੱਕੇ ਹਨ। ਇਸ ਗੱਲ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਖੇਤੀ ਨੂੰ ਮੁੜ ਨਹਿਰੀ ਸਿੰਜਾਈ ਉੱਪਰ ਨਿਰਭਰ ਕਰਨ ਲਈ 194 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

**ਪਾਣੀ ਦਾ ਝਗੜਾ ਤੇ ਕਾਂਗਰਸ ਦੀ ਭੂਮਿਕਾ**

ਪੰਜਾਬ ਦੇ ਪਾਣੀਆਂ ਮੁੱਢ ਉਦੋਂ ਬੱਝਿਆ ਜਦੋਂ 1960 ਵਿੱਚ ਭਾਰਤ ਨੇ ਪਾਕਿਸਤਾਨ ਨਾਲ ਸਿੰਧੂ ਜਲ ਸਮਝੌਤਾ ਕਰਨ ਲਈ ਪੰਜਾਬ ਦੇ ਦਰਿਆਵਾਂ ਦਾ ਪਾਣੀ ਗੈਰ-ਰਿਪੇਰੀਅਨ ਸੂਬੇ ਰਾਜਸਥਾਨ ਨੂੰ ਦੇ ਦਿੱਤਾ। ਬਾਅਦ ਵਿੱਚ ਜਦੋਂ 1966 ਵਿੱਚ ਪੰਜਾਬ ਦਾ ਪੁਨਰਗਠਨ ਕਰਕੇ ਹਰਿਆਣਾ ਨੂੰ ਵੱਖਰਾ ਸੂਬਾ ਐਲਾਨਿਆ ਗਿਆ ਤਾਂ ਦੋਵਾਂ ਸੂਬਿਆਂ ਵਿੱਚ ਪਾਣੀ ਦੀ ਵੰਡ ਦਾ ਰੇੜਕਾ ਪੈ ਗਿਆ। ਜਾਣਕਾਰ ਮੰਨਦੇ ਹਨ ਕਿ ਸਰਕਾਰਾਂ ਨੇ ਇਸ ਝਗੜੇ ਨੂੰ ਤੱਥਾਂ ਜਾਂ ਕੌਮਾਂਤਰੀ ਜਲ ਕਾਨੂੰਨ ਰਿਪੇਰੀਅਨ ਸਿਧਾਂਤ ਮੁਤਾਬਕ ਹੱਲ ਕਰਵਾਉਣ ਦੀ ਥਾਂ ਆਪਣੇ ਸਿਆਸੀ ਮੁਫ਼ਾਦਾਂ ਮੁਤਾਬਕ ਫੈਸਲੇ ਕੀਤੇ। ਸਾਲ 1976 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਰਿਆਣਾ ਨੂੰ ਪੰਜਾਬ ਦੇ ਹਿੱਸੇ ਵਿੱਚੋਂ ਹੋਰ ਵਾਧੂ ਪਾਣੀ ਦੇਣ ਇੱਕਪਾਸੜ ਫ਼ੈਸਲਾ ਕਰਵਾ ਦਿੱਤਾ।

ਇਸ ਤੋਂ ਬਾਅਦ ਉਸ ਵੇਲੇ ਤਾਂ ਸਥਿਤੀ ਹੋਰ ਗੰਭੀਰ ਬਣ ਗਈ ਜਦੋਂ 8 ਅਪ੍ਰੈਲ 1982 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਕਪਾਸੜ ਫ਼ੈਸਲੇ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੇ ਪਟਿਆਲਾ ਅਧੀਨ ਪੈਂਦੇ ਪਿੰਡ ਕਪੂਰੀ ਵਿੱਚ ਸਤਲੁਜ ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਨਹਿਰ ਦਾ ਟੱਕ ਲਾ ਕੇ ਨੀਂਹ ਪੱਥਰ ਰੱਖ ਦਿੱਤਾ ਸੀ। ਜਿਸ ਵੇਲੇ ਪੰਜਾਬ ਵਿੱਚ ਇਸ ਨਹਿਰ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਉਸ ਵੇਲੇ 15 ਅਗਸਤ 1986 ਤੱਕ ਨਹਿਰ ਦਾ ਪੂਰਨ ਨਿਰਮਾਣ ਕਰਨ ਦਾ ਟੀਚਾ ਮਿਥਿਆ ਗਿਆ ਸੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਬਾਅਦ ਵਿੱਚ ਇਸ ਨਹਿਰ ਦੀ ਉਸਾਰੀ ਦਾ ਲਗਾਤਾਰ ਵਿਰੋਧ ਕਰਦੇ ਰਹੇ ਹਨ, ਨੀਹ ਪੱਥਰ ਰੱਖਣ ਵੇਲੇ ਇੰਦਰਾ ਗਾਂਧੀ ਦੇ ਨਾਲ ਸਨ। ਉਨ੍ਹਾਂ ਵੱਲੋਂ ਇਸ ਬਾਬਤ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ 'ਜੀ ਆਇਆਂ ਨੂੰ ਕਹਿਣ' ਵਾਲੇ ਇਸ਼ਤਿਹਾਰ ਉਸ ਵੇਲੇ ਦੀਆਂ ਅਖ਼ਬਾਰਾਂ ਵਿੱਚ ਵੀ ਪ੍ਰਕਾਸ਼ਿਤ ਕਰਵਾਏ ਗਏ ਸਨ। ਇਸ ਨਹਿਰ ਦਾ ਨਿਰਮਾਣ ਪਿੰਡ ਕਪੂਰੀ ਤੋਂ ਲੈ ਕੇ ਹਰਿਆਣਾ ਦੇ ਕਰਨਾਲ ਸ਼ਹਿਰ ਤੱਕ ਕੀਤਾ ਜਾਣਾ ਸੀ।

ਪੰਜਾਬ ਵਿੱਚ ਇਸ ਨਹਿਰ ਦੀ ਉਸਾਰੀ ਨੂੰ ਸ਼੍ਰੋਮਣੀ ਅਕਾਲੀ ਦਲ, ਕਿਸਾਨ ਸੰਗਠਨਾਂ ਅਤੇ ਆਮ ਲੋਕਾਂ ਨੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਕਰਾਰ ਦਿੱਤਾ ਸੀ। ਪਰ ਬਾਅਦ ਵਿੱਚ ਜਦੋਂ 1977 ਨੂੰ ਪੰਜਾਬ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਅਕਾਲੀ ਸਰਕਾਰ ਵੱਲੋਂ ਐੱਸਵਾਈਐੱਲ ਨਹਿਰ ਦੇ ਨਿਰਮਾਣ ਖਿਲਾਫ਼ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰ ਦਿੱਤੀ ਗਈ। ਅਕਾਲੀ ਸਰਕਾਰ ਨੇ ਇਸ ਦੇ ਨਾਲ ਹੀ ਐੱਸਵਾਈਐੱਲ ਨਹਿਰ ਲਈ ਲੋੜੀਂਦੀ ਜ਼ਮੀਨ ਐਕਵਾਇਰ ਕਰਨ ਦੇ ਹੁਕਮ ਵੀ ਦੇ ਦਿੱਤੇ ਸਨ। ਪੰਜਾਬ ਸਰਕਾਰ ਦੀ ਇਸ ਪਟੀਸ਼ਨ ਉੱਪਰ ਹਾਲੇ ਕੋਈ ਖ਼ਾਸ ਸੁਣਵਾਈ ਨਹੀਂ ਹੋਈ ਸੀ ਕਿ ਪੰਜਾਬ ਵਿੱਚ ਮੁੜ ਕਾਂਗਰਸ ਪਾਰਟੀ ਦੀ ਸਰਕਾਰ ਬਣ ਗਈ। ਪੰਜਾਬ ਵਿੱਚ ਕਾਂਗਰਸ ਸਰਕਾਰ ਬਣਦੇ ਹੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਇਨ੍ਹਾਂ ਦਰਮਿਆਨ ਪਾਣੀਆਂ ਸਬੰਧੀ ਇੱਕ ਸਮਝੌਤਾ ਕਰਵਾ ਦਿੱਤਾ।

ਇਸ ਸਮਝੌਤੇ ਤੋਂ ਬਾਅਦ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਕੀਤੇ ਗਏ ਕੇਸ ਨੂੰ ਵਾਪਸ ਲੈ ਲਿਆ ਸੀ। ਜਿਸ ਕਾਰਨ ਪੰਜਾਬ ਦਾ ਕੇਸ ਕਾਨੂੰਨੀ ਤੌਰ ਉੱਤੇ ਕਮਜ਼ੋਰ ਹੋ ਗਿਆ। ਬਾਅਦ ਵਿੱਚ ਕੈਪਟਨ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਸਟੈਂਡ ਬਦਲ ਲਿਆ। ਜਦੋਂ ਸਾਲ 2002 ਵਿੱਚ ਮੁੜ ਪੰਜਾਬ ਵਿੱਚ ਕਾਂਗਰਸ ਨੂੰ ਮੁੜ ਸੱਤਾ ਮਿਲੀ ਤਾਂ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਨਹਿਰ ਦੇ ਮੁੱਦੇ ਉੱਪਰ ਖੁੱਲ੍ਹ ਕੇ 'ਰਾਜਨੀਤੀ' ਕੀਤੀ। ਸਾਲ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਵਿਧਾਨ ਸਭਾ ਵਿੱਚ ਕਾਨੂੰਨ ਬਣਾ ਕੇ ਪੰਜਾਬ ਵੱਲੋਂ ਦਰਿਆਈ ਪਾਣੀ

**(ਬਾਕੀ ਅਗਲੇ ਸਫੇ 'ਤੇ)**



# ਪੰਜਾਬ ਦੀ ਖੇਤੀ ਲਈ ਇੰਨਾ ਅਹਿਮ ਕਿਉਂ ਹੈ ਬਣ ਗਿਆ ਹੈ ਦਰਿਆਈ ਪਾਣੀ

(ਸਫਾ 9 ਦੀ ਬਾਕੀ)

ਸਬੰਧੀ ਕੀਤੇ ਗਏ ਸਮੁੱਚੇ ਸਮਝੌਤਿਆਂ ਨੂੰ ਰੱਦ ਕਰ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਇਆ ਗਿਆ ਇਹ ਕਾਨੂੰਨ ਅਜੇ ਵੀ ਭਾਰਤ ਦੇ ਰਾਸ਼ਟਰਪਤੀ ਦੇ ਦਫ਼ਤਰ ਵਿੱਚ ਮਨਜ਼ੂਰੀ ਲਈ ਪਿਆ ਹੈ।

### ਐੱਸਵਾਈਐੱਲ ਅੰਦੋਲਨ ਤੇ ਸ਼੍ਰੋਮਣੀ ਅਕਾਲੀ ਦਲ

ਅਜਿਹਾ ਨਹੀਂ ਹੈ ਕਿ ਇਸ ਨਹਿਰ ਦੇ ਮੁੱਦੇ ਨੂੰ ਲੈ ਕੇ ਕੇਵਲ ਕਾਂਗਰਸ ਨੇ ਹੀ ਆਪਣੇ ਸਿਆਸੀ ਦਾ ਪੇਚ ਖੇਡੇ ਸਨ। ਪੰਜਾਬ ਦੀ ਸਿਆਸਤ ਨੂੰ ਨੇੜਿ ਂ ਦੇਖਣ ਵਾਲੇ ਮਾਹਰ ਮੰਨਦੇ ਹਨ ਕਿ ਪੰਜਾਬ ਦੀ ਪ੍ਰਮੁੱਖ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਮੁੱਦੇ ਨੂੰ ਆਪਣੀ 'ਰਾਜਨੀਤੀ' ਲਈ ਖ਼ੂਬ ਉਭਾਰਿਆ। ਜਗਰੂਪ ਸਿੰਘ ਸੇਖੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚੋਂ ਸੇਵਾ ਮੁਕਤ ਹੋਏ ਪ੍ਰੋਫੈਸਰ ਹਨ। ਉਹ ਕਹਿੰਦੇ ਹਨ ਕਿ, "ਐੱਸਵਾਈਐੱਲ ਨਹਿਰ ਪੰਜਾਬ ਲਈ ਅਤਿ ਸੰਵੇਦਨਸ਼ੀਲ ਮੁੱਦਾ ਹੈ।" "ਪੰਜਾਬ ਦੇ ਲੋਕਾਂ ਦੀ ਇਹ ਬਦਕਿਸਮਤੀ ਹੀ ਸਮਝੀ ਜਾਣੀ ਚਾਹੀਦੀ ਹੈ ਕਿ ਰਾਜਨੀਤਿਕ ਲੋਕਾਂ ਨੇ ਇਸ ਗੰਭੀਰ ਮੁੱਦੇ ਦੇ ਸਥਾਈ ਹੱਲ ਲਈ ਕਦੇ ਵੀ ਕੋਈ ਠੋਸ ਯਤਨ ਨਹੀਂ ਕੀਤਾ।" ਪੰਜਾਬ ਵਿੱਚ ਐੱਸਵਾਈਐੱਲ ਨਹਿਰ ਦੀ ਉਸਾਰੀ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ 'ਕਪੂਰੀ ਮੋਰਚੇ' ਦੇ ਨਾਂ ਹੇਠ ਇੱਕ ਅੰਦੋਲਨ ਸ਼ੁਰੂ ਕਰ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ 1982 ਵਿੱਚ ਇਸ ਮੋਰਚੇ ਨੂੰ 'ਧਰਮ ਯੁੱਧ ਮੋਰਚੇ' ਦਾ ਨਾਂ ਦੇ ਦਿੱਤਾ ਗਿਆ ਸੀ। ਇਸ ਨਹਿਰ ਉੱਪਰ ਸਿਆਸਤ ਦਾ ਸਿਲਸਿਲਾ ਨਿਰੰਤਰ ਜਾਰੀ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਸੱਤਾ ਵਿੱਚ ਆਉਂਦਿਆਂ ਅਤੇ ਸੱਤਾ ਵਿੱਚੋਂ ਬਾਹਰ ਰਹਿੰਦਿਆਂ ਹਮੇਸ਼ਾ ਹੀ ਐੱਸਵਾਈਐੱਲ ਨਹਿਰ ਦੇ ਮੁੱਦੇ ਨੂੰ ਲੋਕਾਂ ਵਿੱਚ ਖ਼ੂਬ ਪ੍ਰਚਾਰਿਆ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਰਾਜ ਦੌਰਾਨ ਸਾਲ 2016 ਵਿੱਚ ਐੱਸਵਾਈਐੱਲ ਨਹਿਰ ਲਈ ਐਕਵਾਇਰ ਕੀਤੀ ਗਈ ਕਿਸਾਨਾਂ ਦੀ ਜ਼ਮੀਨ ਮੁੜ ਸਬੰਧਤ ਕਿਸਾਨਾਂ ਨੂੰ ਦੇਣ ਦਾ ਕਾਨੂੰਨ ਪਾਸ ਕਰ ਦਿੱਤਾ ਸੀ। ਇਹ ਪੈਂਤੜਾ ਅਕਾਲੀ ਦਲ ਦੇ 'ਰਾਸ' ਨਾ ਆਇਆ ਕਿਉਂਕਿ ਸਾਲ 2017 ਵਿੱਚ ਪੰਜਾਬ ਅੰਦਰ ਮੁੜ ਕਾਂਗਰਸ ਦੀ ਸਰਕਾਰ ਬਣ ਗਈ ਸੀ।

### ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਦਰਿਆਈ ਪਾਣੀਆਂ ਦਾ ਜ਼ਿਕਰ

ਪੰਜਾਬ ਵਿੱਚ ਦਰਬਾਰ ਸਾਹਿਬ ਉੱਪਰ ਕੀਤੇ ਗਏ ਸਾਕਾ ਨੀਲਾ ਤਾਰਾ ਆਪਰੇਸ਼ਨ ਤੋਂ ਬਾਅਦ 1985 ਵਿੱਚ ਰਾਜੀਵ-ਲੋਂਗੋਵਾਲ ਸਮਝੌਤਾ ਅਮਲ ਵਿੱਚ ਆ ਗਿਆ ਸੀ। ਇਸ ਤੋਂ ਪਹਿਲਾਂ ਅਕਤੂਬਰ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਸਮਝੌਤੇ ਪੰਜਾਬ ਵਿੱਚ ਚੱਲ ਰਹੇ ਹਿੰਸਕ ਦੌਰ ਨੂੰ ਖ਼ਤਮ ਕਰਵਾਉਣ ਲਈ ਤਤਕਾਲੀ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਹੋਇਆ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਦਰਮਿਆਨ ਇਹ ਮਦ ਵੀ ਪਾਸ ਕਰ ਦਿੱਤੀ ਗਈ ਕਿ ਉਸ ਵੇਲੇ ਤੱਕ ਰਾਜਸਥਾਨ ਅਤੇ ਹਰਿਆਣਾ ਨੂੰ, ਪੰਜਾਬ ਦੇ ਦਰਿਆਈ ਪਾਣੀਆਂ ਦਾ ਜੋ ਹਿੱਸਾ ਮਿਲ ਰਿਹਾ ਸੀ ਉਹ ਨਿਰੰਤਰ ਮਿਲਦਾ ਰਹੇਗਾ।

ਇਸ ਸਮਝੌਤੇ ਨੂੰ ਹੋਰ ਪੰਥਕ ਧਿਰਾਂ ਨੇ ਪ੍ਰਵਾਨ ਨਹੀਂ ਕੀਤਾ ਅਤੇ ਲੌਂਗਵਾਲ ਦਾ ਕਤਲ ਕਰ ਦਿੱਤਾ ਗਿਆ। ਇਹ ਸਮਝੌਤਾ ਕਦੇ ਵੀ ਲਾਗੂ ਨਹੀਂ ਹੋ ਸਕਿਆ। ਐੱਸਵਾਈਐੱਲ ਨਹਿਰ ਦਾ ਮੁੱਦਾ ਕੇਵਲ ਰਾਜਨੀਤਿਕ, ਸਮਾਜਿਕ ਅਤੇ ਕਿਸਾਨੀ ਨਾਲ ਹੀ ਜੁੜਿਆ ਹੋਇਆ ਨਹੀਂ ਹੈ। ਦਰਿਆਈ ਪਾਣੀਆਂ ਕਾਰਨ ਇਸ ਰੇੜਕੇ ਨੂੰ ਲੋਕਾਂ ਨੇ ਲਹੂ-ਲੁਹਾਨ ਹੁੰਦਾ ਵੀ ਦੇਖਿਆ ਹੈ। 23 ਜੁਲਾਈ 1990 ਵਾਲੇ ਦਿਨ ਸਿੱਖ ਖਾੜਕੂ ਲਹਿਰ ਨਾਲ ਜੁੜੇ ਬਲਵਿੰਦਰ ਸਿੰਘ ਜਟਾਣਾ ਤੇ ਉਸ ਦੇ ਸਾਥੀਆਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਪ੍ਰਾਜੈਕਟ ਦੇ ਚੀਫ਼ ਇੰਜੀਨੀਅਰ ਐੱਮਐੱਲਏ ਸੇਖੜੀ ਅਤੇ ਪ੍ਰੋਜੈਕਟ ਦੇ ਸੁਪਰਡੈਂਟ ਅਵਤਾਰ ਸਿੰਘ ਔਲਖ ਨੂੰ ਚੰਡੀਗੜ੍ਹ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਨਹਿਰ ਦੇ ਪ੍ਰੋਜੈਕਟ ਨਾਲ ਜੁੜੇ ਕੁਝ ਮਜ਼ਦੂਰਾਂ ਨੂੰ ਵੀ ਉਸ ਵੇਲੇ ਹਥਿਆਰਬੰਦ ਲੋਕਾਂ ਨੇ ਕਤਲ ਕਰ ਦਿੱਤਾ ਸੀ। ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ, "ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਉਲਝਾਉਣ ਵਿੱਚ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਤੋਂ ਇਲਾਵਾ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਰਾਬਰ ਦੇ ਜ਼ਿਮੇਵਾਰ ਹਨ।"

ਉਹ ਕਹਿੰਦੇ ਹਨ, "ਅਸਲ ਵਿੱਚ ਸਿਆਸੀ ਪਾਰਟੀਆਂ ਇਸ ਸੰਵੇਦਨਸ਼ੀਲ ਮੁੱਦੇ ਨੂੰ ਸਦਾ ਠੰਢਾ ਕਰਨ ਦੀ ਬਜਾਇ ਰਾਜਨੀਤੀ ਦੀ ਅੱਗ ਵਿੱਚ ਝੋਕਣ ਦਾ ਜ਼ਰੀਆ ਬਣੀਆਂ ਹੋਈਆਂ ਹਨ।" "ਬੀਬੀਐੱਮਬੀ ਵੱਲੋਂ ਹੁਣ ਧੌਂਸ ਨਾਲ ਹਰਿਆਣੇ ਨੂੰ ਵਾਧੂ ਪਾਣੀ ਦੇਣ ਦੇ ਵਕਾਲਤ ਕਰਨਾ, ਪੰਜਾਬ ਦੇ ਕਿਸਾਨਾਂ ਦੇ ਜਜ਼ਬਾਤਾਂ ਨਾਲ ਖੇਡਣ ਦੇ ਤੁਲ ਹੈ।"

### 'ਪੰਜਾਬ ਸਰਕਾਰਾਂ ਨੇ ਸਬਕ ਨਹੀਂ ਸਿੱਖੇ'

"ਪੂਰੀ ਦੁਨੀਆ ਵਿੱਚ ਦਰਿਆਈ ਪਾਣੀਆਂ ਦੀ ਵੰਡ ਰਿਪੇਰੀਅਨ ਕਾਨੂੰਨ ਮੁਤਾਬਕ ਹੀ ਹੁੰਦੀ ਆ ਰਹੀ ਹੈ। ਫਿਰ ਪੰਜਾਬ ਅਤੇ ਹਰਿਆਣਾ ਜਾਂ ਰਾਜਸਥਾਨ ਲਈ ਅਜਿਹੀ ਕਿਹੜੀ ਔਕੜ ਵਾਲੀ ਗੱਲ ਹੈ, ਜਿੱਥੇ ਇਹ ਕਾਨੂੰਨ ਲਾਗੂ ਨਹੀਂ ਹੋ ਸਕਦਾ।" ਪ੍ਰੋਫੈਸਰ ਸੇਖੋ ਕਹਿੰਦੇ ਹਨ, "ਪਹਿਲਾਂ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਅਤੇ ਬਾਅਦ ਵਿੱਚ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਟਿਊਬਵੈੱਲ ਬੋਰਾਂ ਲਈ ਮੁਫ਼ਤ ਬਿਜਲੀ ਦੇ ਕਨੈਕਸ਼ਨ ਦੇਣਾ ਵੀ ਪੰਜਾਬ ਦੇ ਧਰਤੀ ਹੇਠਲੇ ਪਾਣੀ ਲਈ ਖ਼ਤਰੇ ਦਾ ਸਬੱਬ ਬਣਿਆ ਹੈ।" "ਹੈਰਾਨੀ ਦੀ ਗੱਲ ਤਾਂ ਹੈ ਕਿ ਪਾਣੀ ਦੀ ਇੰਨੀ ਸੰਵੇਦਨਸ਼ੀਲ ਸਥਿਤੀ ਬਣਨ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਕੋਈ ਸਬਕ ਨਹੀਂ ਸਿੱਖ ਰਹੀਆਂ ਹਨ।" "ਚਾਹੀਦਾ ਤਾਂ ਇਹ ਹੈ ਕਿ ਪੰਜਾਬ ਦੀਆਂ ਸਮੁੱਚੀਆਂ ਪਾਰਟੀਆਂ ਇਕੱਠੀਆਂ ਹੋ ਕੇ ਕੇਂਦਰ ਸਰਕਾਰ ਕੋਲ ਦਰਿਆਈ ਪਾਣੀਆਂ ਦਾ ਜ਼ੋਰਦਾਰ ਪੱਖ ਰੱਖਣ ਪਰ ਇਥੇ ਮੌਕਾਪ੍ਰਸਤ ਰਾਜਨੀਤਿਕ ਲੋਕ ਪਖੰਡਵਾਦੀ ਰਾਜਨੀਤੀ ਕਰ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।" "ਪੰਜਾਬ ਜਲ ਸਰੋਤ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਬੀਬੀਐੱਮਬੀ ਦੇ ਪ੍ਰਬੰਧਕਾਂ ਨੂੰ ਹਰਿਆਣਾ ਨੂੰ ਪਾਣੀ ਨਾ ਦੇਣ ਸਬੰਧੀ ਦਿੱਤੀ ਗਈ ਗਈ ਠੋਸ ਦਲੀਲ ਪੰਜਾਬ ਦੇ ਹੱਕ ਵਿੱਚ ਹੈ।"

### ਰਿਪੇਰੀਅਨ ਕਾਨੂੰਨ ਕੀ ਹੈ

ਦਰਿਆਈ ਪਾਣੀਆਂ ਦੇ ਉਲਝੇ ਮਾਮਲੇ ਅਤੇ ਪਾਣੀਆਂ ਉੱਪਰ ਹੱਕ ਦੇ ਮਸਲੇ ਕੌਮਾਂਤਰੀ ਪੱਧਰ ਉੱਪਰ ਰਿਪੇਰੀਅਨ ਸਿਧਾਂਤ ਮੁਤਾਬਕ ਹੀ ਹੱਲ ਕੀਤੇ ਜਾਂਦੇ ਹਨ। ਜੇਕਰ ਸੌਖੇ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਰਿਪੇਰੀਅਨ ਕਾਨੂੰਨ ਕਹਿੰਦਾ ਹੈ ਕਿ ਦਰਿਆਈ ਪਾਣੀਆਂ ਉੱਪਰ ਹੱਕ ਉਨ੍ਹਾਂ ਖਿੱਤਿਆਂ ਦਾ ਹੈ, ਜਿਨ੍ਹਾਂ ਦੀ ਹੱਦ ਦਰਿਆ ਦੇ ਕਿਨਾਰਿਆਂ ਨਾਲ ਲੱਗਦੀ ਹੋਵੇ। ਪ੍ਰੋਫੈਸਰ ਸੇਖੋਂ ਕਹਿੰਦੇ ਹਨ, "ਮੌਜੂਦਾ ਦੌਰ ਵਿੱਚ ਪੰਜਾਬ ਭਿਆਨਕ ਜਲ ਸੰਕਟ ਦੀਆਂ ਬਰੂਹਾਂ ਉੱਪਰ ਖੜ੍ਹਾ ਹੈ।"

"ਦਰਿਆਈ ਪਾਣੀਆਂ ਦਾ ਲਾਭ ਉਨ੍ਹਾਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ, ਜੋ ਦਰਿਆ ਦੇ ਪਾਣੀ ਦੇ ਚੜ੍ਹ ਆਉਣ 'ਤੇ ਉਸ ਦੇ ਕਿਨਾਰੇ ਵਸ ਕੇ ਹੜ੍ਹਾਂ ਦਾ ਸੰਤਾਪ ਹਰ ਵਰ੍ਹੇ ਭੋਗਦੇ ਹਨ।"

# ਸਰਹੱਦ ਨੇੜੇ ਬਣੇ ਮਦਰਸਿਆਂ ਨੂੰ ਕਿਉਂ ਬੰਦ ਕਰਾ ਰਿਹਾ ਪਾਕਿਸਤਾਨ?

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਵਿੱਚ 26 ਸੈਲਾਨੀਆਂ ਦੀ ਮੌਤ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਇਸ ਵੇਲੇ ਸਿਖਰ 'ਤੇ ਹੈ। ਭਾਰਤ ਦੀ ਕੰਟਰੋਲ ਰੇਖਾ (ਐਲ ਸੀ) ਸਰਹੱਦ ਦੇ ਪਾਰ, ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਵਿੱਚ ਵੀਰਵਾਰ ਨੂੰ ਇੱਕ ਸਰਕਾਰੀ ਆਦੇਸ਼ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਨੇ ਆਪਣੀ ਨਿਗਰਾਨੀ ਹੇਠ ਧਾਰਮਿਕ ਮਦਰਸਿਆਂ ਨੂੰ ਬੰਦ ਕਰ ਦਿੱਤਾ। ਜਦਕਿ ਖੇਤਰ ਦੇ ਹੋਰ ਇਲਾਕਿਆਂ ਵਿੱਚ ਘੱਟੋ-ਘੱਟ ਇੱਕ ਹਜ਼ਾਰ ਮਦਰਸੇ ਦਸ ਦਿਨਾਂ ਲਈ ਬੰਦ ਕਰਵਾ ਦਿੱਤੇ ਗਏ ਹਨ। ਹਾਲਾਂਕਿ, ਇੱਥੇ ਸਕੂਲ, ਕਾਲਜ ਅਤੇ ਯੂਨੀਵਰਸਿਟੀ ਖੁੱਲ੍ਹੀਆਂ ਹਨ। ਸਥਾਨਕ ਪ੍ਰਸ਼ਾਸਨ ਕੰਟਰੋਲ ਰੇਖਾ ਜਾਂ ਐਲ ਸੀ ਦੇ ਨੇੜੇ ਦੇ ਇਲਾਕਿਆਂ ਵਿੱਚ ਮਦਰਸਿਆਂ ਨੂੰ ਬੰਦ ਕਰਨ 'ਤੇ ਨਜ਼ਰ ਰੱਖ ਰਿਹਾ ਹੈ।

ਸਰਕਾਰੀ ਪੱਤਰ ਵਿੱਚ ਨਾ ਸਿਰਫ਼ ਮਦਰਸਿਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਹੈ, ਸਗੋਂ ਇਲਾਕੇ ਵਿੱਚ ਸੈਲਾਨੀਆਂ ਦੇ ਦਾਖਲੇ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਵੇਲੇ, ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਦੇ ਇਲਾਕਿਆਂ ਵਿੱਚ, ਖਾਸ ਕਰਕੇ ਕੰਟਰੋਲ ਰੇਖਾ ਦੇ ਨੇੜਲੇ ਇਲਾਕਿਆਂ ਵਿੱਚ ਲੋਕਾਂ ਨੂੰ ਹਥਿਆਰਾਂ ਨੂੰ ਚਲਾਉਣ, ਆਤਮ-ਰੱਖਿਆ ਅਤੇ ਮੁੱਢਲੀ ਸਹਾਇਤਾ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ, ਮੁਜ਼ੱਫਰਾਬਾਦ ਸ਼ਹਿਰ ਵਿੱਚ ਇੱਕ ਐਮਰਜੈਂਸੀ ਫੰਡ ਸਥਾਪਤ ਕੀਤਾ ਗਿਆ ਹੈ, ਜਦਕਿ ਕੰਟਰੋਲ ਰੇਖਾ ਦੇ ਨੇੜਲੇ ਪਿੰਡਾਂ ਵਿੱਚ ਦੋ ਮਹੀਨਿਆਂ ਲਈ ਖਾਣੇ, ਪਾਣੀ ਅਤੇ ਡਾਕਟਰੀ ਸਪਲਾਈ ਭੇਜੀ ਗਈ ਹੈ। ਮੁਜ਼ੱਫਰਾਬਾਦ ਦੇ ਇਲਾਕੇ ਵਿੱਚ ਰੈਡ ਕ੍ਰੀਸੈਂਟ ਦੇ ਮੁਖੀ ਗੁਲਜ਼ਾਰ ਫਾਤਿਮਾ ਨੇ ਖ਼ਬਰ ਏਜੰਸੀਆਂ



ਨੂੰ ਦੱਸਿਆ ਕਿ ਜਿਵੇਂ ਹੀ ਇਲਾਕੇ ਵਿੱਚ ਤਣਾਅ ਦੇਖਿਆ ਗਿਆ, ਇਲਾਕੇ ਵਿੱਚ ਮੁੱਢਲੀ ਸਹਾਇਤਾ ਸੇਵਾ ਨਾਲ ਜੁੜੇ ਲੋਕਾਂ ਅਤੇ ਹੋਰ ਕਰਮਚਾਰੀਆਂ ਨੂੰ ਤਾਇਨਾਤ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਭਾਰਤ ਵੱਲੋਂ ਫੌਜੀ ਕਾਰਵਾਈ ਦੀ ਸੂਰਤ ਵਿੱਚ, ਕੰਟਰੋਲ ਰੇਖਾ ਦੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਵੱਡੇ ਪੱਧਰ 'ਤੇ ਲੋਕਾਂ ਦੇ ਪਲਾਇਨ ਦੀ ਸੰਭਾਵਨਾ ਹੈ, ਇਸ ਲਈ ਉਨ੍ਹਾਂ ਦਾ ਸੰਗਠਨ ਘੱਟੋ-ਘੱਟ 500 ਲੋਕਾਂ ਲਈ ਰਾਹਤ ਕੈਂਪ ਤਿਆਰ ਕਰ ਰਿਹਾ ਹੈ।

### ਮਦਰਸੇ ਕਿਉਂ ਬੰਦ ਕਰਵਾਏ ਗਏ?

ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਦੇ ਹਜੀਰਾ ਖੇਤਰ ਵਿੱਚ ਕੰਟਰੋਲ ਰੇਖਾ ਤੋਂ ਲਗਭਗ ਨੌਂ ਕਿਲੋਮੀਟਰ ਦੂਰ ਸਥਿਤ ਇੱਕ ਧਾਰਮਿਕ ਮਦਰਸਾ, ਜਾਮਿਆ ਮਦੀਨਾ ਅਰਬਿਆ ਨੂੰ ਸਥਾਨਕ ਪ੍ਰਸ਼ਾਸਨ ਦੇ ਹੁਕਮਾਂ 'ਤੇ ਘੱਟੋ-ਘੱਟ ਦਸ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ। ਇਸ ਮਦਰੱਸੇ ਵਿੱਚ 200 ਤੋਂ ਵੱਧ ਵਿਦਿਆਰਥੀ ਧਾਰਮਿਕ ਸਿੱਖਿਆ ਪ੍ਰਾਪਤ ਕਰਦੇ ਹਨ। ਵੀਰਵਾਰ ਨੂੰ, ਇਨ੍ਹਾਂ ਵਿਦਿਆਰਥੀਆਂ ਨੂੰ ਅਚਾਨਕ ਮਦਰਸਾ ਪ੍ਰਸ਼ਾਸਨ ਨੇ ਐਮਰਜੈਂਸੀ ਆਧਾਰ 'ਤੇ ਉਨ੍ਹਾਂ ਦੇ ਘਰ ਭੇਜ ਦਿੱਤਾ। ਜਾਮਿਆ ਮਦੀਨਾ ਅਰਬਿਆ ਮਦਰਸੇ ਦੇ ਮੁਖੀ ਮੌਲਵੀ ਗੁਲਾਮ ਸ਼ਾਕਿਰ ਨੇ ਕਿਹਾ ਕਿ ਉਨ੍ਹਾਂ ਨੂੰ ਸਥਾਨਕ ਸਰਕਾਰ ਨੇ ਅਸਾਧਾਰਨ ਸਥਿਤੀ ਦੇ ਕਾਰਨ ਮਦਰਸੇ ਨੂੰ ਬੰਦ ਕਰਨ ਲਈ ਕਿਹਾ ਸੀ। ਜਦੋਂ ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਤੋਂ ਪੁੱਛਿਆ ਕਿ ਕੀ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਭਾਰਤ ਦੁਆਰਾ ਕਿਸੇ ਵੀ ਸੰਭਾਵੀ ਕਾਰਵਾਈ ਵਿੱਚ ਮਦਰਸੇ ਆਸਾਨ ਨਿਸ਼ਾਨਾ ਬਣ ਸਕਦੇ ਹਨ। ਮੌਲਵੀ ਗੁਲਾਮ ਸ਼ਾਕਿਰ ਨੇ ਕਿਹਾ ਕਿ ਸਰਕਾਰੀ ਏਜੰਸੀ ਵੱਲੋਂ ਇਹ ਵੀ ਕਿਹਾ ਹੈ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਵਾਲੇ ਜ਼ਿਆਦਾਤਰ ਬੱਚੇ ਹੋਸਟਲਾਂ ਵਿੱਚ ਨਹੀਂ ਰਹਿੰਦੇ, ਜਦਕਿ ਮਦਰਸਿਆਂ ਵਿੱਚ ਪੜ੍ਹਨ ਵਾਲੇ ਜ਼ਿਆਦਾਤਰ ਬੱਚੇ ਹੋਸਟਲ ਵਿੱਚ ਰਹਿੰਦੇ ਹਨ, ਜਿਸ ਕਾਰਨ ਮਦਰਸੇ ਜ਼ਿਆਦਾ ਖਤਰੇ ਵਿੱਚ ਹਨ।

ਉਨ੍ਹਾਂ ਕਿਹਾ, "ਸਾਡਾ ਮਦਰਸਾ ਕੰਟਰੋਲ ਰੇਖਾ ਤੋਂ ਥੋੜ੍ਹੀ ਦੂਰੀ 'ਤੇ ਹੀ ਸਥਿਤ ਹੈ। ਇਸ ਤੋਂ ਪਹਿਲਾਂ 2019 ਵਿੱਚ, ਝੜਪਾਂ ਦੌਰਾਨ ਸਾਡੇ ਮਦਰਸੇ ਦੇ ਨੇੜੇ ਗੋਲੇ ਡਿੱਗੇ ਸਨ, ਪਰ ਉਸ ਸਮੇਂ ਕੋਈ ਨੁਕਸਾਨ ਨਹੀਂ ਹੋਇਆ ਸੀ।"

ਉਨ੍ਹਾਂ ਅੱਗੇ ਕਿਹਾ, "ਜੇਕਰ ਭਾਰਤ ਵੱਲੋਂ ਸਰਹੱਦ ਪਾਰ ਤੋਂ ਗੋਲੀਬਾਰੀ ਵਿੱਚ ਭਾਰੀ ਹਥਿਆਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਖ਼ਤਰਾ ਹੈ ਕਿ ਸਾਡਾ ਮਦਰਸਾ ਵੀ ਇਸ ਦੇ ਹਮਲੇ ਦੀ ਲਪੇਟ ਵਿੱਚ ਆ ਸਕਦਾ ਹੈ, ਇਸ ਲਈ ਅਸੀਂ ਮਦਰਸੇ ਨੂੰ ਬੰਦ ਕਰਨ ਦੇ ਹੁਕਮ ਦੀ ਪਾਲਣਾ ਕੀਤੀ।"

ਸਾਲ 2019 ਵਿੱਚ, ਕਸ਼ਮੀਰ ਦੇ ਪੁਲਵਾਮਾ ਵਿੱਚ ਭਾਰਤੀ ਅਰਧ ਸੈਨਿਕ ਬਲਾਂ ਦੇ ਜਵਾਨਾਂ ਨਾਲ ਭਰੀ ਬੱਸ 'ਤੇ ਇੱਕ ਆਤਮਘਾਤੀ ਹਮਲਾ ਹੋਇਆ ਸੀ, ਜਿਸ ਵਿੱਚ 40 ਤੋਂ ਵੱਧ ਸੈਨਿਕ ਮਾਰੇ ਗਏ ਸਨ। ਇਸਦੀ ਜ਼ਿੰ-ਮੇਵਾਰੀ ਪਾਬੰਦੀਸ਼ੁਦਾ ਕੱਟੜਪੰਥੀ ਸੰਗਠਨ ਜੈਸ਼-ਏ-ਮੁਹੰਮਦ ਨੇ ਲਈ ਸੀ।

ਬਾਅਦ ਵਿੱਚ, ਭਾਰਤੀ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਨੇ ਬਾਲਾਕੋਟ ਖੇਤਰ ਵਿੱਚ ਹਵਾਈ ਹਮਲੇ ਕੀਤੇ ਸਨ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਇਸ ਕਾਰਵਾਈ ਵਿੱਚ ਜੈਸ਼-ਏ-ਮੁਹੰਮਦ ਦਾ ਸਿਖਲਾਈ ਕੈਂਪ ਤਬਾਹ ਕਰ ਦਿੱਤਾ ਗਿਆ ਸੀ ਅਤੇ ਬਹੁਤ ਸਾਰੇ 'ਅੱਤਵਾਦੀ' ਮਾਰੇ ਗਏ ਸਨ। "ਜਿਵੇਂ ਹੀ ਗੋਲੀਬਾਰੀ ਸ਼ੁਰੂ ਹੁੰਦੀ ਹੈ, ਲੋਕ ਬੰਕਰਾਂ ਵਿੱਚ ਚਲੇ ਜਾਂਦੇ ਹਨ' ਸ਼੍ਰੀਨਗਰ ਤੋਂ ਮਹਿਜ਼ 100 ਕਿਲੋਮੀਟਰ ਦੂਰ, ਕੰਟਰੋਲ ਰੇਖਾ ਦੇ ਦੂਜੇ ਪਾਸੇ ਚਕੋਠੀ ਸੈਕਟਰ ਹੈ, ਜਿੱਥੇ ਲੋਕਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਮੱਦੇਨਜ਼ਰ ਆਪਣੇ ਘਰਾਂ ਵਿੱਚ ਬੰਕਰ ਬਣਾ ਲਏ ਹਨ। 22 ਸਾਲਾ ਫੈਜ਼ਾਨ ਇਨਾਇਤ ਨੇ ਖ਼ਬਰ ਏਜੰਸੀ ਰਾਇਟਰਜ਼ ਨਾਲ ਗੱਲਬਾਤ ਵਿੱਚ ਦੱਸਿਆ ਕਿ "ਜਿਵੇਂ ਹੀ ਗੋਲੀਬਾਰੀ ਸ਼ੁਰੂ ਹੁੰਦੀ ਹੈ, ਲੋਕ ਬੰਕਰਾਂ ਵਿੱਚ ਚਲੇ ਜਾਂਦੇ ਹਨ।"

ਦੋਵਾਂ ਦੇਸ਼ਾਂ ਵਿਚਾਲੇ ਹਾਲ ਹੀ ਵਿੱਚ ਹੋਏ ਤਣਾਅ ਤੋਂ ਬਾਅਦ, ਕਸ਼ਮੀਰ ਵਿੱਚ ਕੰਟਰੋਲ ਰੇਖਾ 'ਤੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਗੋਲੀਬਾਰੀ ਲਗਾਤਾਰ ਜਾਰੀ ਹੈ। ਇਸ ਦੇ ਨਾਲ ਹੀ, ਲੀਪਾ ਘਾਟੀ ਦੇ ਤਹਿਸੀਲ ਪ੍ਰਸ਼ਾਸਨ ਨੇ ਕਿਸੇ ਵੀ ਸੰਭਾਵੀ ਸਥਿਤੀ ਨਾਲ ਨਜਿੱਠਣ ਦੀ ਅਪੀਲ ਕਰਕੇ ਹੋਏ ਵਲੰਟੀਅਰਾਂ ਨੂੰ ਮੁੱਢਲੀ ਸਹਾਇਤਾ ਨਾਲ ਸਬੰਧਤ ਸਿਖਲਾਈ ਦਿੱਤੀ ਹੈ। ਅਧਿਕਾਰੀਆਂ ਦੀ ਇਸ ਅਪੀਲ ਤੋਂ ਬਾਅਦ, ਬਹੁਤ ਸਾਰੇ ਲੋਕਾਂ ਨੇ ਆਪਣੇ ਆਪ ਨੂੰ ਵਲੰਟੀਅਰਾਂ ਵਜੋਂ ਪੇਸ਼ ਕੀਤਾ ਹੈ। ਅਜਿਹੇ ਹੀ ਇੱਕ ਵਲੰਟੀਅਰ, ਉਮੈਰ ਮੁਹੰਮਦ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਜੇ ਅੱਜ ਨਹੀਂ ਤਾਂ ਕੱਲ੍ਹ, ਅਤੇ ਜੇ ਕੱਲ੍ਹ ਨਹੀਂ ਤਾਂ ਪਰਸੋਂ, ਭਾਰਤ ਨਾਲ ਜੰਗ ਹੋਵੇਗੀ। ਇਹ ਜੰਗ ਸ਼ਾਇਦ ਕੰਟਰੋਲ ਰੇਖਾ 'ਤੇ ਹੋਵੇਗੀ ਅਤੇ ਸਾਡਾ ਇਲਾਕਾ ਪ੍ਰਭਾਵਿਤ ਹੋਵੇਗਾ, ਇਸ ਲਈ ਮੈਂ ਆਪਣੇ ਦੋਸਤਾਂ ਨਾਲ ਇਹ ਸਿਖਲਾਈ ਲੈਣ ਦਾ ਫੈਸਲਾ ਕੀਤਾ।"

### ਨੀਲਮ ਘਾਟੀ ਸੈਲਾਨੀਆਂ ਤੋਂ ਸੁੰਨੀ

ਮੰਨਿਆ ਜਾਂਦਾ ਹੈ ਕਿ ਨੀਲਮ ਘਾਟੀ, ਦੂਜੇ ਇਲਾਕਿਆਂ ਦੀ ਤੁਲਨਾ ਵਿੱਚ ਵਧੇਰੇ ਸੈਲਾਨੀਆਂ ਨੂੰ ਆਕਰਸ਼ਿਤ ਕਰਦੀ ਹੈ। ਪਿਛਲੇ ਸਾਲ, ਅਪ੍ਰੈਲ ਦੇ ਅਖੀਰ ਅਤੇ ਮਈ ਦੇ ਸ਼ੁਰੂ ਵਿੱਚ, ਕੰਟਰੋਲ ਰੇਖਾ 'ਤੇ ਨੀਲਮ ਘਾਟੀ ਦੇ ਆਖਰੀ ਪਿੰਡ ਤੌਬਾਤ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀ ਮੌਜੂਦ ਸਨ। ਇਸ ਸਾਲ ਵੀ ਅਪ੍ਰੈਲ ਦੇ ਅਖੀਰ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀ ਤੌਬਾਤ ਪਹੁੰਚੇ ਸਨ, ਪਰ ਭਾਰਤ ਵੱਲੋਂ ਸੰਭਾਵੀ ਹਮਲੇ ਦੇ ਮੱਦੇਨਜ਼ਰ, ਇਨ੍ਹਾਂ ਸੈਲਾਨੀਆਂ ਨੂੰ ਇਲਾਕਾ ਖਾਲੀ ਕਰਨ ਲਈ ਕਹਿ ਦਿੱਤਾ ਗਿਆ। ਨਿਸਾਰ ਅਹਿਮਦ ਅਤੇ ਉਨ੍ਹਾਂ ਦੇ ਪਤਨੀ ਨਸਰੀਨ ਅਹਿਮਦ ਆਪਣੇ ਬੱਚਿਆਂ ਨਾਲ ਬ੍ਰਿਟੇਨ ਤੋਂ ਪਾਕਿਸਤਾਨ ਆਏ ਸਨ। ਪਾਕਿਸਤਾਨ ਦੀ ਆਪਣੀ ਫੇਰੀ ਦੌਰਾਨ, ਉਨ੍ਹਾਂ ਨੇ ਆਪਣੇ ਬੱਚਿਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਨੂੰ ਨੀਲਮ ਵੈਲੀ ਤੋਂ ਇਲਾਵਾ ਹੋਰ ਖੇਤਰਾਂ ਦੀ ਵੀ ਸੈਰ ਕਰਵਾਉਣਗੇ, ਪਰ ਹੁਣ ਉਹ ਨਿਰਾਸ਼ ਹਨ। ਨਿਸਾਰ ਅਹਿਮਦ ਕਹਿੰਦੇ ਹਨ ਕਿ 1 ਮਈ ਨੂੰ ਨੀਲਮ ਘਾਟੀ ਵਿੱਚ ਕਿਹਾ ਗਿਆ ਸੀ ਕਿ ਬਿਹਤਰ ਹੋਵੇਗਾ ਕਿ ਅਸੀਂ ਤੁਰੰਤ ਵਾਪਸ ਚਲੇ ਜਾਈਏ। ਉਨ੍ਹਾਂ ਕਿਹਾ, "ਉਸ ਤੋਂ ਬਾਅਦ ਅਸੀਂ ਨਿਰਾਸ਼ ਵਾਪਸ ਪਰਤ ਆਏ ਹਾਂ। ਹੁਣ ਮੈਨੂੰ ਨਹੀਂ ਪਤਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਨੀਲਮ ਘਾਟੀ ਦੁਬਾਰਾ ਦਿਖਾਉਣ ਦਾ ਮੌਕਾ ਮਿਲੇਗਾ ਜਾਂ ਨਹੀਂ।"

ਮੁਹੰਮਦ ਯਾਹੀਆ ਸ਼ਾਹ ਤੌਬਾਤ ਹੋਟਲ ਅਤੇ ਗੈਸਟ ਹਾਊਸ ਐਸੋਸੀਏਸ਼ਨ ਦੇ ਪ੍ਰਧਾਨ ਹਨ। ਉਹ ਕਹਿੰਦੇ ਹਨ ਕਿ ਸੈਰ-ਸਪਾਟਾ ਤੌਬਾਤ ਅਤੇ ਨੀਲਮ ਘਾਟੀ ਦੇ ਸਥਾਨਕ ਲੋਕਾਂ ਲਈ ਰੋਜ਼ੀ-ਰੋਟੀ ਦਾ ਮੁੱਖ ਸਰੋਤ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਦੋ ਦਿਨ ਪਹਿਲਾਂ ਹੀ ਇੱਥੇ ਵੱਡੀ ਗਿਣਤੀ ਵਿੱਚ ਸੈਲਾਨੀ ਆਏ ਸਨ, ਪਰ ਹੁਣ ਤੌਬਾਤ ਅਤੇ ਨੀਲਮ ਵੈਲੀ ਸੈਲਾਨੀਆਂ ਤੋਂ ਸੁੰਨੇ ਪਏ ਹਨ। ਉਨ੍ਹਾਂ ਦੇ ਅਨੁਸਾਰ, ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਸੈਲਾਨੀਆਂ ਦੇ ਦਾਖਲੇ ਨੂੰ ਵੀ ਰੋਕ ਦਿੱਤਾ ਗਿਆ ਹੈ ਅਤੇ ਇਹ ਪਾਬੰਦੀ ਅਸਥਾਈ ਹੋਵੇਗੀ ਅਤੇ ਜਿਵੇਂ ਹੀ ਸਥਿਤੀ ਵਿੱਚ ਸੁਧਾਰ ਹੋ ਜਾਵੇਗਾ, ਸੈਲਾਨੀਆਂ ਨੂੰ ਦੁਬਾਰਾ ਆਉਣ ਦੀ ਆਗਿਆ ਦੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਈ ਲਈ ਲਗਭਗ ਸਾਰੇ ਗੈਸਟ ਹਾਊਸ ਅਤੇ ਹੋਟਲ 50 ਫੀਸਦੀ ਬੁੱਕ ਹੋ ਚੁੱਕੇ ਹਨ, ਪਰ ਹੁਣ ਜਦੋਂ ਸੈਲਾਨੀਆਂ ਦੇ ਦਾਖਲੇ 'ਤੇ ਪਾਬੰਦੀ ਹੈ, ਤਾਂ ਦੇਖਦੇ ਹਾਂ ਅੱਗੇ ਕੀ ਹੁੰਦਾ ਹੈ।

### ਪ੍ਰਸ਼ਾਸਨ ਕੀ ਕਹਿ ਰਿਹਾ ਹੈ?

ਸਥਾਨਕ ਪ੍ਰਸ਼ਾਸਨ ਦੇ ਬੁਲਾਰੇ ਪੀਰ ਮਜ਼ਹਰ ਸਈਦ ਸ਼ਾਹ ਨੇ ਦੱਸਿਆ ਕਿ ਕਿਸੇ ਨੂੰ ਵੀ ਸੰਭਾਵੀ ਭਾਰਤੀ ਹਮਲੇ ਦਾ ਡਰ ਨਹੀਂ ਹੈ, ਪਰ ਲੋਕ ਕਿਸੇ ਵੀ ਕਾਰਵਾਈ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਕਿ ਸਕੂਲ ਅਤੇ ਕਾਲਜ ਖੁੱਲ੍ਹੇ ਹਨ, ਪਰ ਭਾਰਤ ਵੱਲੋਂ ਸੰਭਾਵੀ ਹਮਲੇ ਦੇ ਮੱਦੇਨਜ਼ਰ ਕੁਝ ਮਦਰੱਸੇ ਬੰਦ ਕਰ ਦਿੱਤੇ ਗਏ ਹਨ, ਜਦਕਿ ਬਾਕੀਆਂ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਕਿ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਨਹੀਂ। ਉਨ੍ਹਾਂ ਬਾਰੇ ਜਲਦ ਹੀ ਫੈਸਲਾ ਲਿਆ ਜਾਵੇਗਾ। ਪੀਰ ਮਜ਼ਹਰ ਸਈਦ ਸ਼ਾਹ ਨੇ ਕਿਹਾ ਕਿ ਇਸੇ ਡਰ ਕਾਰਨ ਸੈਲਾਨੀਆਂ ਨੂੰ ਕੁਝ ਦਿਨਾਂ ਲਈ ਇੱਥੇ ਆਉਣ ਤੋਂ ਵੀ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ 27 ਅਤੇ 28 ਅਪ੍ਰੈਲ ਨੂੰ ਲਗਭਗ 1250 ਸੈਲਾਨੀ ਨੀਲਮ ਘਾਟੀ ਵਿੱਚ ਦਾਖਲ ਹੋਏ। "ਇਹ ਇੱਕ ਵੱਡੀ ਗਿਣਤੀ ਹੈ ਜੋ ਸਾਬਤ ਕਰਦੀ ਹੈ ਕਿ ਕੋਈ ਵੀ ਡਰਿਆ ਨਹੀਂ ਹੈ।

ਹਾਲਾਂਕਿ ਭਾਰਤ ਦੀਆਂ ਧਮਕੀਆਂ ਤੋਂ ਬਾਅਦ ਸਾਵਧਾਨੀ ਦੇ ਤੌਰ 'ਤੇ ਸੈਲਾਨੀਆਂ ਨੂੰ ਰੋਕ ਦਿੱਤਾ ਗਿਆ ਸੀ, ਪਰ ਜੋ ਪਹਿਲਾਂ ਹੀ ਸੈਰ-ਸਪਾਟਾ ਸਥਾਨਾਂ 'ਤੇ ਸਨ, ਉਨ੍ਹਾਂ ਨੂੰ ਕੱਢਿਆ ਨਹੀਂ ਗਿਆ।" ਉਨ੍ਹਾਂ ਦਾਅਵਾ ਕੀਤਾ ਕਿ ਇਸ ਇਲਾਕੇ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤੀਪੂਰਨ ਹੈ।

# ਵਿਪਸਾਅ ਵੱਲੋਂ ਲਾਜ ਨੀਲਮ ਸੈਣੀ ਦੇ ਨਾਵਲ 'ਅਲਵਿਦਾ! ....ਕਦੇ ਵੀ ਨਹੀਂ' ਉੱਪਰ ਸਾਹਿਤਕ ਸਮਾਗਮ ਕਿਤਾਬ ਨੂੰ ਸਾਹਿਤ ਪ੍ਰੇਮੀਆਂ ਵਲੋਂ ਭਰਵਾਂ ਹੁੰਗਾਰਾ ਮਿਲਿਆ

ਹੇਵਰਡ (ਕੈਲੀਫ਼ੋਰਨੀਆ) ਬੀਤੇ ਐਤਵਾਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਲੇਖਿਕਾ ਲਾਜ ਨੀਲਮ ਸੈਣੀ ਦੇ ਮੂਲਕ ਆਤਮ ਜੀਵਨੀ ਨਾਵਲ 'ਅਲਵਿਦਾ! ਕਦੇ ਵੀ ਨਹੀਂ' ਉੱਪਰ ਕਰਵਾਇਆ ਗਿਆ ਸਾਹਿਤਕ ਸਮਾਗਮ ਬਹੁਤ ਸਫ਼ਲ ਰਿਹਾ। ਕੁਲਵਿੰਦਰ ਨੇ ਸਮਾਗਮ ਦੇ ਆਰੰਭ ਵਿੱਚ ਸਭ ਨੂੰ ਜੀ ਆਇਆਂ ਕਿਹਾ ਅਤੇ ਇਸ ਸਾਲ ਹੋਣ ਵਾਲੇ ਹੋਰ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਪਿਛਲੇ ਦਿਨੀ ਵਿਛੋੜਾ ਦੇ ਗਏ ਗ਼ਜ਼ਲਕਾਰ ਨਦੀਮ ਪਰਮਾਰ, ਪਸ਼ੌਰਾ ਸਿੰਘ ਢਿੱਲੋਂ ਅਤੇ ਡਾ ਹਰਜਿੰਦਰ ਸਿੰਘ ਅਟਵਾਲ ਅਤੇ ਪਹਿਲਗਾਮ ਵਿੱਚ ਮਾਰੇ ਗਏ ਨਿਰਦੋਸ਼ਾਂ ਨੂੰ ਕੁਝ ਪਲ ਮੋਨ ਰੱਖਕੇ ਸ਼ਰਧਾਂਜਲੀ ਭੇਟ ਕੀਤੀ। ਜਗਜੀਤ ਨੌਸ਼ਹਿਰਵੀ ਨੇ ਕਿਹਾ ਅਸੀਂ ਦੁਆ ਕਰਦੇ ਹਾਂ ਕਿ ਸਰਹੱਦ ਦੇ ਦੋਵੇਂ ਪਾਸੇ ਅਮਨ ਰਹੇ ਅਤੇ ਲੋਕ ਖ਼ੁਸ਼ਹਾਲ ਵੱਸਣ। ਸੁਖਦੇਵ ਸਾਹਿਲ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦਾ ਗਾਇਨ ਕਰਕੇ ਹੋਣ ਜਾ ਰਹੀ ਸਾਹਿਤਕ ਵਿਚਾਰ ਚਰਚਾ ਲਈ ਸੰਜੀਦਾ ਮਾਹੌਲ ਤਿਆਰ ਕੀਤਾ।




ਸਮਾਗਮ ਦੀ ਪ੍ਰਧਾਨਗੀ ਸਰਬਜੀਤ ਸਿੰਘ ਗਿੱਲ, ਡਾ. ਸੁਖਵਿੰਦਰ ਕੰਬੋਜ, ਵਿਪਸਾਅ ਪ੍ਰਧਾਨ ਕੁਲਵਿੰਦਰ, ਲਾਜ ਨੀਲਮ ਸੈਣੀ, ਹਰਜਿੰਦਰ ਸਿੰਘ ਪੰਧੇਰ ਅਤੇ ਤਾਰਾ ਸਿੰਘ ਸਾਗਰ ਨੇ ਕੀਤੀ। ਲਾਜ ਨੀਲਮ ਨੇ ਕਿਤਾਬ ਦੀ ਪਿੱਠਭੂਮੀ, ਲਿਖਣ ਪ੍ਰੇਰਣਾ, ਅਤੇ ਪ੍ਰਕਿਰਿਆ ਬਾਰੇ ਆਪਣਾ ਪੱਖ ਸਰੋਤਿਆਂ ਸਾਹਮਣੇ ਰੱਖਿਆ। ਉਸਨੇ ਕਿਹਾ ਕਿ ਇਹ ਨਾਵਲ ਲਿਖਦਿਆਂ ਮੇਰਾ ਦਰਦ ਅੱਥਰੂ ਬਣ ਕੇ ਵਗਦਾ ਹੋਇਆ ਸ਼ਬਦਾਂ ਦਾ ਰੂਪ ਧਾਰਨ ਕਰ ਲੈਂਦਾ, ਲਾਜ ਅੱਖਰ-ਅੱਖਰ ਹੁੰਦਾ ਮੇਰੇ ਨਾ਼ਲ ਤੁਰ ਪੈਂਦਾ, ਸ਼ਬਦ ਅੱਗੇ ਦੌੜਨ ਲੱਗਦੇ, ਮੈਂ ਪਿੱਛੇ ਰਹਿ ਜਾਂਦੀ। ਇਸ ਲਿਖਣ ਤਜਰਬੇ ਵਿਚੋਂ ਮੈਨੂੰ ਨਵੀਂ ਜੀਵਨ ਸ਼ਕਤੀ ਮਿਲੀ ਹੈ। ਪ੍ਰੋ ਬਲਜਿੰਦਰ ਸਵੈਚ ਨੇ ਨਾਵਲ ਦਾ ਸਾਹਿਤਕ ਮੁਲਅੰਕਣ ਕਰਦਾ ਆਪਣਾ ਪਰਚਾ 'ਸਾਕਾਰਾਤਮਿਕ ਮਨੋ-ਸਥਿਤੀਆਂ ਦਾ ਬਿਰਤਾਂਤ - ਅਲਵਿਦਾ!... ਕਦੇ ਵੀ ਨਹੀਂ' ਪੜ੍ਹਿਆ। ਉਹਨਾਂ ਨੇ ਨਾਵਲ ਤੇ ਚਰਚਾ ਛੇੜਦੇ ਕਿਹਾ ਕਿ "ਇਸ ਨਾਵਲ ਦਾ ਬਿਰਤਾਂਤ ਲਗਾਤਾਰ ਮਨੁੱਖੀ ਜੀਵਨ ਦੇ ਸੱਚ ਤੇ ਉਸ ਦੇ ਦਾਰਸ਼ਨਿਕ ਅਧਾਰਾਂ ਨੂੰ ਇਕ ਦੂਜੇ ਵਿਚ ਵਿਉਂਤ ਕੇ ਪੇਸ਼ ਕਰਦਾ ਹੈ। ਸਿਮਰਤੀਆਂ ਰਾਹੀਂ ਅਤੀਤ ਨੂੰ ਵਰਤਮਾਨ ਵਿਚ ਹਾਜ਼ਰ ਕਰ ਲੈਣਾ ਅਤੇ ਉਸ ਦੀ ਹਾਜ਼ਰੀ ਨਾਲ ਵਰਤਮਾਨ ਦੇ ਸੰਤਾਪ ਨੂੰ ਸਾਕਾਰਾਤਮਿਕ ਰੂਪ ਵਿੱਚ ਨਵੇਂ ਅਰਥ ਦੇਣਾ ਇਸ ਨਾਵਲ ਦੇ ਬਿਰਤਾਂਤ ਦੀ ਬਹੁਤ ਮਹੱਤਵਪੂਰਨ ਵਿਧੀ ਹੈ। ਔਰਤ ਨਾਵਲਕਾਰ ਹੋਣ ਦੇ ਬਾਵਜੂਦ ਨਾਰੀ ਵਾਦੀ ਦ੍ਰਿਸ਼ਟੀ ਦੇ ਬੋਝ ਤੋਂ ਮੁਕਤ ਹੋ ਕੇ ਔਰਤ-ਮਰਦ ਦੇ ਮੋਹ ਵੰਨੇ ਰਿਸ਼ਤੇ ਦੀ ਬਰੀਕੀ ਨਾਲ ਪੇਸ਼ਕਾਰੀ ਅਤੇ ਘਰ ਪਰਿਵਾਰ ਤੇ ਸਵੈ ਦੇ ਸੰਤੁਲਿਤ ਰਿਸ਼ਤੇ ਨਾਵਲ ਦੇ ਬਿਰਤਾਂਤ ਦੀ ਖ਼ਾਸ ਰੰਗ ਪ੍ਰਦਾਨ ਕਰਦੇ ਹਨ।"

ਸੁਰਿੰਦਰ ਸੀਰਤ ਨੇ ਇਸ ਕਿਤਾਬ ਵਿਚਲੇ ਵਾਰਤਾਲਾਪ, ਵਿਸ਼ੇ ਅਤੇ ਭਾਸ਼ਾ ਨੂੰ ਸਰਾਹਿਆ। ਉਹਨਾਂ ਕਿਹਾ ਸਿਰਫ ਸੱਚ ਹੀ ਸਾਹਿਤ ਨਹੀਂ ਹੁੰਦਾ ਪਰ ਸੱਚ ਨੂੰ ਕਾਲਪਨਿਕ ਰੂਪ ਦੇ ਕੇ ਕਿਸੇ ਹੋਰ ਰੰਗ ਵਿੱਚ ਯਥਾਰਥ ਨੂੰ ਪੇਸ਼ ਕਰਨਾ ਸਾਹਿਤ ਹੈ। ਨੀਲਮ ਵਲੋਂ ਨਾਵਲ ਵਿਚਲੇ ਵਾਰਤਾਲਾਪ ਵਿੱਚ ਸਾਹਿਤ ਦਾ ਯਥਾਰਥ ਬੜੇ ਕਲਾਤਮਕ ਤਰੀਕੇ ਨਾਲ ਪੇਸ਼ ਕੀਤਾ। ਇਸ ਕਰਕੇ ਇਹ ਕਿਤਾਬ ਨੀਲਮ ਦੀ ਅਤੇ ਵਿਪਸਾਅ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਹਨਾਂ ਇਸ ਖ਼ੂਬਸੂਰਤ ਰਚਨਾ ਲਈ ਲਾਜ ਨੀਲਮ ਨੂੰ ਵਧਾਈ ਦਿੱਤੀ। ਲਖਵਿੰਦਰ ਕੌਰ ਲੱਕੀ ਨੇ ਕਿਹਾ ਕਿ ਉਸ ਨੇ ਇਸ ਨਾਵਲ ਵਿਚਲੇ ਕਥਾਸਾਰ, ਪਾਤਰਾਂ ਅਤੇ ਪਿੱਠਭੂਮੀ ਨਾਲ ਬਹੁਤ ਆਈਡੈਂਟੀਫਾਈ ਕੀਤਾ ਹੈ ਅਤੇ ਨਾਵਲ ਪੜ੍ਹਦਿਆਂ ਬਹੁਤ ਵਾਰ ਭਾਵੁਕ ਹੋਈ ਹੈ। ਪ੍ਰਿੰ. ਹਰਿੰਦਰਪਾਲ ਕੌਰ ਸੰਧੂ ਨੇ ਲਾਜ ਨੀਲਮ ਵੱਲੋਂ ਅਮਰੀਕੀ ਸਮਾਜਕ ਸਥਿਤੀਆਂ ਦੇ ਮੱਦੇਨਜ਼ਰ ਪਰਵਾਰਿਕ ਇਕਾਈ (ਪਤੀ ਪਤਨੀ) ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਦੇ ਹੱਕ ਵਿੱਚ ਖੜਨ ਲਈ ਨਾਵਲ ਦੀ ਪ੍ਰਸੰਸਾ ਕੀਤੀ। ਬਲਵਿੰਦਰ ਕੌਰ ਮੰਡ ਨੇ ਕਿਹਾ ਕਿ- ਨੀਲਮ ਨੇ ਬੜੇ ਸਲੀਕੇ ਨਾ਼ਲ ਆਪਣੀ ਜ਼ਿੰਦਗੀ ਸਾਡੇ ਨਾ਼ਲ ਸਾਂਝੀ ਕੀਤੀ ਹੈ। ਉਸ ਨੇ ਇਹ ਨਾਵਲ ਲਿਖ ਕੇ 'ਲਾਜ ਸੈਣੀ' ਨੂੰ ਰਹਿੰਦੀ ਦੁਨੀਆਂ ਤੱਕ ਅਮਰ ਕਰ ਦਿੱਤਾ ਹੈ। ਉਹਨਾਂ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿੱਚ ਪਤੀ ਪਤਨੀ ਵਿਚਾਲੇ ਹੋਏ ਵਾਰਤਾਲਾਪ ਦੀ ਵਿਧੀ ਨੇ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਇਆ ਹੈ। ਇਸ ਉੱਦਮ ਲਈ ਇਹ ਵਧਾਈ ਦੀ ਹੱਕਦਾਰ ਹੈ।

ਅਮਰਜੀਤ ਕੌਰ ਪੰਨੂ ਨੇ ਕਿਹਾ ਕਿ ਨਾਵਲ ਪੜ੍ਹਦਿਆਂ ਕਈ ਵਾਰ ਘੋਰ ਉਦਾਸੀ ਅਤੇ ਕਦੇ ਖ਼ੁਸ਼ੀ ਦੇ ਭਾਵ ਮਹਿਸੂਸ ਹੋਏ ਹਨ, ਅੱਖਾਂ ਨੀਰੋ ਨੀਰ ਹੋ ਜਾਂਦੀਆਂ ਰਹੀਆਂ ਹਨ। ਨੀਲਮ ਜ਼ਿੰਦਗੀ ਵਿੱਚ ਆਏ ਤੁਫਾਨ ਦੀ ਕੜਕਦੀ ਬਿਜਲੀ ਦੀ ਅੱਗ ਵਿੱਚੋਂ ਇਕ ਕੁਕਨਸ ਦੀ ਤਰ੍ਹਾਂ ਆਪਣੇ ਪਰਾਂ ਨੂੰ ਤੋਲਦੀ ਹੋਈ ਉਭਰ ਕੇ ਸਾਹਮਣੇ ਆਈ ਹੈ। ਨਾਵਲ ਵਿੱਚ ਮੈਟਾਫਰ ਅਤੇ ਰੂਪਾਂਤਰ ਤਕਨੀਕਾਂ ਬੜੇ ਸੋਹਜ ਨਾਲ ਵਰਤੀਆਂ ਹਨ।

ਸ਼ਾਇਰਾ ਸੁਰਜੀਤ ਸਖੀ ਨੇ ਕਿਹਾ ਕਿ ਲੇਖਿਕਾ ਦਾ ਸਵੈ-ਚਿੰਤਨ ਕਰਨਾ, ਸਾਹਿਤ ਦਾ ਆਸਰਾ ਲੈ ਕੇ 'ਲਾਜ' ਦੀਆਂ ਸਿਮਰਤੀਆਂ ਨਾਲ ਜੁੜਨਾ ਅਤੇ ਮਹਿਸੂਸ ਕਰਨਾ ਕਿ ਜੀਵਨ ਰੂਪੀ ਟ੍ਰੇਨ ਵਿੱਚ 'ਲਾਜ' ਮੁੜ ਕੇ ਉਸ ਨਾ਼ਲ ਹੈ, ਜੀਵਨ ਲਈ ਇੱਕ ਸ਼ੁਭ ਸੰਕੇਤ ਹੈ, ਅਤੇ ਨੀਲਮ ਦੀ ਸਿਰਜਣ ਪ੍ਰਕ੍ਰਿਆ ਵੱਲ ਵਾਪਸੀ ਕਰਕੇ ਉਸਦਾ ਸਾਹਿਤ ਨਾਲ ਜੁੜਨਾ ਸਕਾਰਥ ਹੋ ਜਾਂਦਾ ਹੈ।

ਇਸ ਤੋਂ ਬਾਅਦ ਕਮਲਜੀਤ ਸਿੰਘ ਧਾਮੀ, ਚਰਨਜੀਤ ਸਿੰਘ ਪੰਨੂ, ਰਾਜਵਿੰਦਰ ਕੌਰ ਸਹੋਤਾ, ਜਗਤਾਰ ਗਿੱਲ, ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਾਰੇ ਮੈਂਬਰਾਂ ਨੇ ਨਾਵਲ ਬਾਰੇ ਵਿਭਿੰਨ ਵਿਚਾਰ ਅਤੇ ਨਾਵਲ ਦੇ ਬਹੁਤ ਸਾਰੇ ਜ਼ਾਹਿਰ ਅਤੇ ਗੁੱਝੇ ਪੱਖਾਂ ਉੱਪਰ ਆਪਣੇ ਵਿਚਾਰ ਰੱਖੇ। ਸਟੇਜ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਗੁਰਜੰਟ ਰਾਜੇਆਣਾ ਅਤੇ ਪ੍ਰੋ. ਰਣਧੀਰ ਕੌਰ ਦੇ ਨਾਵਲ ਬਾਰੇ ਭੇਜੇ ਵਿਚਾਰ ਵੀ ਸਾਂਝੇ ਕੀਤੇ। ਸਰਬਜੀਤ ਸਿੰਘ ਗਿੱਲ ਨੇ ਕਿਹਾ ਕਿ ਪਰਵਾਸ ਕਰਨ ਵੇਲੇ ਦਾ ਹਾਲਾਤਾਂ ਬਾਰੇ ਨਾਵਲ ਪੜ੍ਹਦਿਆਂ ਉਹਨਾਂ ਨੂੰ ਕਈ ਹਿੱਸੇ ਆਪਣੇ ਜੀਵਨ ਨਾਲ ਮਿਲਦੇ ਲੱਗੇ। ਉਹਨਾਂ ਕਿਹਾ ਕਿ ਲਾਜ ਅਤੇ ਨੀਲਮ ਨਾਲ ਬਹੁਤ ਸਮਾਂ ਬਿਤਾਉਣ ਕਾਰਨ ਇਹ ਨਾਵਲ ਪੜ੍ਹਨਾ ਉਹਨਾਂ ਲਈ ਬਹੁਤ ਔਖਾ ਸੀ। ਡਾ. ਸੁਖਵਿੰਦਰ ਕੰਬੋਜ ਨੇ ਨਾਵਲ ਦੇ ਕਈ ਤਕਨੀਕੀ ਪੱਖਾਂ ਦਾ ਹਵਾਲਾ ਦਿੱਤਾ। ਨਾਵਲ ਦੇ ਅਸਲ ਜ਼ਿੰਦਗੀ ਦੇ ਨੇੜੇ ਰਹਿ ਕੇ ਯਥਾਰਥਵਾਦੀ ਪਹੁੰਚ ਅਪਣਾਉਣ ਲਈ ਲਾਜ ਨੀਲਮ ਸੈਣੀ ਦੀ ਸਰਾਹੁਣਾ ਕੀਤੀ।

ਅੰਤ ਵਿੱਚ ਕੁਲਵਿੰਦਰ ਨੇ ਨਾਵਲ ਦੇ ਦਾਰਸ਼ਨਿਕ ਪੱਖ ਬਾਰੇ ਗੱਲ ਕਰਦਿਆਂ ਪਿਆਰ, ਮੌਤ ਅਤੇ ਜ਼ਿੰਦਗੀ ਬਾਰੇ ਨਾਵਲ ਵਿੱਚੋਂ ਕੁਝ ਅੰਸ਼ਾਂ ਦੀ ਮਿਸਾਲ ਦੇ ਕੇ ਆਪਣੀ ਗੱਲ ਕਹੀ। ਨਾਵਲ ਦੇ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿਚਲੇ ਵਾਰਤਾਲਾਪਾਂ ਵਿੱਚ ਉਭਰੇ ਕਈ ਦਾਰਸ਼ਨਿਕ ਤੱਤਾਂ ਦਾ ਜ਼ਿਕਰ ਕੀਤਾ। ਬਹੁਤ ਸਾਰੇ ਬੁਲਾਰਿਆਂ ਨੇ ਕਿਹਾ ਕਿ ਇਹ ਆਤਮ-ਕਥੀ (ਆਟੋਬਾਇ ਗ੍ਰਾਫੀਕਲ) ਨਾਵਲ ਦੀ ਤਕਨੀਕ ਹੋਰ ਵੀ ਕਠਿਨ ਹੈ ਅਤੇ ਲਾਜ ਨੀਲਮ ਸੈਣੀ ਨੇ ਇਸ ਵਿਧਾ ਨੂੰ ਖ਼ੂਬ ਨਿਭਾਇਆ ਹੈ। ਸਮੁੱਚੇ ਤੌਰ ਤੇ ਬੁਲਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ ਕਿ ਇਹ ਨਾਵਲ ਲਾਜ ਨੀਲਮ ਸੈਣੀ ਨੂੰ ਬਹੁਵਿਧਾਵੀ ਲੇਖਕ ਦੇ ਤੌਰ ਤੇ ਪ੍ਰਮਾਣਿਤ ਕਰਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਲਾਜ ਨੀਲਮ ਸੈਣੀ ਨੂੰ ਵਿਪਸਾਅ ਸ਼ਾਲ ਭੇਟ ਕੀਤਾ ਗਿਆ। ਕਵੀ ਦਰਬਾਰ ਵਿੱਚ ਅਮਰਜੀਤ ਜੌਹਲ, ਸੁਰਜੀਤ ਸਖੀ, ਗੁਲਸ਼ਨ ਦਿਆਲ, ਲਖਵਿੰਦਰ ਕੌਰ ਲੱਕੀ ਅਤੇ ਅਮਰ ਸੂਫ਼ੀ ਨੇ ਆਪਣਾ ਕਲਾਮ ਸਾਂਝਾ ਕੀਤਾ।

ਸਮਾਗਮ ਵਿੱਚ ਪ੍ਰੋ ਸੁਖਦੇਵ ਸਿੰਘ, ਵਿਜੇ ਸਿੰਘ, ਸਰਪੰਚ ਅਵਤਾਰ ਸਿੰਘ ਸੰਧੂ, ਹਰਨੇਕ ਸਿੰਘ, ਸੋਨੂੰ ਸਾਹਿਲ, ਜਸਵਿੰਦਰ ਸਿੰਘ, ਅਸ਼ੋਕ ਭੌਰਾ, ਸੋਨੀਆ ਧਾਮੀ, ਦਰਸ਼ਨ ਔਜਲਾ, ਅਭੀਤਾਬ ਸੈਣੀ, ਜੇਅ ਸੰਧੂ, ਰਬਿੰਦਰ ਬੇਦੀ, ਰਿੰਮੀ ਸੰਧੂ, ਮਨਜੀਤ ਪਲਾਹੀ, ਅਤੇ ਹੋਰ ਬਹੁਤ ਸਰੋਤਿਆਂ ਨੇ ਭਾਗ ਲਿਆ।

**ਜਾਰੀ ਕਰਤਾ, ਜਗਜੀਤ ਨੌਸ਼ਹਿਰਵੀ (ਜਰਨਲ ਸਕੱਤਰ, ਵਿਪਸਾਅ)**
**510-676-1565**

# ਪਾਕਿਸਤਾਨ ਦਾ ਏਅਰ ਡਿਫੈਂਸ ਯੂਨਿਟ ਤਬਾਹ

ਸ੍ਰੀਨਗਰ- ਭਾਰਤ ਨੇ ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਆਪ੍ਰੇਸ਼ਨ ਸਿੰਦੂਰ ਚਲਾਇਆ ਹੈ। ਇਸ ਦੇ ਤਹਿਤ ਪਾਕਿਸਤਾਨ ਅਤੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ ਕੇ) ਵਿੱਚ ਮਿਜ਼ਾਈਲਾਂ ਨਾਲ ਹਮਲਾ ਕਰਕੇ 9 ਅੱਤਵਾਦੀ ਟਿਕ-ਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ। ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਕਈ ਸਥਾਨਾਂ 'ਤੇ ਹਵਾਈ ਰੱਖਿਆ ਰਾਡਾਰਾਂ ਅਤੇ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ। ਭਾਰਤ ਦੀ ਪ੍ਰਤੀਕਿਰਿਆ ਪਾਕਿਸਤਾਨ ਜਿੰਨੀ ਹੀ ਤਿੱਖੀ ਰਹੀ ਹੈ। ਭਰੋਸੇਯੋਗ ਜਾਣਕਾਰੀ ਅਨੁਸਾਰ, ਲਾਹੌਰ ਵਿੱਚ ਇੱਕ ਹਵਾਈ ਰੱਖਿਆ ਪ੍ਰਣਾਲੀ ਨੂੰ ਅਯੋਗ ਕਰ ਦਿੱਤਾ ਗਿਆ ਹੈ।

ਇੱਕ ਸਾਂਝੇ ਆਪ੍ਰੇਸ਼ਨ ਵਿੱਚ, ਭਾਰਤੀ ਫੌਜ ਅਤੇ ਹਵਾਈ ਸੈਨਾ ਨੇ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੇ ਹੈਡਕੁਆਰਟਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਟਿਕਾਣਿਆਂ ਨੂੰ ਪਾਕਿਸਤਾਨ ਦੇ ਸਭ ਤੋਂ ਵੱਡੇ ਅੱਤਵਾਦੀ ਆਗੂਆਂ ਹਾਫਿਜ਼ ਸਈਦ ਅਤੇ ਮਸੂਦ ਅਜ਼ਹਰ ਦਾ ਅਜਿੱਤ ਕਿਲ੍ਹਾ ਮੰਨਿਆ ਜਾਂਦਾ ਸੀ।

ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਬਾਅਦ, ਕੇਂਦਰ ਸਰਕਾਰ ਨੇ ਅੱਜ ਸੰਸਦ ਭਵਨ ਵਿੱਚ ਇੱਕ ਸਰਬ-ਪਾਰਟੀ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ। ਇਸ ਵਿੱਚ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸਮੇਤ ਕਈ ਸੀਨੀਅਰ ਵਿਰੋਧੀ ਆਗੂ ਮੌਜ਼ੂਦ ਸਨ। ਮੀਟਿੰਗ ਵਿੱਚ ਰਾਜਨਾਥ ਸਿੰਘ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਵਿੱਚ ਲਗਭਗ 100 ਅੱਤਵਾਦੀ ਮਾਰੇ ਗਏ ਹਨ।

**ਅੰਮ੍ਰਿਤਸਰ 'ਤੇ ਹਵਾਈ ਹਮਲੇ ਦੀ ਝੂਠੀ ਖ਼ਬਰ**

ਭਾਰਤ ਵੱਲੋਂ ਪਾਕਿਸਤਾਨ 'ਤੇ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਬਹੁਤ ਪਰੇਸ਼ਾਨ ਹੈ ਤੇ ਕੋਈ ਹੱਲ ਨਾ ਲੱਭ ਸਕਣ ਕਾਰਨ ਉਹ ਹੁਣ ਸੋਸ਼ਲ ਮੀਡੀਆ ਰਾਹੀਂ ਝੂਠੀਆਂ ਖ਼ਬਰਾਂ ਫੈਲਾ ਰਿਹਾ ਹੈ। ਅਜਿਹੀ ਹੀ ਇੱਕ ਝੂਠੀ ਖ਼ਬਰ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਫੈਲ ਰਹੀ ਹੈ ਕਿ ਪਾਕਿਸਤਾਨ ਨੇ ਅੰਮ੍ਰਿਤਸਰ ਮਿਲਟਰੀ ਬੇਸ 'ਤੇ ਹਮਲਾ ਕਰਕੇ ਕਈ ਲੋਕਾਂ ਨੂੰ ਮਾਰ ਦਿੱਤਾ ਹੈ ਤੇ ਕਈ ਹੋਰ ਜ਼ਖਮੀ ਕਰ ਦਿੱਤੇ ਹਨ। ਇੰਨ੍ਹਾਂ ਹੀ ਨਹੀਂ ਪਾਕਿਸਤਾਨੀ ਸੋਸ਼ਲ ਮੀਡੀਆ ਹੈਂਡਲ ਤੋਂ ਸਾਂਝੀ ਕੀਤੀ ਗਈ ਇਸ ਪੋਸਟ ਨਾਲ 21 ਸਕਿੰਟ ਦਾ ਵੀਡੀ ਵੀ ਜੋੜਿਆ ਗਿਆ ਹੈ।

ਜਿਵੇਂ ਹੀ ਇਹ ਝੂਠੀ ਖ਼ਬਰ ਪਾਕਿਸਤਾਨ ਤੋਂ ਸੋਸ਼ਲ ਮੀਡੀਆ 'ਤੇ ਫੈਲੀ ਇਹ ਚਰਚਾ ਦਾ ਵਿਸ਼ਾ ਬਣ ਗਈ ਪਰ ਪੀਆਈਬੀ (ਪ੍ਰੈਸ ਇਨਫਰਮੇਸ਼ਨ ਬਿਊਰੋ) ਨੇ ਹੁਣ ਤਸਵੀਰ ਬਿਲਕੁਲ ਸਪੱਸ਼ਟ ਕਰ ਦਿੱਤੀ ਹੈ ਤੇ ਅੰਮ੍ਰਿਤਸਰ ਮਿਲਟਰੀ ਬੇਸ 'ਤੇ ਹਮਲੇ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਤੇ ਇਸ ਨੂੰ ਝੂਠੀ ਖ਼ਬਰ ਕਰਾਰ ਦਿੱਤਾ ਹੈ।

Kw SILICON CITY
KELLERWILLIAMS.
To buy Home, business or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING

DRE 02149422
Please consult before finalizing your deal or decision
REALTOR OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Gurpreet Singh Padam
Harpreet Singh Padam

3143 ARDEN ROAD, HAYWARD, CA- 94545

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ, ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# CALIFORNIA IMMIGRATION SERVICES INC.
CISI
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



ਇਹ ਥਾਂ ਇਸ਼ਤਿਹਾਰ
ਲਈ ਖਾਲੀ ਹੈ



# Moon Indian Cuisine

MOON indian cuisine
510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net




# ਗਰਮੀਆਂ 'ਚ ਸਰੀਰ ਨੂੰ ਅੰਦਰੋਂ ਠੰਢਾ ਰੱਖਣ ਵਾਲੇ ਭੋਜਨ

ਇਸ ਸਾਲ ਅਪ੍ਰੈਲ ਦੇ ਸ਼ੁਰੂ ਵਿੱਚ ਹੀ ਗਰਮੀ ਨੇ ਆਪਣਾ ਭਿਆਨਕ ਰੂਪ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਮੌਸਮ ਵਿਭਾਗ ਨੇ ਹੀਟਵੇਵ ਅਲਰਟ ਵੀ ਜਾਰੀ ਕੀਤਾ ਸੀ। ਇਸ ਸਾਲ ਦਿੱਲੀ, ਯੂਪੀ ਅਤੇ ਬਿਹਾਰ ਸਮੇਤ ਦੇਸ਼ ਦੇ 16 ਰਾਜਾਂ ਵਿੱਚ ਗਰਮੀ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਹੀਟ ਸਟ੍ਰੋਕ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਹੀਟਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ।

ਇਸ ਤੋਂ ਇਲਾਵਾ ਉਲਟੀਆਂ, ਚੱਕਰ ਆਉਣੇ, ਬੁਖਾਰ, ਸਿਰ ਦਰਦ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਜੇਕਰ ਇਨ੍ਹਾਂ ਗੱਲਾਂ ਦਾ ਧਿਆਨ ਨਾ ਰੱਖਿਆ ਜਾਵੇ ਤਾਂ ਇਹ ਘਾਤਕ ਸਾਬਤ ਹੋ ਸਕਦਾ ਹੈ, ਇਸੇ ਲਈ ਬਹੁਤ ਜ਼ਿਆਦਾ ਗਰਮੀ ਵਿੱਚ ਸਿਹਤ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਗਰਮੀ ਦੀ ਲਹਿਰ ਤੋਂ ਆਪਣੇ ਆਪ ਨੂੰ ਬਚਾਉਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਖੁਰਾਕ ਵੱਲ ਧਿਆਨ ਦਿਓ। ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਦੱਸਾਂਗੇ ਕਿ ਗਰਮੀ ਤੋਂ ਬਚਣ ਲਈ ਤੁਹਾਨੂੰ ਕੀ ਖਾਣਾ ਚਾਹੀਦਾ ਹੈ? ਜਾਣੋ ਵਿਸਥਾਰ ਵਿੱਚ-

**ਤਰਬੂਜ਼ ਅਤੇ ਖਰਬੂਜਾ**

ਗਰਮੀਆਂ ਵਿੱਚ ਮਿਲਣ ਵਾਲੇ ਤਰਬੂਜ਼ ਅਤੇ ਖਰਬੂਜਾ ਅਜਿਹੇ



ਫਲ ਹਨ ਜਿਨ੍ਹਾਂ ਵਿੱਚ 90% ਤੱਕ ਪਾਣੀ ਹੁੰਦਾ ਹੈ। ਇਸਨੂੰ ਖਾਣ ਨਾਲ ਸਰੀਰ ਨੂੰ ਠੰਢਕ ਮਿਲਦੀ ਹੈ। ਇਸ ਤੋਂ ਇਲਾਵਾ, ਇਹ ਸਰੀਰ ਨੂੰ ਡੀਹਾਈਡਰੇਸ਼ਨ ਦੀ ਸਮੱਸਿਆ ਤੋਂ ਵੀ ਬਚਾਉਂਦੇ ਹਨ। ਤੁਹਾਨੂੰ ਸਵੇਰੇ ਨਾਸ਼ਤੇ ਵਿੱਚ ਜਾਂ ਦਿਨ ਵੇਲੇ ਇੱਕ ਕਟੋਰਾ ਤਰਬੂਜ਼ ਜਾਂ ਖਰਬੂਜਾ ਜ਼ਰੂਰ ਖਾਣਾ ਚਾਹੀਦਾ ਹੈ।

**ਦਹੀਂ ਤੇ ਲੱਸੀ**

ਦਹੀਂ ਅਤੇ ਲੱਸੀ ਦੋਵੇਂ ਹੀ ਸਿਹਤ ਲਈ ਬਹੁਤ ਫਾਇਦੇਮੰਦ ਮੰਨੇ ਜਾਂਦੇ ਹਨ। ਜਿੱਥੇ ਦਹੀਂ ਪੇਟ ਨੂੰ ਠੰਢਾ ਰੱਖਣ ਵਿੱਚ ਮਦਦਗਾਰ ਹੁੰਦਾ ਹੈ, ਉੱਥੇ ਹੀ ਲੱਸੀ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀ ਹੈ। ਤੁਸੀਂ ਦਹੀਂ ਰਾਇਤਾ ਬਣਾ ਕੇ ਖਾ ਸਕਦੇ ਹੋ। ਲੱਸੀ ਵੀ ਇੱਕ ਵਧੀਆ ਆਪਸ਼ਨ ਹੈ। ਇਹ ਦੋਵੇਂ ਪਾਚਨ ਕਿਰਿਆ ਨੂੰ ਸੁਧਾਰਨ ਵਿੱਚ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ। ਤੁਹਾਨੂੰ ਇਹ ਦੁਪਹਿਰ ਦੇ ਖਾਣੇ ਦੇ ਸਮੇਂ ਜ਼ਰੂਰ ਲੈਣੇ ਚਾਹੀਦੇ ਹਨ।

**ਖੀਰਾ ਅਤੇ ਤਰ**

ਖੀਰਾ ਅਤੇ ਤਰ ਦੋਵੇਂ ਪਾਣੀ ਨਾਲ ਭਰਪੂਰ ਹੁੰਦੇ ਹਨ। ਇਹ ਸਰੀਰ ਨੂੰ ਠੰਢਕ ਪ੍ਰਦਾਨ ਕਰਦੇ ਹਨ। ਇਹ ਆਸਾਨੀ ਨਾਲ ਪਚ ਜਾਂਦੇ ਹਨ। ਇਸ ਤੋਂ ਇਲਾਵਾ ਇਸਨੂੰ ਚਮੜੀ ਲਈ ਵੀ ਫਾਇਦੇਮੰਦ ਮੰਨਿਆ ਜਾਂਦਾ ਹੈ। ਤੁਸੀਂ ਇਨ੍ਹਾਂ ਨੂੰ ਸਲਾਦ ਵਿੱਚ ਖਾ ਸਕਦੇ ਹੋ।

**ਨਾਰੀਅਲ ਪਾਣੀ**

ਨਾਰੀਅਲ ਪਾਣੀ ਵਿੱਚ ਕੁਦਰਤੀ ਇਲੈਕਟ੍ਰੋਲਾਈਟਸ ਵਰਗੇ ਗੁਣ ਹੁੰਦੇ ਹਨ। ਸਰੀਰ ਨੂੰ ਠੰਢਾ ਰੱਖਣ ਦੇ ਨਾਲ-ਨਾਲ, ਇਹ ਊਰਜਾ ਪ੍ਰਦਾਨ ਕਰਨ ਵਿੱਚ ਵੀ ਪ੍ਰਭਾਵਸ਼ਾਲੀ ਹਨ। ਨਾਰੀਅਲ ਪਾਣੀ ਆਪਣੇ ਆਪ ਨੂੰ ਗਰਮੀ ਦੇ ਸਟ੍ਰੋਕ ਤੋਂ ਬਚਾਉਣ ਦਾ ਇੱਕ ਵਧੀਆ ਤਰੀਕਾ ਹੈ। ਤੁਸੀਂ ਇਸਨੂੰ ਸਵੇਰੇ ਖਾਲੀ ਪੇਟ ਜਾਂ ਧੁੱਪ ਤੋਂ ਆਉਣ ਤੋਂ ਬਾਅਦ ਪੀ ਸਕਦੇ ਹੋ।

**ਪੁਦੀਨੇ ਤੇ ਤੁਲਸੀ ਦੇ ਪੱਤੇ**

ਪੁਦੀਨਾ ਸਰੀਰ ਨੂੰ ਠੰਢਕ ਪ੍ਰਦਾਨ ਕਰਦਾ ਹੈ। ਪੁਦੀਨੇ ਦੀ ਚਟਨੀ ਜਾਂ ਪੁਦੀਨੇ ਦਾ ਪਾਣੀ ਗਰਮੀਆਂ ਵਿੱਚ ਰਾਹਤ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ, ਤੁਲਸੀ ਦੇ ਪੱਤੇ ਸਰੀਰ ਨੂੰ ਠੰਢਾ ਰੱਖਦੇ ਹਨ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ। ਤੁਸੀਂ ਇਨ੍ਹਾਂ ਨੂੰ ਸਿੱਧਾ ਚਬਾ ਕੇ ਵੀ ਖਾ ਸਕਦੇ ਹੋ।

**ਪਾਣੀ ਸਭ ਤੋਂ ਮਹੱਤਵਪੂਰਨ ਹੈ**

ਗਰਮੀਆਂ ਵਿੱਚ ਸਭ ਤੋਂ ਜ਼ਰੂਰੀ ਗੱਲ ਹੈ ਆਪਣੇ ਆਪ ਨੂੰ ਹਾਈਡਰੇਟ ਰੱਖਣਾ। ਸਰੀਰ ਵਿੱਚ ਪਾਣੀ ਦੀ ਕਮੀ ਤੋਂ ਬਚਣ ਲਈ, ਦਿਨ ਭਰ ਵਿੱਚ ਚਾਰ ਤੋਂ ਪੰਜ ਲੀਟਰ ਪਾਣੀ ਪੀਓ। ਦਰਅਸਲ, ਗਰਮੀਆਂ ਵਿੱਚ ਸਾਨੂੰ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਕਾਰਨ ਸਰੀਰ ਵਿੱਚੋਂ ਪਾਣੀ ਦੀ ਮਾਤਰਾ ਜਲਦੀ ਬਾਹਰ ਨਿਕਲ ਜਾਂਦੀ ਹੈ। ਇਸ ਲਈ ਪਾਣੀ ਪੀਣਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਚਾਹੋ ਤਾਂ ਨਿੰਬੂ ਪਾਣੀ ਜਾਂ ਘਰ ਦਾ ਬਣਿਆ ਸ਼ਰਬਤ ਵੀ ਪੀ ਸਕਦੇ ਹੋ।

**ਇਨ੍ਹਾਂ ਚੀਜ਼ਾਂ ਤੋਂ ਬਚੋ**

* ਬਾਹਰੋਂ ਆਇਆ ਬਾਸੀ ਖਾਣਾ ਅਤੇ ਤਲੀਆਂ ਹੋਈਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।, ਕੋਲਡ ਡਰਿੰਕਸ ਅਤੇ ਸੋਡਾ ਤੋਂ ਪਰਹੇਜ਼ ਕਰੋ, ਬਹੁਤ ਜ਼ਿਆਦਾ ਮਸਾਲੇਦਾਰ ਭੋਜਨ ਨਾ ਖਾਓ। ਸ਼ਰਾਬ ਅਤੇ ਕੈਫੀਨ ਵਾਲੇ ਪੀਣ ਵਾਲੇ ਪਦਾਰਥਾਂ ਤੋਂ ਦੂਰ ਰਹੋ।

# ਆਰਾਮਦਾਇਕ ਨੀਂਦ ਜਾਂ ਫਿਰ ਬਿਮਾਰੀਆਂ ਦਾ ਘਰ?

ਗਰਮੀਆਂ ਸ਼ੁਰੂ ਹੋ ਗਈਆਂ ਹਨ। ਇਸ ਮੌਸਮ ਵਿੱਚ, ਲੋਕ ਆਪਣੇ ਆਪ ਨੂੰ ਠੰਢਾ ਰੱਖਣ ਲਈ ਕਈ ਤਰ੍ਹਾਂ ਦੇ ਉਪਾਅ ਕਰਦੇ ਹਨ। ਕੁਝ ਲੋਕ ਆਪਣੀ ਖੁਰਾਕ ਵਿੱਚ ਠੰਢੇ ਸੁਭਾਅ ਵਾਲੀਆਂ ਚੀਜ਼ਾਂ ਸ਼ਾਮਲ ਕਰਦੇ ਹਨ, ਜਦੋਂ ਕਿ ਕੁਝ ਲੋਕ ਠੰਢਾ ਪਾਣੀ ਪੀ ਕੇ ਗਰਮੀ ਨੂੰ ਠੰਢਾ ਕਰਦੇ ਹਨ। ਲੋਕ ਕਈ ਤਰੀ-ਕਿਆਂ ਨਾਲ ਠੰਢਾ ਪਾਣੀ ਵੀ ਪੀਂਦੇ ਹਨ। ਜਿਵੇਂ ਫਰਿਜ ਦਾ ਪਾਣੀ, ਬਰਫ਼ ਨਾਲ ਮਿਲਿਆ ਪਾਣੀ ਜਾਂ ਘੜੇ ਦਾ ਪਾਣੀ।

ਫਰਿੱਜ ਵਾਲਾ ਪਾਣੀ ਸਿਹਤ ਲਈ ਯਕੀਨੀ ਤੌਰ 'ਤੇ ਹਾਨੀਕਾਰਕ ਹੈ। ਇਸ ਤੋਂ ਇਲਾਵਾ, ਲੋਕ ਕੂਲਰਾਂ ਅਤੇ ਏਸੀ ਦਾ ਵੀ ਸਹਾਰਾ ਲੈਂਦੇ ਹਨ। ਕੂਲਰ ਅਜੇ ਵੀ ਠੀਕ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ AC ਤੁਹਾਡੀ ਸਿਹਤ ਨੂੰ ਕਿੰਨਾ ਨੁਕਸਾਨ ਪਹੁੰਚਾਉਂਦਾ ਹੈ? ਭਾਵੇਂ ਇਹ ਗਰਮੀ ਤੋਂ ਰਾਹਤ ਪਾਉਣ ਦਾ ਸਭ ਤੋਂ ਆਸਾਨ ਤਰੀਕਾ ਹੈ, ਪਰ ਇਹ ਤੁਹਾਡੀ ਸਿਹਤ ਲਈ ਜ਼ਹਿਰ ਦਾ ਕੰਮ ਕਰਦਾ ਹੈ। ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਸਾਰੀ ਰਾਤ ਏਸੀ ਵਿੱਚ ਸੌਣ ਨਾਲ ਸਿਹਤ ਨੂੰ ਹੋਣ ਵਾਲੇ ਨੁਕਸਾਨਾਂ ਬਾਰੇ ਦੱਸਾਂਗੇ।

**ਸਕਿਨ ਅਤੇ ਅੱਖਾਂ ਨੂੰ ਕਰਦੈ ਡਰਾਈ**

ਜੇਕਰ ਤੁਸੀਂ ਲੰਬੇ ਸਮੇਂ ਤੱਕ ਏਸੀ ਵਿੱਚ ਰਹਿੰਦੇ ਹੋ, ਤਾਂ ਇਹ ਤੁਹਾਡੇ ਸਰੀਰ ਵਿੱਚੋਂ ਨਮੀ ਨੂੰ ਬਾਹਰ ਕੱਢ ਲੈਂਦਾ ਹੈ। ਇਸ ਕਾਰਨ ਸਕਿਨ ਖੁਸ਼ਕ ਅਤੇ ਬੇਜਾਨ ਮਹਿਸੂਸ ਹੋਣ ਲੱਗਦੀ ਹੈ। ਇਸ ਤੋਂ ਇਲਾਵਾ, ਇਹ ਸਾਡੀਆਂ ਅੱਖਾਂ ਵਿੱਚ ਜਲਣ ਜਾਂ ਖੁਜਲੀ ਵਰਗੀਆਂ ਸਮੱਸਿਆਵਾਂ ਵੀ ਪੈਦਾ ਕਰ ਸਕਦਾ ਹੈ। ਇਹ ਸਮੱਸਿਆ ਉਨ੍ਹਾਂ ਲੋਕਾਂ ਵਿੱਚ ਵਧੇਰੇ ਆਮ ਹੈ ਜੋ ਪਹਿਲਾਂ ਹੀ ਡਰਾਈ ਆਈ ਸਿੰਡਰੋਮ ਵਰਗੀਆਂ



ਸਮੱਸਿਆਵਾਂ ਤੋਂ ਪੀੜਤ ਹਨ।

**ਸਿਰ ਦਰਦ ਅਤੇ ਥਕਾਵਟ**

ਲਗਾਤਾਰ ਏਅਰ ਕੰਡੀਸ਼ਨਰ ਵਿੱਚ ਰਹਿਣ ਨਾਲ ਤੁਹਾਨੂੰ ਸਿਰ ਦਰਦ ਹੋ ਸਕਦਾ ਹੈ। ਦਰਅਸਲ, ਏਸੀ ਸਰੀਰ ਦੇ ਤਾਪਮਾਨ ਨੂੰ ਵਧਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਸਿਰ ਦਰਦ ਦੇ ਨਾਲ-ਨਾਲ ਥਕਾਵਟ ਵੀ ਹੋ ਸਕਦੀ ਹੈ। ਤੁਹਾਨੂੰ ਏਸੀ ਵਿੱਚ ਰਹਿਣਾ ਚਾਹੀਦਾ ਹੈ, ਪਰ ਤਾਪਮਾਨ 24 ਤੋਂ 25 ਦੇ ਵਿਚਕਾਰ ਰੱਖਣਾ ਚਾਹੀਦਾ ਹੈ। ਤੁਹਾਨੂੰ ਸਮੇਂ-ਸਮੇਂ 'ਤੇ ਏਸੀ ਨੂੰ ਬੰਦ ਵੀ ਕਰਦੇ ਰਹਿਣਾ ਚਾਹੀਦਾ ਹੈ।

**ਸਾਹ ਲੈਣ ਵਿੱਚ ਸਮੱਸਿਆਵਾਂ**

ਏਸੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਨੱਕ ਬੰਦ ਹੋਣਾ, ਗਲਾ ਸੁੱਕਣਾ ਜਾਂ ਖੰਘ ਅਤੇ ਜ਼ੁਕਾਮ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਤੁਸੀਂ ਪਹਿਲਾਂ ਹੀ ਦਮਾ, ਸਾਈਨਸ ਜਾਂ ਐਲਰਜੀ ਤੋਂ ਪੀੜਤ ਹੋ ਤਾਂ ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

**ਸਰੀਰ ਵਿੱਚ ਅਕੜਾਅ ਅਤੇ ਦਰਦ**

ਏਸੀ ਵਿੱਚ ਲਗਾਤਾਰ ਰਹਿਣ ਕਾਰਨ ਸਰੀਰ ਵਿੱਚ ਅਕੜਾਅ ਹੋਣਾ ਆਮ ਗੱਲ ਹੈ। ਜੇਕਰ ਤੁਸੀਂ ਕੰਬਲ ਤੋਂ ਬਿਨਾਂ ਸੌਂਦੇ ਹੋ, ਤਾਂ ਠੰਡੀ ਹਵਾ ਕਾਰਨ ਤੁਹਾਨੂੰ ਆਪਣੀ ਗਰਦਨ, ਪਿੱਠ ਜਾਂ ਮੋਢਿਆਂ ਵਿੱਚ ਦਰਦ ਹੋ ਸਕਦਾ ਹੈ।

**ਇਮਿਊਨ ਸਿਸਟਮ 'ਤੇ ਪ੍ਰਭਾਵ**

ਏਸੀ ਦੀ ਠੰਡੀ ਹਵਾ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦੀ ਹੈ। ਅਜਿਹੀ ਸਥਿਤੀ ਵਿੱਚ, ਤੁਹਾਡਾ ਸਰੀਰ ਬਿਮਾਰੀਆਂ ਨਾਲ ਲੜਨ ਦੇ ਯੋਗ ਨਹੀਂ ਰਹਿੰਦਾ।

**ਕੀ ਕਰੀਏ?**

ਏਸੀ ਦਾ ਤਾਪਮਾਨ 24 ਤੋਂ 26 ਡਿਗਰੀ ਦੇ ਵਿਚਕਾਰ ਰੱਖੋ।
ਏਸੀ ਨੂੰ ਟਾਈਮਰ 'ਤੇ ਰੱਖੋ ਤਾਂ ਜੋ ਸਾਰੀ ਰਾਤ ਠੰਢੀ ਹਵਾ ਨਾ ਚੱਲੇ।
ਸੌਂਦੇ ਸਮੇਂ ਹਲਕੀ ਚਾਦਰ ਜਾਂ ਕੰਬਲ ਦੀ ਵਰਤੋਂ ਕਰੋ।
ਕਮਰੇ ਵਿੱਚ ਨਮੀ ਬਣਾਈ ਰੱਖਣ ਲਈ ਪਾਣੀ ਦੀ ਇੱਕ ਬਾਲਟੀ ਜਾਂ ਟੱਬ ਰੱਖੋ।
ਹਫ਼ਤੇ ਵਿੱਚ ਕੁਝ ਦਿਨ ਬਿਨਾਂ ਏਸੀ ਦੇ ਸੌਣ ਦੀ ਆਦਤ ਪਾਓ।

# ਖ਼ੂਨ ਦੀ ਘਾਟ ਹੋਣ 'ਤੇ ਸਰੀਰ ਦਿੰਦੈ 5 ਜ਼ਰੂਰੀ ਸੰਕੇਤ

ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ 'ਚ ਅਸੀਂ ਅਕਸਰ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਥਕਾਵਟ ਮਹਿਸੂਸ ਕਰਨਾ ਜਾਂ ਕੁਝ ਕਮਜ਼ੋਰੀ ਮਹਿਸੂਸ ਕਰਨਾ ਆਮ ਗੱਲ ਸਮਝਿਆ ਜਾਂਦਾ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਸਧਾਰਨ ਲੱਛਣ ਸਰੀਰ 'ਚ ਖ਼ੂਨ ਦੀ ਘਾਟ ਜਿਸਨੂੰ ਅਨੀਮੀਆ (Aneima) ਕਿਹਾ ਜਾਂਦਾ ਹੈ, ਦਾ ਸੰਕੇਤ ਹੋ ਸਕਦੇ ਹਨ? ਵਿਸ਼ਵ ਸਿਹਤ ਸੰਸਥਾ (WHO) ਅਨੁਸਾਰ, ਅਨੀ-ਮੀਆ ਦੁਨੀਆ ਭਰ 'ਚ ਸਿਹਤ ਨਾਲ ਜੁੜੀ ਵੱਡੀ ਸਮੱਸਿਆ ਹੈ ਤੇ ਇਸਨੂੰ ਸਮੇਂ ਸਿਰ ਪਛਾਣਨਾ ਤੇ ਇਲਾਜ ਕਰਨਾ ਬੇਹੱਦ ਜ਼ਰੂਰੀ ਹੈ।

1. ਸਰੀਰ 'ਚ Red Blood Cells ਦੀ ਘਾਟ ਹੋਣ 'ਤੇ ਅਨੀਮੀਆ ਹੁੰਦਾ ਹੈ। ਇਹ ਕੋਸ਼ਿਕਾਵਾਂ ਸਾਡੇ ਫੇਫੜਿਆਂ ਤੋਂ ਆਕਸੀਜਨ ਲੈ ਕੇ ਸਰੀਰ ਦੇ ਹੋਰ ਹਿੱਸਿਆਂ ਤਕ ਪਹੁੰਚਾਉਂਦੀਆਂ ਹਨ। ਜਦੋਂ ਇਨ੍ਹਾਂ ਦੀ ਗਿਣਤੀ ਘੱਟ ਜਾਂਦੀ ਹੈ ਤਾਂ ਸਰੀਰ ਦੇ ਅੰਗਾਂ ਨੂੰ ਲੋੜੀਂਦੀ ਆਕਸੀਜਨ ਨਹੀਂ ਮਿਲਦੀ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸ਼ੁਰੂ ਹੋ ਸਕਦੀਆਂ ਹਨ। ਆਓ, ਇਸ ਬਾਰੇ ਵਿਸਥਾਰ ਨਾਲ ਸਮਝੀਏ। ਇਹ ਅਨੀਮੀਆ ਦਾ ਸਭ ਤੋਂ ਆਮ ਲੱਛਣ ਹੈ। ਜੇ ਤੁਸੀਂ ਬਿਨਾਂ ਕਿਸੇ ਖਾਸ ਕਾਰਨ ਦੇ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ ਤੇ ਰੋਜ਼ਾਨਾ ਦੇ ਕੰਮ ਕਰਨ 'ਚ ਵੀ ਮੁਸ਼ਕਲ ਆਉਂਦੀ ਹੈ ਤਾਂ ਇਹ ਖ਼ੂਨ ਦੀ ਘਾਟ ਦਾ ਸੰਕੇਤ ਹੋ ਸਕਦਾ ਹੈ।

**2. ਸਕਿੰਨ ਦਾ ਪੀਲਾ ਪੈਣਾ**

ਖ਼ੂਨ 'ਚ ਹੀਮੋਗਲੋਬਿਨ (Hemogloibn) ਨਾਂ ਦਾ ਪ੍ਰੋਟੀਨ ਹੁੰਦਾ ਹੈ ਜੋ ਰੈੱਡ ਬਲੱਡ ਸੈਲਜ਼ ਨੂੰ ਉਨ੍ਹਾਂ ਦਾ ਰੰਗ ਦਿੰਦਾ ਹੈ। ਜਦੋਂ ਸਰੀਰ 'ਚ ਹੀਮੋਗਲੋਬਿਨ ਦੀ ਘਾਟ ਹੁੰਦੀ ਹੈ ਤਾਂ ਸਕਿੰਨ, ਨਹੁੰਆਂ ਤੇ ਅੱਖਾਂ ਅੰਦਰਲਾ ਸਫੈਦ ਹਿੱਸਾ ਪੀਲਾ ਪੈ ਸਕਦਾ ਹੈ।

**3. ਸਾਹ ਲੈਣ 'ਚ ਮੁਸ਼ਕਲ ਤੇ ਦਿਲ ਦੀ ਧੜਕਨ ਤੇਜ਼ ਹੋਣਾ**

ਜਦੋਂ ਸਰੀਰ 'ਚ ਆਕਸੀਜਨ ਦੀ ਕਮੀ ਹੁੰਦੀ ਹੈ ਤਾਂ ਦਿਲ ਨੂੰ ਵਧ ਕੰਮ ਕਰਨਾ ਪੈਂਦਾ ਹੈ ਤਾਂ ਜੋ ਸਰੀਰ ਦੇ ਸਾਰੇ ਅੰਗਾਂ ਤਕ ਆਕਸੀਜਨ ਪਹੁੰਚ ਸਕੇ। ਇਸ ਕਾਰਨ ਸਾਹ ਲੈਣ 'ਚ ਮੁਸ਼ਕਲ ਅਤੇ ਦਿਲ ਦੀ ਧੜਕਨ ਤੇਜ਼ ਮਹਿਸੂਸ ਹੋ ਸਕਦੀ ਹੈ, ਖਾਸ ਕਰਕੇ ਜਦੋਂ ਤੁਸੀਂ ਥੋੜ੍ਹਾ ਚੱਲਦੇ ਹੋ ਜਾਂ ਪੌੜੀਆਂ ਚੜ੍ਹਦੇ ਹੋ।

**4. ਸਿਰਦਰਦ ਤੇ ਚੱਕਰ ਆਉਣਾ**

ਦਿਮਾਗ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦੀ ਆਕਸੀਜਨ ਦੀ ਲੋੜ ਹੁੰਦੀ ਹੈ। ਖ਼ੂਨ ਦੀ ਘਾਟ ਹੋਣ 'ਤੇ ਸਿਰਦਰਦ, ਚੱਕਰ ਆਉਣੇ ਤੇ ਫੋਕਸ ਕਰਨ 'ਚ ਮੁਸ਼ਕਲ ਹੋ ਸਕਦੀ ਹੈ।

**5. ਹੱਥ-ਪੈਰ ਠੰਢੇ ਰਹਿਣਾ**

ਅਨੀਮੀਆ ਕਾਰਨ ਬਲੱਡ ਸਰਕੁਲੇਸ਼ਨ 'ਤੇ ਵੀ ਅਸਰ ਪੈ ਸਕਦਾ ਹੈ, ਜਿਸ ਨਾਲ ਹੱਥ ਅਤੇ ਪੈਰ ਹਮੇਸ਼ਾਂ ਠੰਢੇ ਮਹਿਸੂਸ ਹੋ ਸਕਦੇ ਹਨ, ਖਾਸ ਕਰਕੇ ਸਰਦੀਆਂ 'ਚ।

**ਬਚਾਅ ਲਈ ਸੰਤੁਲਿਤ ਖੁਰਾਕ ਜ਼ਰੂਰੀ**

ਦੱਸ ਦੇਈਏ, WHO ਅਨੀਮੀਆ ਨੂੰ ਗੰਭੀਰਤਾ ਨਾਲ ਲੈਣ ਦੀ ਸਲਾਹ ਦਿੰਦੀ ਹੈ। ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਮਹਿਸੂਸ ਹੁੰਦਾ ਹੈ ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰੋ ਤੇ ਖ਼ੂਨ ਦੀ ਜਾਂਚ ਕਰਵਾਓ। ਅਨੀਮੀਆ ਦਾ ਇਲਾਜ ਇਸਦੇ ਕਾਰਨਾਂ 'ਤੇ ਨਿਰਭਰ ਕਰਦਾ ਹੈ ਤੇ ਇਸ ਵਿਚ ਆਇਰਨ ਦੀਆਂ ਗੋਲੀਆਂ, ਵਿਟਾਮਿਨ ਸਪਲੀਮੈਂਟ ਜਾਂ ਗੰਭੀਰ ਮਾਮਲਿਆਂ 'ਚ ਭਲੋਂਦ ਠਰਅਨਸਾੑਸਿਨ ਸ਼ਾਮਲ ਹੋ ਸਕਦਾ ਹੈ।

ਸੰਤੁਲਿਤ ਖੁਰਾਕ ਲੈਣਾ ਵੀ ਐਨੀਮੀਆ ਤੋਂ ਬਚਾਅ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਪਣੇ ਖਾਣ-ਪੀਣ ਟਚ ਆਇਰਨ ਭਰਪੂਰ ਖੁਰਾਕਾਂ ਜਿਵੇਂ ਹਰੀਆਂ ਪੱਤੇਦਾਰ ਸਬਜ਼ੀਆਂ, ਫਲੀਆਂ, ਦਾਲਾਂ ਤੇ ਮੀਟ ਨੂੰ ਸ਼ਾਮਲ ਕਰੋ। ਵਿਟਾਮਿਨ-ਸੀ ਨਾਲ ਭਰਪੂਰ ਖੁਰਾਕ ਜਿਵੇਂ ਨਿੰਬੂ ਤੇ ਆਂਵਲਾ ਆਇਰਨ ਦੀ ਅਬਜ਼ਾਰਪਸ਼ਨ 'ਚ ਮਦਦ ਕਰਦੇ ਹਨ।

ਯਾਦ ਰੱਖੋ, ਆਪਣੀ ਸਿਹਤ ਦਾ ਧਿਆਨ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਸਰੀਰ ਦੇ ਇਨ੍ਹਾਂ ਜ਼ਰੂਰੀ ਸੰਕੇਤਾਂ ਨੂੰ ਪਛਾਣ ਕੇ ਅਤੇ WHO ਦੀ ਸਲਾਹ ਮੰਨ ਕੇ ਤੁਸੀਂ ਨਾ ਸਿਰਫ਼ ਅਨੀਮੀਆ ਤੋਂ ਬਚ ਸਕਦੇ ਹੋ, ਸਗੋਂ ਕਈ ਗੰਭੀਰ ਬਿਮਾਰੀਆਂ ਤੋਂ ਵੀ ਆਪਣੇ ਆਪ ਨੂੰ ਬਚਾ ਸਕਦੇ ਹੋ।

# ਸੈਰ ਕਰਦੇ ਸਮੇਂ ਕਿਤੇ ਤੁਸੀਂ ਤਾਂ ਨਹੀਂ ਕਰਦੇ ਇਹ ਗ਼ਲਤੀਆਂ?

ਸੈਰ ਕਰਨਾ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਹ ਨਾ ਸਿਰਫ਼ ਭਾਰ ਘਟਾਉਣ 'ਚ ਮਦਦ ਕਰਦਾ ਹੈ ਸਗੋਂ ਦਿਲ ਦੀ ਸਿਹਤ, ਮਾਨਸਿਕ ਸਿਹਤ ਅਤੇ ਖੂਨ ਸੰਚਾਰ ਨੂੰ ਵੀ ਸੁਧਾਰਦਾ ਹੈ।

ਹਾਲਾਂਕਿ, ਜੇਕਰ ਤੁਰਦੇ ਸਮੇਂ ਕੁਝ ਗਲਤੀਆਂ ਹੋ ਜਾਂਦੀਆਂ ਹਨ, ਤਾਂ ਇਹ ਫਾਇਦੇ ਦੀ ਬਜਾਏ ਨੁਕਸਾਨ ਪਹੁੰਚਾ ਸਕਦੀ ਹੈ, ਖਾਸ ਕਰਕੇ ਦਿਲ ਲਈ। ਆਓ ਜਾਣਦੇ ਹਾਂ ਅ-ਜਹੀਆਂ ਗਲਤੀਆਂ ਬਾਰੇ, ਜੋ ਸੈਰ ਕਰਦੇ ਸਮੇਂ ਦਿਲ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

ਬਹੁਤ ਤੇਜ਼ ਜਾਂ ਬਹੁਤ ਹੌਲੀ ਤੁਰਨਾ

ਤੁਰਦੇ ਸਮੇਂ ਸਹੀ ਗਤੀ ਰੱਖਣਾ ਬਹੁਤ ਜ਼ਰੂਰੀ ਹੈ। ਬਹੁਤ ਹੌਲੀ ਤੁਰਨ ਨਾਲ ਸਰੀਰ ਨੂੰ ਸਹੀ ਢੰਗ ਨਾਲ ਕਸਰਤ ਨਹੀਂ ਮਿਲਦੀ, ਜਦੋਂ ਕਿ ਅਚਾਨਕ ਬਹੁਤ ਤੇਜ਼ ਤੁਰਨ ਨਾਲ ਦਿਲ ਦੀ ਧੜਕਣ ਵਧ ਸਕਦੀ ਹੈ ਅਤੇ ਦਿਲ 'ਤੇ ਵਾਧੂ ਦਬਾਅ ਪੈ ਸਕਦਾ ਹੈ। ਤੁਰਨ ਦੀ ਸਹੀ ਗਤੀ ਉਹ ਹੈ, ਜਿਸ ਨਾਲ ਤੁਸੀਂ ਆਰਾਮ ਨਾਲ ਗੱਲ ਕਰ ਸਕੋ ਪਰ ਗਾ ਨਾ ਸਕੋ।

ਵਾਰਮ-ਅੱਪ ਅਤੇ ਕੂਲ-ਡਾਊਨ ਨਾ ਕਰਨਾ

ਅਚਾਨਕ ਗਰਮ ਹੋਏ ਬਿਨਾਂ ਤੇਜ਼ ਸੈਰ ਸ਼ੁਰੂ ਕਰਨ ਨਾਲ ਮਾ-ਸਪੇਸ਼ੀਆਂ 'ਚ ਖਿਚਾਅ ਅਤੇ ਦਿਲ ਦੀ ਧੜਕਣ ਬੇਕਾਬੂ ਹੋ ਸਕਦੀ ਹੈ। ਇਸੇ ਤਰ੍ਹਾਂ ਸੈਰ ਖ਼ਤਮ ਕਰਨ ਤੋਂ ਬਾਅਦ ਅਚਾਨਕ ਰੁਕਣ ਨਾਲ ਬਲੱਡ ਪ੍ਰੈਸ਼ਰ ਘੱਟ ਸਕਦਾ ਹੈ। ਇਸ ਲਈ ਸੈਰ ਕਰਨ ਤੋਂ ਪਹਿਲਾਂ ਅਤੇ ਬਾਅਦ 'ਚ 5-10 ਮਿੰਟ ਲਈ ਹਲਕਾ ਜਿਹਾ ਖਿੱਚੋ ਜਾਂ ਹੌਲੀ-ਹੌਲੀ ਸੈਰ ਕਰੋ।

ਗਲਤ ਮੁਦਰਾ 'ਚ ਤੁਰਨਾ

ਝੁਕ ਕੇ ਜਾਂ ਗਲਤ ਢੰਗ ਨਾਲ ਤੁਰਨ ਨਾਲ ਸਾਹ ਲੈਣ 'ਤੇ ਅਸਰ ਪੈਂਦਾ ਹੈ, ਜਿਸ ਕਾਰਨ ਦਿਲ ਤੱਕ ਕਾਫ਼ੀ ਆਕਸੀਜਨ ਨਹੀਂ ਪਹੁੰਚਦੀ। ਸਿੱਧੇ ਖੜ੍ਹੇ ਹੋ ਕੇ ਆਪਣੇ ਮੋਢਿਆਂ ਨੂੰ ਢਿੱਲਾ ਰੱਖ ਕੇ ਅਤੇ ਆਪਣੀਆਂ ਬਾਹਾਂ ਨੂੰ ਹਿਲਾ ਕੇ ਤੁਰੋ।

ਸਹੀ ਮਾਤਰਾ 'ਚ ਪਾਣੀ ਨਾ ਪੀਣਾ

ਡੀਹਾਈਡਰੇਸ਼ਨ ਖ਼ੂਨ ਨੂੰ ਗਾੜ੍ਹਾ ਬਣਾ ਦਿੰਦੀ ਹੈ, ਜਿਸ ਨਾਲ ਦਿਲ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਸੈਰ ਤੋਂ ਪਹਿਲਾਂ ਅਤੇ ਬਾਅਦ 'ਚ ਪਾਣੀ ਪੀਂਦੇ ਰਹੋ, ਖਾਸ ਕਰਕੇ ਗਰਮੀਆਂ 'ਚ।

ਭਾਰੀ ਨਾਸ਼ਤਾ ਕਰਨ ਤੋਂ ਬਾਅਦ ਸੈਰ ਕਰਨਾ

ਸੈਰ ਤੋਂ ਠੀਕ ਪਹਿਲਾਂ ਭਾਰੀ ਜਾਂ ਤਲਿਆ ਹੋਇਆ ਭੋਜਨ ਖਾਣ ਨਾਲ ਪਾਚਨ ਪ੍ਰਣਾਲੀ 'ਤੇ ਦਬਾਅ ਪੈਂਦਾ ਹੈ ਅਤੇ ਦਿਲ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ।

# ਸਾਈਕਲ ਦੀ ਸ਼ਾਹੀ ਸਵਾਰੀ, ਕੀ ਰੀਸ ਕਰੂ ਫਰਾਰੀ

ਡਾ. ਕਮਲੇਸ਼ ਸਿੰਘ ਦੁੱਗਲ

ਗੱਲ 1968-69 ਦੀ ਹੈ ਜਦੋਂ ਮੈਂ ਸਰਕਾਰੀ ਹਾਇਰ ਸੈਕੰਡਰੀ ਸਕੂਲ ਅਮਰਗੜ੍ਹ (ਮਲੇਰਕੋਟਲਾ) ਦੀ ਅੱਠਵੀਂ-ਨੌਂਵੀਂ ਜਮਾਤ ਵਿਚ ਪੜ੍ਹਦਾ ਸੀ। ਸਾਡਾ ਇਹ ਸਕੂਲ ਪਿੰਡੋਂ ਡੇਢ ਕੁ ਕਿੱਲੋਮੀਟਰ ਦੀ ਵਿੱਥ 'ਤੇ ਨਾਭਾ-ਮਲੇਰਕੋਟਲਾ ਰੋਡ 'ਤੇ ਪੈਂਦਾ ਸੀ। ਉਦੋਂ ਪਿੰਡੋਂ ਥੋੜ੍ਹੀ ਕੁ ਦੂਰ ਚੋਂਦੇ ਪਿੰਡ ਵਾਲੇ ਮੋੜ ਤੋਂ ਰਸਤਾ ਇਕਦਮ ਸੁੰਨਾ ਹੋ ਜਾਂਦਾ ਸੀ। ਇਹੀ ਵਜ੍ਹਾ ਸੀ ਕਿ ਸਾਨੂੰ ਤਿੰਨ-ਤਿੰਨ ਜਾਂ ਚਾਰ-ਚਾਰ ਦੇ ਗੁਰੱਪਾਂ ਵਿਚ ਹੀ ਜਾਣਾ ਪੈਂਦਾ ਸੀ। ਅੱਜ-ਕੱਲ੍ਹ ਤਾਂ ਇਹ ਰੋਡ ਦੋਹਾਂ ਪਾਸਿਆਂ ਤੋਂ ਦੁਕਾਨਾਂ-ਮਕਾਨਾਂ ਨਾਲ ਬੁਰੀ ਤਰ੍ਹਾਂ ਘਿਰੀ ਪਈ ਹੈ। ਰਹਿੰਦੀ ਕਸਰ ਬਾਅਦ 'ਚ ਬਣੇ ਪਿੰਡ ਦੇ ਸਰਕਾਰੀ ਕਾਲਜ ਨੇ ਕੱਢ ਦਿੱਤੀ ਹੈ ਜਿਸ ਨੇ ਪਿੰਡ ਅਮਰਗੜ੍ਹ ਤੇ ਲਾਂਗੜੀਆਂ ਦੀ ਜੂਹ ਵੀ ਖ਼ਤਮ ਕਰ ਦਿੱਤੀ ਹੈ। ਉਨ੍ਹਾਂ ਦਿਨਾਂ ਵਿਚ ਸਕੂਲ ਦੇ ਅੱਠ-ਨੌਂ ਸੌ ਵਿਦਿਆਰਥੀਆਂ ਵਿੱਚੋਂ ਚਾਰ-ਪੰਜ ਸੌ ਆਪੋ-ਆਪਣੇ ਸਾਈਕਲਾਂ 'ਤੇ ਸਕੂਲ ਆਉਂਦੇ ਸਨ।

ਇਨ੍ਹਾਂ ਵਿੱਚੋਂ ਜ਼ਿਆਦਾ ਗਿਣਤੀ ਨੇੜੇ-ਤੇੜੇ ਦੇ ਪਿੰਡਾਂ ਤੋਂ ਆਉਣ ਵਾਲਿਆਂ ਦੀ ਹੁੰਦੀ। ਅਮਰਗੜ੍ਹ ਛੇਵੀਂ ਤੋਂ ਅੱਠਵੀਂ ਜਮਾਤ ਦਾ ਟਾਵਾਂ-ਟਾਵਾਂ ਬੱਚਾ ਛੋਟੇ ਸਾਈਕਲਾਂ 'ਤੇ ਆਉਂਦਾ। ਛੋਟੇ ਸਾਈਕਲ ਤੋਂ ਭਾਵ 22 ਇੰਚੀ ਫਰੇਮ ਤੋਂ ਹੈ ਜਦਕਿ ਵੱਡੇ ਸਾਈਕਲ 24 ਇੰਚੀ ਫਰੇਮ ਦੇ ਹੁੰਦੇ ਸਨ। ਪਿੰਡੋਂ ਆਉਣ ਵਾਲੇ ਕਾਫ਼ੀ ਵਿਦਿਆਰਥੀ ਸਕੂਲ ਨੂੰ ਪੈਦਲ ਹੀ ਮਾਰਚ ਕਰਦੇ। ਕਈ ਦਫ਼ਾ ਇਨ੍ਹਾਂ ਪੈਦਲ ਵਾਲਿਆਂ ਵੱਲੋਂ ਕਦੇ-ਕਦੇ ਸਾਈਕਲ ਵਾਲਿਆਂ ਤੋਂ ਸਾਈਕਲ ਉਧਾਰੀ ਮੰਗ ਕੇ ਵਿਹਲੇ ਪੀਰੀਅਡ 'ਚ ਉਸ ਨੂੰ ਚਲਾਉਣ ਦਾ ਸ਼ੌਕ ਪੂਰਾ ਕਰ ਲਿਆ ਜਾਂਦਾ।

ਉਦੋਂ ਪਹਿਲਾਂ ਕੈਂਚੀ, ਫਿਰ ਡੰਡਾ ਤੇ ਅਖ਼ੀਰਲਾ ਕਦਮ ਸਾਈਕਲ ਦੀ ਕਾਠੀ 'ਤੇ ਬੈਠ ਕੇ ਉਸ ਨੂੰ ਚਲਾਉਣਾ ਹੁੰਦਾ ਸੀ। ਉਦੋਂ ਕਈ ਤਾਂ ਸਾਈਕਲ ਸਿੱਖਦੇ-ਸਿੱਖਦੇ ਆਪਣੀਆਂ ਕੂਹਣੀਆਂ ਤੇ ਗੋਡੇ ਵੀ ਰਗੜਾ ਲੈਂਦੇ ਸਨ।



ਜਿਉਂ ਹੀ ਘਰਦਿਆਂ ਦੀ ਨਿਗ੍ਹਾ ਇਨ੍ਹਾਂ ਜ਼ਖ਼ਮਾਂ 'ਤੇ ਪੈਂਦੀ ਤਾਂ ਉਹ ਫਟਾਫਟ ਨੀਲੀ ਸਿਆਹੀ ਵਰਗੀ ਨੀਲੀ ਦਵਾ ਦਾ ਪੋਚਾ ਮਾਰ ਦਿੰਦੇ। ਟੈਟਨਸ ਦੇ ਟੀਕੇ ਲਗਾਉਣ ਦਾ ਉਦੋਂ ਜ਼ਿਆਦਾ ਰਿਵਾਜ ਨਹੀਂ ਸੀ। ਇਸ ਤਰ੍ਹਾਂ ਮਾੜੀਆਂ-ਮੋਟੀਆਂ ਸੱਟਾਂ ਖਾ ਕੇ ਕੁਝ ਦਿਨਾਂ ਵਿਚ ਹੀ ਹਰ ਕੋਈ ਸਾਈਕਲ ਚਲਾਉਣ ਦਾ ਮਾਹਿਰ ਹੋ ਜਾਂਦਾ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਸਕੂਲ ਦਾ ਜ਼ਿਆਦਾਤਰ ਸਟਾਫ ਪ੍ਰਿੰਸੀਪਲ ਸਮੇਤ ਸਾਈਕਲਾਂ 'ਤੇ ਹੀ ਆਉਂਦਾ ਸੀ।

ਨਾਭੇ ਤੇ ਮਲੇਰਕੋਟਲਾ ਤੋਂ ਬੱਸਾਂ 'ਚ ਆਉਣ ਵਾਲੇ ਅਧਿਆਪਕ ਵੀ ਇਹ ਦੂਰੀ ਪੈਦਲ ਹੀ ਤਹਿ ਕਰਦੇ। ਸਾਰੇ ਸਕੂਲ ਵਿਚ ਸਿਰਫ਼ ਇਕ ਗਿਆਰਵੀਂ ਕਲਾਸ ਦਾ ਵਿਦਿਆਰਥੀ ਨਿਰਭੈ ਸਿੰਘ ਪਿੰਡ ਭਟੀਆਂ ਤੋਂ ਕਾਲੇ ਰੰਗ ਦੇ ਰਾਜਦੂਤ ਮੋਟਰਸਾਈਕਲ 'ਤੇ ਆਉਂਦਾ। ਉਦੋਂ ਨਵੇਂ ਰਾਜਦੂਤ ਦੀ ਕੀਮਤ ੩੬੦੦ ਰੁਪਏ ਹੁੰਦੀ ਸੀ। ਅਸੀਂ ਕਈ ਦਫ਼ਾ ਬਿਨਾਂ ਚਾਬੀ ਤੋਂ ਹੀ ਉਸ ਦੇ ਮੋਟਰਸਾਈਕਲ ਨੂੰ ਸਟਾਰਟ ਕਰਨ ਦਾ ਅਸਫਲ ਯਤਨ ਕਰਦੇ। ਅਧਿਆਪਕਾਂ ਵਿੱਚੋਂ ਸਿਰਫ਼ ਜਗਰਾਫੀ ਵਾਲੇ ਮਾਸਟਰ ਗੁਰਦੇਵ ਸਿੰਘ ਆਪਣੇ ਪਿੰਡ ਤੋਂ ਕਦੇ-ਕਦੇ ਬੀਐੱਸਏ ਮੋਟਰਸਾਈਕਲ ਲੈ ਕੇ ਆਉਂਦੇ। ਜਿਸ ਦਿਨ ਉਨ੍ਹਾਂ ਦੇ ਹੱਥਾਂ ਤੇ ਝੱਗੇ ਤੇ ਕਾਲੇ-ਕਾਲੇ ਨਿਸ਼ਾਨ ਹੁੰਦੇ, ਸਾਨੂੰ ਸਾਰਿਆਂ ਨੂੰ ਪਤਾ ਚੱਲ ਜਾਂਦਾ ਕਿ ਮਾਸਟਰ ਜੀ ਅੱਜ ਹੱਥ-ਗੇਅਰਾਂ ਵਾਲੇ ਮੋਟਰਸਾਈਕਲ 'ਤੇ ਆਏ ਹਨ।

ਕਈ ਮਾਸਟਰ ਤਾਂ ਉਨ੍ਹਾਂ ਦੀ ਪਿੱਠ ਪਿੱਛੇ ਇਹ ਵੀ ਕਹਿੰਦੇ ਸਨ ਕਿ ਇਹ ਅੰਗਰੇਜ਼ਾਂ ਦੇ ਵੇਲੇ ਦਾ ਮੋਟਰਸਾਈਕਲ ਗੁਰਦੇਵ ਸਿੰਘ ਨੇ ਧੂਰੀ ਦੇ ਕਬਾੜੀਏ ਕੋਲੋਂ ਲੋਹੇ ਦੇ ਭਾਅ ਖ਼ਰੀਦਿਆ ਹੈ ਜਿਸ ਨੇ ਚੰਗੇ-ਭਲੇ ਮਾਸਟਰ ਨੂੰ ਮਕੈਨਿਕ ਬਣਾ ਦਿੱਤਾ ਹੈ। ਸਾਡੇ ਵਿੱਚੋਂ ਸਰੀਰ ਤੇ ਕੱਦ 'ਚ ਉੱਚੇ ਗੁਰਜੀਤ ਨੇ ਇਕ ਦਿਨ ਮੋਟਰਸਾਈਕਲ ਨੂੰ ਛੁੱਟੀ ਵੇਲੇ ਧੱਕਾ ਲਾਉਂਦਿਆਂ ਕਹਿ ਹੀ ਦਿੱਤਾ ਕਿ ਮਾਸਟਰ ਜੀ, ਥੋੜ੍ਹੇ ਜਿਹੇ ਹੋਰ ਪੈਸੇ ਪਾ ਕੇ ਹਿੰਦ ਸਾਈਕਲ ਕਿਉਂ ਨਹੀਂ ਲੈਂ ਲੈਂਦੇ। ਇਸ ਦੇ ਦੋ ਫ਼ਾਇਦੇ ਹੋਣਗੇ। ਇਕ ਤਾਂ ਤੁਸੀਂ ਕਦੇ ਸਕੂਲ ਲੇਟ ਨਹੀਂ ਹੋਵੋਗੇ ਤੇ ਦੂਜਾ ਸਾਈਕਲ ਚਲਾਉਣ ਨਾਲ ਸਰੀਰ ਰਵਾ ਰਹਿੰਦਾ ਹੈ।

ਹਲਕੀ ਜਿਹੀ ਮੁਸਕਰਾਹਟ ਲਿਆ ਕੇ ਮਾਸਟਰ ਜੀ ਨੇ ਭਾਵੇਂ ਗੁਰਜੀਤ ਨੂੰ ਕੋਈ ਉੱਤਰ ਨਾ ਦਿੱਤਾ ਪਰ ਕਈ ਮਹੀਨੇ ਉਹ ਸਾਈਕਲ 'ਤੇ ਆਉਂਦੇ ਰਹੇ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਦਾ ਡੀਨ ਨਿਯੁਕਤ ਹੋਇਆ ਤਾਂ ਕੈਂਪਸ ਦੇ ਸਟੋਰ 'ਚ ਮੈਨੂੰ ਇਕ ਕਬਾੜ ਬਣਿਆ ਜੰਗਾਲ ਦਾ ਭਰਿਆ ਸਾਈਕਲ ਮਿਲਿਆ। ਮੈਂ ਪਹਿਲਾ ਕੰਮ ਹੀ ਇਹ ਕੀਤਾ, ਉਸ ਨੂੰ ਰੰਗ ਕਰਵਾ ਕੇ ਡੰਡੇ 'ਤੇ ਇਕ ਪਲੇਟ ਲਿਖਵਾਈ ਜਿਸ 'ਤੇ ਲਿਖਿਆ ਹੋਇਆ ਸੀ 'ਸਾਈਕਲ ਚਲਾ , ਸਿਹਤ ਬਣਾ , ਬਿਮਾਰੀ ਭਜਾ '। ਸ਼ਹਿਰੀਏ ਜਿੰਮ 'ਚ ਜਾ ਕੇ ਤਾਂ ਸਾਈਕਲਿੰਗ ਕਰਦੇ ਹਨ ਪਰ ਆਮ ਕੰਮਾਂ ਲਈ ਉਸ ਦੀ ਵਰਤੋਂ ਤੋਂ ਗੁਰੇਜ਼ ਹੀ ਕਰਦੇ ਹਨ। ਸ਼ਾਇਦ ਅਜਿਹਾ ਉਹ ਹੀਣ-ਭਾਵਨਾ ਦੀ ਵਜ੍ਹਾ ਕਰ ਕੇ ਕਰਦੇ ਹਨ। ਸਾਡੇ ਵੇਲੇ ਸਕੂਲ ਵਿਚ ਤੇਜ਼ ਤੇ ਹੌਲੀ ਸਾਈਕਲ ਚਲਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਸੱਚ ਦੱਸਾਂ ਤਾਂ ਮੈਨੂੰ ਵੀ ਸਲੋਅ ਸਾਈਕਲਿੰਗ ਦਾ ਚੇਤਾ ਕਾਫ਼ੀ ਦਹਾਕਿਆਂ ਬਾਅਦ ਆਇਆ ਹੈ। ਅੱਜ-ਕੱਲ੍ਹ ਦੇ ਬਹੁਤੇ ਵਿਦਿਆਰਥੀ ਸਾਈਕਲਾਂ/ਕਾਰਾਂ ਦੀਆਂ ਰੇਸਾਂ ਆਪਣੇ ਮੋਬਾਈਲ 'ਤੇ ਖੇਡਾਂ ਖੇਡਦਿਆਂ ਲਾਉਂਦੇ ਹਨ। ਸਰੀਰਕ ਕਸਰਤ ਨਾ ਹੋਣ ਕਰਕੇ ਤੇ ਜੰਕ ਫੂਡ ਦੀ ਮਿਹਰਬਾਨੀ ਸਦਕਾ ਉਹ ਸਾਈਕਲ ਚਲਾਉਣਾ ਭੁੱਲਦੇ ਹੀ ਜਾ ਰਹੇ ਹਨ।

ਥੋੜ੍ਹੀ ਜਿਹੀ ਦੂਰੀ 'ਤੇ ਜਾਣ ਲਈ ਵੀ ਉਹ ਸਕੂਟਰ ਜਾਂ ਮੋਟਰਸਾਈਕਲ ਨੂੰ ਹੀ ਤਰਜੀਹ ਦਿੰਦੇ ਹਨ। ਸਿੱਟੇ ਵਜੋਂ ਛੋਟੀ ਉਮਰ ਵਿਚ ਹੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਵੇਲੇ ਪਹਿਲਾਂ ਕਦੇ ਸੁਣਿਆ ਹੀ ਨਹੀਂ ਸੀ ਕਿ ਭਰ ਜਵਾਨੀ ਵਿਚ ਵੀ ਦਿਲ ਫੇਲ੍ਹ ਹੁੰਦੇ ਹਨ। ਅੱਜ-ਕੱਲ੍ਹ ਤਾਂ ਦਿਲ ਫੇਲ੍ਹ ਹੋਣ ਦਾ ਉਮਰ ਨਾਲ ਕੋਈ ਸਬੰਧ ਹੀ ਨਹੀਂ ਰਿਹਾ। ਪੱਚੀ-ਪੱਚੀ, ਤੀਹ-ਤੀਹ ਵਰ੍ਹੇ ਦੀਆਂ ਮੁਟਿਆਰਾਂ ਤੇ ਗੱਭਰੂ ਇਸ ਬਿਮਾਰੀ ਦਾ ਸ਼ਿਕਾਰ ਆਮ ਹੀ ਹੋ ਰਹੇ ਹਨ ਜਿਸ ਦੀ ਇਕ ਵਜ੍ਹਾ ਸਰੀਰਕ ਕਸਰਤ ਭਾਵ ਸਾਈਕਲ ਚਲਾਉਣ ਤੋਂ ਅੱਖਾਂ ਮੀਟਣਾ ਹੈ।

ਕੁਝ ਦਿਨ ਪਹਿਲਾਂ ਮੈਂ ਜਲੰਧਰ ਦੇ ਇਕ ਪ੍ਰਾਈਵੇਟ ਅੰਗਰੇਜ਼ੀ ਸਕੂਲ 'ਚ ਗਿਆ ਤਾਂ ਉੱਥੇ ਸੈਂਕੜਿਆਂ ਦੀ ਗਿਣਤੀ ਵਿਚ ਰੰਗ-ਬਰੰਗੀਆਂ ਸਕੂਟਰੀਆਂ ਤੇ ਸਟਾਫ ਦੀਆਂ ਦਰਜਨਾਂ ਕਾਰਾਂ ਖੜ੍ਹੀਆਂ ਵੇਖ ਕੇ ਮੈਨੂੰ ਆਪਣੇ ਸਕੂਲ ਦੇ ਦਿਨ ਯਾਦ ਆ ਗਏ। ਇਹ ਸ਼ਹਿਰੀ ਸਕੂਲ ਦੀਆਂ ਸਕੂਟਰੀਆਂ ਤੇ ਮੇਰੇ ਸਕੂਲ ਵਾਲੇ ਸਾਈਕਲਾਂ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਿਆ। ਨਾਲ ਹੀ ਸਾਡੇ ਸਕੂਲ ਦੇ ਉਸ ਵੇਲੇ ਦੇ ਪ੍ਰਿੰਸੀਪਲ ਅਰਜਨ ਸਿੰਘ ਦਾ ਡੈਨਮੋ ਤੇ ਚਮੜੇ ਦੀ ਤਿੱਖੀ ਨੋਕਦਾਰ ਗੱਦੀ ਵਾਲਾ ਸਾਈਕਲ ਵੀ ਯਾਦ ਆ ਗਿਆ। ਕਾਸ਼! ਸਾਈਕਲ ਚਲਾਉਣਾ ਅੱਜ ਵੀ ਮਜਬੂਰੀ ਹੋ ਜਾਵੇ ਤੇ ਸ਼ਾਹੀ ਸਵਾਰੀ ਹੋ ਨਿੱਬੜੇ। ਇਹੋ ਮੇਰੀ ਕਾਮਨਾ ਹੈ।

# ਟਰੰਪ ਸ਼ਾਸਨ ਦੇ ਸੌ ਦਿਨਾਂ ਦਾ ਲੇਖਾ-ਜੋਖਾ



ਦਰਬਾਰਾ ਸਿੰਘ ਕਾਹਲੋਂ

ਅਮਰੀਕਨ ਰਿਪਬਲਿਕਨ ਪਾਰਟੀ ਦੇ ਚਰਚਿਤ ਆਗੂ ਡੋਨਾਲਡ ਟਰੰਪ ਨੇ ਰਾਸ਼ਟਰ ਦੇ 47ਵੇਂ ਰਾਸ਼ਟਰਪਤੀ ਵਜੋਂ 20 ਜਨਵਰੀ 2025 ਨੂੰ ਸੰਵਿਧਾਨਕ ਤੌਰ 'ਤੇ ਸੱਤਾ ਸੰਭਾਲੀ ਸੀ। ਉਨ੍ਹਾਂ ਨੇ 29 ਅਪ੍ਰੈਲ 2025 ਨੂੰ ਆਪਣੀ ਇਸ ਰਾਸ਼ਟਰਪਤੀਸ਼ਿਪ ਦੇ ਪਹਿਲੇ 100 ਦਿਨ ਪੂਰੇ ਕਰ ਲਏ ਹਨ। ਇਸ ਤੋਂ ਪਹਿਲਾਂ ਸੰਨ 2017 ਤੋਂ 2021 ਤਕ 45ਵੇਂ ਰਾਸ਼ਟਰਪਤੀ ਵਜੋਂ ਉਹ ਸੇਵਾ ਨਿਭਾ ਚੁੱਕੇ ਹਨ। ਅਮਰੀਕੀ ਇਤਿਹਾਸ ਵਿਚ ਟਰੰਪ ਪਹਿਲਾ ਅਜਿਹਾ ਰਾਸ਼ਟਰਪਤੀ ਹੈ ਜਿਸ ਨੇ ਆਪਣੇ 100 ਦਿਨਾਂ ਦੇ ਕਾਰਜਕਾਲ ਵਿਚ ਆਪਣੇ ਕਾਰਜਕਾਰੀ ਹੁਕਮਾਂ ਅਤੇ ਵਰਤਾਰੇ ਰਾਹੀਂ ਗਲੋਬਲ ਪੱਧਰ 'ਤੇ ਰਾਜਨੀਤਕ, ਵਪਾਰਕ, ਭੂਗੋਲਿਕ, ਯੁੱਧਨੀਤਕ ਪੱਧਰ 'ਤੇ ਅਣਕਿਆਸੀ ਉਥਲ-ਪੁਥਲ ਰਾਹੀਂ ਤਰਥਲੀ ਮਚਾ ਕੇ ਰੱਖ ਦਿੱਤੀ ਹੈ। ਅਮਰੀਕਾ ਦੇ ਚਾਰ ਵਾਰ ਰਹੇ ਰਾਸ਼ਟਰਪਤੀ ਫਰੈਂਕਲਿਨ ਡੀ। ਰੂਜ਼ਵੈਲਟ ਨੇ ਆਪਣੇ ਪਹਿਲੇ ਕਾਰਜਕਾਲ ਦੇ 100 ਦਿਨਾਂ ਵਿਚ ਵੱਡੇ ਨਿਰਣਾਇਕ ਫ਼ੈਸਲੇ ਲੈ ਕੇ ਜੋ ਇਤਿਹਾਸ ਰਚਿਆ ਸੀ, ਟਰੰਪ ਨੇ ਉਹ ਰਿਕਾਰਡ ਵੀ ਤੋੜ ਦਿੱਤਾ ਹੈ। ਵੀਹ ਜਨਵਰੀ ਤੋਂ 24 ਅਪ੍ਰੈਲ 2025 ਤੱਕ ਉਸ ਨੇ 139 ਕਾਰਜਕਾਰੀ ਹੁਕਮ, 39 ਐਲਾਨਨਾਮੇ ਤੇ 45 ਮੈਮੋਰੰਡਮ ਜਾਰੀ ਕੀਤੇ ਹਨ। ਇਨ੍ਹਾਂ ਵਿਚ ਨਵੇਂ ਕਾਨੂੰਨਾਂ ਤੋਂ ਇਲਾਵਾ ਪਰਵਾਸ ਸੁਧਾਰ, ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਵਾਪਸੀ, ਟੈਰਰ ਟੈਰਿਫਸ, ਫੈਡਰਲ ਖ਼ਰਚਿਆਂ ਅਤੇ ਸਰਕਾਰੀ ਆਕਾਰ ਵਿਚ ਕਟੌਤੀ ਆਦਿ ਸ਼ਾਮਲ ਹਨ। ਅਮਰੀਕਾ ਕਿਵੇਂ ਪੂਰੇ ਗਲੋਬਲ ਆਰਡਰ ਨੂੰ ਇਕਤਰਫ਼ਾ ਪ੍ਰਭਾਵਿਤ ਕਰਨ ਅਤੇ ਬਦਲਣ ਦਾ ਦਮ-ਖ਼ਮ ਰੱਖਦਾ ਹੈ, ਡੋਨਾਲਡ ਟਰੰਪ ਦੇ ਏਕਾਧਿਕਾਰਵਾਦੀ, ਤਾਨਾਸ਼ਾਹ ਤੇ ਬਰਬਰਤਾਪੂਰਵਕ ਕਾਰਨ-ਾਮਿਆਂ ਨੇ ਦੱਸ ਦਿੱਤਾ ਹੈ। ਉਸ ਦੇ ਨਿਰਣਿਆਂ, ਅਮਲਾਂ ਅਤੇ ਧਮਕੀਆਂ ਨੇ ਦੇਸ਼-ਵਿਦੇਸ਼ ਅੰਦਰ ਰਾਜਨੀਤੀਵਾਨਾਂ, ਡਿਪਲੋਮੈਟਾਂ, ਬੁੱਧੀਜੀਵੀਆਂ ਤੇ ਆਰਥਿਕ ਮਾਹਿਰਾਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਹੈ।



**ਅਮਰੀਕੀ ਏਕਾਧਿਕਾਰ ਦੀ ਕੋਸ਼ਿਸ਼**

ਟਰੰਪ ਦੂਸਰੀ ਵਿਸ਼ਵ ਜੰਗ ਦੀ ਬਰਬਾਦੀ ਤੋਂ ਬਾਅਦ ਬ੍ਰੈਟਨਵੁੱਡ ਸੰਸਥਾਵਾਂ ਨੂੰ ਆਧਾਰ ਬਣਾ ਕੇ ਸਥਾਪਤ ਵਿਸ਼ਵ-ਨਿਜ਼ਾਮ ਨੂੰ ਅਮਰੀਕੀ ਏਕਾਧਿਕਾਰਵਾਦੀ ਨਵ ਨਿਜ਼ਾਮ ਵਜੋਂ ਸਥਾਪਤ ਕਰਨਾ ਚਾਹੁੰਦਾ ਹੈ। ਉਸ ਦਾ ਅਸਲ ਮਕਸਦ ਟੈਰਿਫਾਂ ਦੀ ਕੌੜੀ ਦਵਾਈ ਰਾਹੀਂ ਵਿਸ਼ਵ ਭਰ ਦੇ ਵਪਾਰੀਆਂ, ਕਾਰਪੋਰੇਟਰਾਂ, ਫਾਰਮਾਂ ਤੇ ਉਦਯੋਗਪਤੀਆਂ ਨੂੰ ਅਮਰੀਕਾ ਵਿਚ ਨਿਵੇਸ਼ ਕਰਨ ਅਤੇ ਉਦਯੋਗ ਕਾਰੋਬਾਰ ਸਥਾਪਤ ਕਰਨ ਲਈ ਮਜਬੂਰ ਕਰਨਾ ਹੈ। ਪੂਰੇ ਵਿਸ਼ਵ ਦੇ ਰਾਸ਼ਟਰਾਂ ਨੂੰ ਨਵੇਂ ਸਿਰਿ ੰ ਉਸ ਦੀਆਂ ਸ਼ਰਤਾਂ ਅਨੁਸਾਰ ਆਰਥਿਕ, ਵਪਾਰਕ, ਯੁੱਧਨੀਤਕ, ਡਿਪਲੋਮੈਟਿਕ ਸਬੰਧਾਂ ਨੂੰ ਕਾਇਮ ਕਰਨਾ ਹੈ। ਸਿਰਫ਼ ਚੀਨ ਹੀ ਸਾਹਮਣੇ ਡਟ ਕੇ ਅੜਿਆ ਹੈ। ਬਾਕੀ ਸਭ ਦੇਸ਼ ਮੂੰਹ ਵਿਚ ਘੁੰਗਣੀਆਂ ਪਾਈ ਸਿਰ ਲਟਕਾਈ ਖੜ੍ਹੇ ਵੇਖੀ ਜਾ ਰਹੇ ਹਨ। ਵਿਡੰਬਨਾ ਇਹ ਵੀ ਹੈ ਕਿ ਵੀਅਤਨਾਮ, ਕੋਰੀਆ, ਇਰਾਕ, ਅਫ਼ਗਾਨਿਸਤਾਨ ਵਿਖੇ ਫ਼ੌਜੀ ਨਾਕਾਮੀਆਂ ਦੇ ਬਾਵਜੂਦ ਉਸ ਦੀ ਫ਼ੌਜੀ ਸ਼ਕਤੀ ਦੀ ਚਕਾਚੌਂਧ ਕਾਇਮ ਹੈ।

**ਵਿਸ਼ਵ ਵਪਾਰ ਨੂੰ ਖ਼ਤਰਾ**

ਅਮਰੀਕਾ ਨੇ ਪੂਰੇ ਵਿਸ਼ਵ ਵਪਾਰ ਸੰਗਠਨ ਅਧੀਨ ਚੱਲਦੇ ਵਿਸ਼ਵ ਵਪਾਰ ਨਿਜ਼ਾਮ ਨੂੰ ਤਹਿਸ-ਨਹਿਸ ਕਰਨ ਲਈ 10 ਪ੍ਰਤੀਸ਼ਤ ਤੋਂ ਲੈ ਕੇ 145 ਪ੍ਰਤੀਸ਼ਤ (ਚੀਨ 'ਤੇ) ਟੈਰਿਫਾਂ ਦਾ ਐਲਾਨ ਪੂਰੇ ਵਿਸ਼ਵ ਦੇ ਦੇਸ਼ਾਂ ਅਤੇ ਖੇਤਰਾਂ ਵਿਰੁੱਧ ਕਰ ਦਿੱਤਾ। ਪੂਰੇ ਵਿਸ਼ਵ ਨਾਲ ਵਪਾਰ ਵਿਚ ਉਸ ਨੂੰ ਇਕ ਟ੍ਰਿਲੀਅਨ ਸਾਲਾਨਾ ਘਾਟਾ ਪੈ ਰਿਹਾ ਸੀ ਜਿਸ ਦੀ ਪੂਰਤੀ ਲਈ ਉਸ ਨੇ ਅਮਰੀਕਾ ਅੰਦਰ ਸਮੁੱਚੇ ਦਰਾਮਦ 'ਤੇ ਭਾਰੀ ਭਰਕਮ ਟੈਰਿਫ ਠੋਕ ਦਿੱਤੇ। ਮਸ਼ਹੂਰ ਅਮਰੀਕੀ ਆਰਥਿਕ ਮਾਹਿਰ ਜੈਫਰੀ ਸਾਚਸ ਨੇ ਟਰੰਪ ਤੇ ਉਸ ਦੇ ਆਲੇ-ਦੁਆਲੇ ਝੁਰਮਟ ਪਾਈ ਖੜ੍ਹੀ ਸੁਪਰ ਕਾਰਪੋਰੇਟਰਾਂ ਦੀ ਜੁੰਡਲੀ ਜਿਸ ਵਿਚ ਮਾਰਕ ਜ਼ੁਕਰਬਰਗ, ਐਲਨ ਮਸਕ, ਸੁੰਦਰ ਪਿਚਾਈ, ਜੈਫ ਬੇਜੋਸ, ਟਿਮ ਕੁੱਕ, ਸਾਮ ਅਲਟਮਾਨ ਅਤੇ ਸ਼ੋਅ ਜੀ ਚਿ ੂ ਆਦਿ ਸ਼ਾਮਲ ਹਨ, ਵਿਸ਼ਵ ਅੰਦਰ ਸੁਪਰ ਕਾਰਪੋਰੇਟ ਕੰਟਰੋਲਡ ਆਰਥਿਕ ਅਤੇ ਵਪਾਰਕ ਨਿਜ਼ਾਮ ਸਥਾਪਤ ਕਰਨ ਦੀ ਲਲਕ ਕਰਕੇ ਅਮਰੀਕੀਆਂ ਨੂੰ ਗੁਮਰਾਹ ਕਰ ਰਹੀ ਹੈ। ਪ੍ਰੋ। ਜੈਫਰੀ ਦਾ ਕਹਿਣਾ ਹੈ ਕਿ ਅਮਰੀਕੀ ਸਾਲਾਨਾ ਮਾਲੀਆ ਨਾਲੋਂ ਵੱਧ ਖ਼ਰਚਦੇ ਹਨ। ਮਿਸਾਲ ਵਜੋਂ ਸੰਨ 2024 ਵਿਚ ਫੈਡਰਲ ਸਰਕਾਰ ਨੇ ਖ਼ਰਚ ਕੀਤੇ 6175 ਟ੍ਰਿਲੀਅਨ, ਮਾਲੀਆ ਇਕੱਤਰ ਕੀਤਾ 4192 ਟ੍ਰਿਲੀਅਨ ਡਾਲਰ। ਸਿੱਧਾ ਘਾਟਾ 1183 ਟ੍ਰਿਲੀਅਨ ਡਾਲਰ। ਅੱਜ ਹਰ ਅਮਰੀਕੀ 106115 ਡਾਲਰ ਦਾ ਕਰਜ਼ਾਈ ਹੈ। ਅਮਰੀਕੀ ਬਜਟ ਘਾਟੇ ਦਾ ਕਾਰਨ ਇਹ ਵੀ ਹੈ ਕਿ ਇਹ ਟੈਕਸ ਮੱਧ ਅਤੇ ਹੇਠਲੇ ਵਰਗਾਂ 'ਤੇ ਲਗਾਉਂਦਾ ਹੈ ਜਦਕਿ ਵੱਡੇ ਕਾਰਪੋਰੇਟਰ ਮਗਰਮੱਛਾਂ ਨੂੰ ਟੈਕਸ ਰਾਹਤਾਂ ਦਿੰਦਾ ਹੈ। ਬਜਟ ਪਾਸ ਕਰਨ ਵਾਲੀ ਅਮਰੀਕੀ ਕਾਂਗਰਸ ਦੇ ਮੈਂਬਰ ਚੋਣਾਂ ਲੜਨ ਲਈ ਇਨ੍ਹਾਂ ਕਾਰਪੋਰੇਟਰਾਂ ਤੋਂ ਧਨ ਲੈਂਦੇ ਹਨ, ਰਾਸ਼ਟਰਪਤੀ ਪਦ ਦੇ ਉਮੀਦਵਾਰ ਵੀ ਇਸ ਲਈ ਇਨ੍ਹਾਂ ਵੱਡੇ ਮਗਰਮੱਛਾਂ 'ਤੇ ਟੈਕਸ ਲਗਾਉਣ ਦਾ ਮੁੱਦਾ ਹੀ ਨਹੀਂ ਉਠਾਉਂਦੇ।

**'ਅਮਰੀਕਾ ਫਸਟ' ਦਾ ਇਕੱਲਾਪਣ**

ਇਸੇ ਕਰਕੇ ਦੇਸ਼ ਵਿਚ ਜੀਵਨ ਬਸਰ ਕਰਨ ਦੀ ਲਾਗਤ ਵਿਚ ਵਾਧੇ, ਮਹਿੰਗਾਈ, ਗੁਰਬਤ, ਬੇਰੁਜ਼ਗਾਰੀ, ਸਿਹਤ, ਸਿੱਖਿਆ ਅਤੇ ਸੁਰੱਖਿਆ ਸੇਵਾਵਾਂ ਵਿਚ ਕਮੀ ਕਰਕੇ 50 ਰਾਜਾਂ ਵਿਚ 1400 ਥਾਵਾਂ 'ਤੇ ਲੋਕ ਏਕਾਧਿਕਾਰ ਅਤੇ ਧੱਕੇਸ਼ਾਹ ਸ਼ਾਸਨ ਵਿਰੁੱਧ ਰੈਲੀਆਂ ਲਈ ਮਜਬੂਰ ਹੋਏ। ਉਸ ਦੇ ਪ੍ਰਸ਼ਾਸਨ ਦੇ 100 ਦਿਨ ਪੂਰੇ ਹੋਣ 'ਤੇ ਉਸ ਦਾ ਇਹ ਕਹਿਣਾ ਨਿਰਾ ਤਕੱਬਰ ਹੈ ਕਿ ਉਹ ਆਪਣੇ ਦੇਸ਼ ਦੇ ਨਾਲ-ਨਾਲ ਪੂਰੇ ਵਿਸ਼ਵ ਨੂੰ ਚਲਾ ਰਿਹਾ ਹੈ। ਹਕੀਕਤ ਵਿਚ ਟੈਰਿਫ ਟੈਰਰ ਅਤੇ ਪ੍ਰਸਾਰਵਾਦ ਨੇ 'ਅਮਰੀਕਾ ਫਸਟ' ਨੂੰ ਇਕੱਲਾ ਕਰ ਕੇ ਰੱਖ ਦਿੱਤਾ ਹੈ। ਗ੍ਰੀਨਲੈਂਡ ਜਜ਼ੀਰੇ 'ਤੇ ਕਬਜ਼ਾ, ਪਨਾਮਾ ਨਹਿਰ 'ਤੇ ਮੁੜ ਅਧਿਕਾਰ, ਕੈਨੇਡਾ ਨੂੰ 51ਵੇਂ ਸੂਬੇ ਵਜੋਂ ਅਮਰੀਕਾ ਵਿਚ ਮਿਲਾਉਣਾ, ਕਬਾੜ ਦੇ ਢੇਰ ਗਾਜ਼ਾ ਨੂੰ ਰਿਵੀਰਾ ਰਿਜ਼ਾਰਟ ਵਜੋਂ ਵਿਕਸਤ ਕਰਨ ਨੇ ਟਰੰਪ ਤੇ ਅਮਰੀਕੀ ਲੋਕਤੰਤਰ ਨੂੰ ਪੂਰੇ ਵਿਸ਼ਵ ਵਿਚ ਬਦਨਾਮ ਕਰ ਦਿੱਤਾ ਹੈ। ਇਸੇ ਕਰਕੇ ਜਰਮਨ ਚਾਂਸਲਰ ਫ੍ਰੈਡਰਿਕ ਮਰਜ ਦਾ ਕਹਿਣਾ ਹੈ ਕਿ ਟਰੰਪ ਦਾ ਵਤੀਰਾ ਦਰਸਾਉਂਦਾ ਹੈ ਕਿ ਉਹ 'ਅਮਰੀਕਾ ਫਸਟ' ਨਹੀਂ, ਅਮਰੀਕਾ ਨੂੰ ਇਕੱਲਾ ਪਾ ਰਿਹਾ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬਾਮ ਪਾਡਰੋ ਦਾ ਕਹਿਣਾ ਕਿ ਅਮਰੀਕਾ ਵਿਸ਼ਵ ਦੇ 800 ਕਰੋੜ ਲੋਕਾਂ ਨੂੰ ਵੱਖ ਕਰ ਕੇ ਅਮਰੀਕੀ 34 ਕਰੋੜ ਲੋਕਾਂ ਦੁਆਲੇ ਕੰਧ ਉਸਾਰ ਲਵੇ। ਸਮਾਂ ਆਵੇਗਾ ਕਿ ਇਸ ਕੰਧ ਨੂੰ ਬਰਲਿਨ ਦੀ ਦੀਵਾਰ ਵਾਂਗ ਢਾਹੁਣ ਲਈ ਤਰਸੇਗਾ।

**ਕੈਨੇਡਾ ਨੂੰ ਅਮਰੀਕਾ 'ਚ ਸ਼ਾਮਲ ਕਰਨ ਦੀ ਪੇਸ਼ਕਸ਼**

ਟਰੰਪ ਅਠਾਈ ਅਪ੍ਰੈਲ 2025 ਨੂੰ ਕੈਨੇਡਾ ਦੇ ਲੋਕਾਂ ਸੰਬੋਧਨ ਹੋ ਕੇ ਕਹਿੰਦਾ ਹੈ ਕਿ ਤੁਸੀਂ ਉਸ ਵਿਅਕਤੀ (ਮੈਨੂੰ) ਨੂੰ ਵੋਟ ਕਰੋ ਜਿਸ ਕੋਲ ਸ਼ਕਤੀ ਅਤੇ ਸੂਝ ਹੈ ਤੁਹਾਡੇ ਟੈਕਸ ਅੱਧੇ ਕਰਨ, ਫ਼ੌਜੀ ਸ਼ਕਤੀ ਵਧਾਉਣ, ਮੁਫ਼ਤ ਵਿਚ ਵਿਸ਼ਵ ਦੀ ਟੀਸੀ 'ਤੇ ਪਹੁੰਚਾਉਣ, ਤੁਹਾਡੀਆਂ ਕਾਰਾਂ, ਸਟੀਲ, ਐਲੂਮੀਨੀਅਮ, ਲੱਕੜ, ਊਰਜਾ ਅਤੇ ਵਸਤਾਂ ਖ਼ਰੀਦਣ ਦੀ, ਤੁਹਾਨੂੰ ਚੌਗੁਣੇ ਰੂਪ ਵਿਚ ਜ਼ੀਰੋ ਟੈਕਸ ਅਤੇ ਟੈਰਿਫ ਰਾਹੀਂ ਵਿਕਸਤ ਕਰਨ ਦੀ, ਜੇ ਤੁਸੀਂ ਅਮਰੀਕਾ ਦਾ 51ਵਾਂ ਸੂਬਾ ਬਣ ਜਾਓ ਤਾਂ। ਓਧਰ ਕੈਨੇਡਾ ਨੇ ਆਪਣੇ ਵਪਾਰ, ਸਹਿਯੋਗ, ਸੁਰੱਖਿਆ ਸਬੰਧੀ ਯੂਰਪੀ ਯੂਨੀਅਨ ਅਤੇ ਹੋਰ ਮਿੱਤਰ ਦੇਸ਼ਾਂ ਨਾਲ ਸਬੰਧ ਬਣਾਉਣ ਦਾ ਨਿਰਣਾ ਲਿਆ ਹੈ। ਯੂਰਪੀਨ ਯੂਨੀਅਨ ਨੇ ਆਪਸੀ ਸਹਿਯੋਗ, ਸੁਰੱਖਿਆ ਮਿਲਵਰਤਨ 'ਤੇ ਜ਼ੋਰ ਦਿੱਤਾ ਹੈ। ਅਮਰੀਕਾ ਤੋਂ ਹਥਿਆਰ ਅਤੇ ਹੋਰ ਵਸਤਾਂ ਨਾ ਖ਼ਰੀਦਣ ਦਾ ਨਿਰਣਾ ਲਿਆ। ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸੈਂਚਜ਼ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰ ਕੇ ਦੱਸਿਆ ਕਿ ਯੂਰਪੀ ਯੂਨੀਅਨ ਚੀਨ ਨਾਲ ਵਪਾਰ ਨੂੰ ਤਰਜੀਹ ਦੇਣ ਪ੍ਰਤੀ ਸੰਜੀਦਾ ਹੈ। ਜਾਪਾਨ, ਦੱਖਣੀ ਕੋਰੀਆ ਅਤੇ ਹੋਰ ਏਸ਼ਿਆਈ ਦੇਸ਼ ਅਮਰੀਕਾ ਦੀਆਂ ਪਿੱਠ ਵਿਚ ਛੁਰਾ ਮਾਰੂ ਨੀਤੀਆਂ ਤੋਂ ਦੁਖੀ ਹੋ ਕੇ ਆਪਸੀ ਸਬੰਧ ਮਜ਼ਬੂਤ ਕਰਨ ਬਾਰੇ ਜਾਗ੍ਰਿਤ ਹੋ ਗਏ ਹਨ।

**ਟਰੰਪ ਦੀ ਤਾਨਾਸ਼ਾਹੀ ਵੱਲ ਵਧਦੀ ਪਹੁੰਚ**

ਅਮਰੀਕਾ ਅੰਦਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਜੰਜ਼ੀਰਾਂ ਵਿਚ ਜਕੜ ਕੇ ਉਨ੍ਹਾਂ ਦੇ ਦੇਸ਼ਾਂ ਜਾਂ ਅਲਸਲਵਾਡੋਰ ਅਤੇ ਬਦਨਾਮ ਗੁਆਟਨਾਮੋ ਜੇਲ੍ਹਾਂ ਵਿਚ ਭੇਜਣਾ, ਦੇਸ਼ ਅੰਦਰ ਵਿਰੋਧੀਆਂ 'ਤੇ ਕੇਸ ਬਣਾਉਣੇ, ਨਿਆਂਪਾਲਿਕਾ ਨੂੰ ਨੀਵਾਂ ਵਿਖਾਉਣਾ, 6 ਜਨਵਰੀ 2021 ਨੂੰ ਕੈਪੀਟਲ ਹਿੱਲ 'ਤੇ ਹਿੰਸਕ ਹਮਲਾ ਕਰਨ ਵਾਲਿਆਂ ਨੂੰ ਮਾਫ਼ੀ, ਯੂਨੀਵਰਸਿਟੀਆਂ ਅਤੇ ਜਨਹਿੱਤ ਕੰਪਨੀਆਂ ਦੀਆਂ ਗ੍ਰਾਂਟਾਂ ਵਿਚ ਕਟੌਤੀ ਆਪਹੁਦਰੀ ਬਰਬਰਤਾ ਨਹੀਂ ਤਾਂ ਹੋਰ ਕੀ ਹੈ?

ਟਰੰਪ ਲੋਕਤੰਤਰੀ ਸੰਸਥਾਵਾਂ ਦੀ ਜ਼ਰਾ ਜਿੰਨੀ ਕਦਰ ਨਹੀਂ ਕਰ ਰਿਹਾ। ਉਹ ਹੰਗਰੀ ਦੇ ਤਾਨਾਸ਼ਾਹ ਵਿਕਟਰ ਆਰਬਨ, ਤੁਰਕੀ ਦੇ ਅਰਡੋਗਨ ਵਾਂਗ ਵਰਤਾਅ ਕਰ ਰਿਹਾ ਹੈ। ਸੰਵਿਧਾਨ ਦੀ 22ਵੀਂ ਸੋਧ ਉਲੰਘ ਕੇ ਤੀਸਰੀ ਵਾਰ ਰਾਸ਼ਟਰਪਤੀ ਬਣਨ ਦੀਆਂ ਕਾਨੂੰਨੀ ਤੇ ਧੱਕੇਸ਼ਾਹ ਸਾਜ਼ਿਸ਼ਾਂ ਘੜ ਰਿਹਾ ਹੈ।

ਟਰੰਪ ਯੂਕਰੇਨ ਜੰਗਬੰਦੀ, ਚੀਨ ਨਾਲ ਸਬੰਧ ਸੁਧਾਰਨ, ਗੁਆਂਢੀਆਂ ਨੂੰ ਗਲੇ ਲਗਾਉਣ, ਅਮਰੀਕੀ ਲੋਕਾਂ ਨੂੰ ਵਧੀਆ ਜੀਵਨ

**(ਬਾਕੀ ਸਫਾ 17 'ਤੇ)**

# ਭੋਜਨ ਸੁਰੱਖਿਆ ਦਾ ਆਧਾਰ ਟਿਕਾਊ ਖੇਤੀ ਆਮਦਨ

ਦਵਿੰਦਰ ਸ਼ਰਮਾ

ਕੈਂਬਰਿਜ ਡਿਕਸ਼ਨਰੀ ਮੁਤਾਬਿਕ 'ਮੂਨਸ਼ੌਟ' ਦਾ ਮਤਲਬ ਹੈ ਕੁਝ ਅਸੰਭਵ ਕਰਨ ਲਈ ਹਿੰਮਤੀ ਯੋਜਨਾ ਬਣਾਉਣਾ। ਇਸ ਲਈ ਜਦੋਂ 150 ਤੋਂ ਵੱਧ ਨੋਬੇਲ ਪੁਰਸਕਾਰ ਤੇ ਵਿਸ਼ਵ ਖ਼ੁਰਾਕ ਸਨਮਾਨ ਜੇਤੂਆਂ ਨੇ ਖੁੱਲ੍ਹਾ ਖ਼ਤ ਲਿਖਦਿਆਂ ਧਰਤੀ ਪੱਖੀ ਮੂਨਸ਼ੌਟ ਕੋਸ਼ਿਸ਼ਾਂ ਕਰਨ ਦਾ ਸੱਦਾ ਦਿੱਤਾ ਜੋ ਬਾਅਦ 'ਚ ਖ਼ੁਰਾਕ ਉਤਪਾਦਨ 'ਚ ਕੇਵਲ ਵਾਧੇ ਦਾ ਹੀ ਨਹੀਂ ਬਲਕਿ ਸਾਰਥਕ ਵਾਧੇ ਦਾ ਕਾਰਨ ਬਣਨਗੀਆਂ; ਉਹ ਵਾਧਾ ਜੋ ਮੌਜੂਦਾ ਰਫ਼ਤਾਰ 'ਤੇ 2050 ਤੱਕ ਦੁਨੀਆ ਭਰ ਦੇ ਲੋਕਾਂ ਨੂੰ ਰਜਾਉਣ ਦੀ ਵੱਡੀ ਚੁਣੌਤੀ ਦੇ ਪੱਖ ਤੋਂ ਲਗਭਗ ਅਸੰਭਵ ਜਾਪ ਰਿਹਾ ਹੈ। ਉਦੋਂ ਮਾਹਿਰ ਇਸ ਸੱਦੇ ਰਾਹੀਂ ਵੇਲੇ ਸਿਰ ਕਦਮ ਚੁੱਕਣ ਦੀ ਸਪਸ਼ਟ ਚਿਤਾਵਨੀ ਦੇਣ ਦਾ ਹੀਲਾ ਕਰ ਰਹੇ ਹਨ।

ਚਿੱਠੀ ਵਿੱਚ ਚਿਤਾਵਨੀ ਹੈ, "ਅਸੀਂ ਭਵਿੱਖ ਦੀਆਂ ਖ਼ੁਰਾਕ ਲੋੜਾਂ ਪੂਰਨ ਦੇ ਰਾਹ ਉੱਤੇ ਬਿਲਕੁਲ ਨਹੀਂ ਹਾਂ ਬਲਕਿ ਨੇੜੇ-ਤੇੜੇ ਵੀ ਨਹੀਂ ਹਾਂ।"

ਇਸ 'ਤੇ ਸਾਡੇ ਸਮਿਆਂ ਦੀਆਂ ਕੁਝ ਸਭ ਤੋਂ ਵੱਡੀਆਂ ਹਸਤੀਆਂ ਦੇ ਦਸਤਖ਼ਤ ਹਨ ਜਿਵੇਂ ਨੋਬੇਲ ਨਾਲ ਸਨਮਾਨਿਤ 14ਵੇਂ ਦਲਾਈ ਲਾਮਾ, ਜੋਸੇਫ ਸਟਿਗਲਿਟਜ਼, ਕੈਲਾਸ਼ ਸਤਿਆਰਥੀ, ਰੌਬਰਟ ਹੂਬਰ, ਡੈਰਨ ਐਸਮੋਗਲੂ ਤੇ

ਪੈਦਾ ਹੋਈ ਖ਼ੁਰਾਕ ਦੀ ਸਾਰੀ ਕਮੀ ਪੂਰੀ ਕੀਤੀ ਜਾ ਸਕਦੀ ਸੀ।

ਪੱਤਰ 'ਚ ਤਬਦੀਲੀ ਦੀਆਂ ਜਿਨ੍ਹਾਂ ਕੋਸ਼ਿਸ਼ਾਂ ਉੱਤੇ ਜ਼ੋਰ ਦਿੱਤਾ ਗਿਆ ਹੈ, ਉਨ੍ਹਾਂ 'ਚ ਕਣਕ ਤੇ ਚੌਲ ਵਰਗੀਆਂ ਫ਼ਸਲਾਂ 'ਚ ਪ੍ਰਕਾਸ਼ ਸੰਸ਼ਲੇਸ਼ਣ ਨੂੰ ਵਧਾਉਣਾ, ਮੁੱਖ ਦਾਲਾਂ 'ਚ ਜੈਵਿਕ ਨਾਈਟ੍ਰੋਜਨ ਨਿਰਧਾਰਨ, ਸਾਲਾਨਾ ਫ਼ਸਲਾਂ ਨੂੰ ਬਾਰਾ ਮਾਹੀ 'ਚ ਬਦਲਣਾ, ਫ਼ਸਲੀ ਢਾਂਚਿਆਂ 'ਚ ਭਿੰਨਤਾ ਲਿਆਉਣ ਅਤੇ ਜੀਵਾਣੂਆਂ ਨਾਲ ਪੋਸ਼ਕ ਤੱਤਾਂ ਨਾਲ ਭਰਪੂਰ ਭੋਜਨ ਪੈਦਾ ਕਰਨਾ ਸ਼ਾਮਿਲ ਹੈ।

ਪੱਤਰ ਕਹਿੰਦਾ ਹੈ, "ਜਿਹੜੀ ਚੀਜ਼ ਨੂੰ ਸਵੀਕਾਰਨ ਦੀ ਲੋੜ ਹੈ, ਉਹ ਹੈ ਅਰਬਾਂ ਲੋਕਾਂ ਲਈ ਤੰਦਰੁਸਤ, ਉਸਾਰੂ ਤੇ ਸੁਰੱਖਿਅਤ ਜ਼ਿੰਦਗੀਆਂ ਯਕੀਨੀ ਬਣਾਉਣ ਦੇ ਜਿਹੜੇ ਫਾਇਦੇ ਹਨ, ਉਹ ਵਿਆਪਕ ਤੌਰ 'ਤੇ ਆਲਮੀ ਅਰਥਚਾਰੇ ਨਾਲ ਵੀ ਜੁੜੇ ਹੋਏ ਹਨ।" ਇਸ ਗੱਲ ਦੇ ਭਾਵੇਂ ਕਾਫ਼ੀ ਸਬੂਤ ਹਨ ਕਿ ਖੇਤੀ ਖੋਜ 'ਚ ਨਿਵੇਸ਼ ਦੇ ਕਈ ਫਾਇਦੇ ਹਨ, ਫਿਰ ਵੀ ਰਿਪੋਰਟ ਸੱਦਾ ਦਿੰਦੀ ਹੈ ਕਿ "ਖੋਜ ਕਾਰਜ ਸਮਾਜ ਦੇ ਸਹਾਰੇ ਚੱਲੇ ਤਾਂ ਕਿ ਭਵਿੱਖ ਦੇ ਖ਼ੁਰਾਕੀ ਢਾਂਚਿਆਂ ਨੂੰ ਸਫ਼ਲਤਾ ਨਾਲ ਅੱਗੇ ਤੋਰਿਆ ਜਾ ਸਕੇ।"

ਅਜੇ ਇਹ ਸਪਸ਼ਟ ਨਹੀਂ ਕਿ ਕੀ ਜ਼ਿਆਦਾ ਜ਼ੋਰ



ਸਰ ਜੌਹਨ ਈ ਵਾਕਰ, ਵਿਸ਼ਵ ਖ਼ੁਰਾਕ ਪੁਰਸਕਾਰ ਜੇਤੂ ਜਿਵੇਂ ਡਾ। ਗੁਰਦੇਵ ਸਿੰਘ ਖੁਸ਼, ਪੇਰ ਪਿਨਸਟਰੱਪ-ਐਂਡਰਸਨ, ਰਤਨ ਲਾਲ ਤੇ ਹਾਂਸ ਆਰ ਹੈਰਨ।

ਚਿੱਠੀ ਦੇ ਅਖੀਰ 'ਚ ਦਰਜ ਹੈ, "ਵਿਗਿਆਨ ਤੇ ਖੋਜ ਦੇ ਮੋਹਰੀਆਂ ਵਜੋਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਚਿਤਾਵਨੀ ਦੇਣ ਲੱਗਿਆਂ ਤੁਸੀਂ ਸਾਡੇ ਨਾਲ ਖੜ੍ਹੇ ਹੋਵੋ, (ਆਓ) ਇਕੱਠੇ ਹੋ ਕੇ ਆਪਣੀਆਂ ਉਮੰਗਾਂ ਨੂੰ ਪ੍ਰਗਟ ਕਰੀਏ ਤੇ ਸੰਸਾਰ ਦੀ ਭੋਜਨ ਤੇ ਪੋਸ਼ਣ ਸੁਰੱਖਿਆ ਯਕੀਨੀ ਬਣਾਉਣ ਲਈ ਖੋਜ ਨੂੰ ਸਿਖਰਲੇ ਪੱਧਰ 'ਤੇ ਲਿਜਾਣ ਦੀ ਵਕਾਲਤ ਕਰੀਏ।"

ਜਦੋਂ ਸੰਸਾਰ ਪਹਿਲਾਂ ਹੀ 2050 ਤੱਕ 9.8 ਅਰਬ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਲੋੜੀਂਦੀ ਖ਼ੁਰਾਕ ਪੈਦਾ ਕਰ ਰਿਹਾ ਹੈ, ਇਹ ਕੇਵਲ ਦਿਖਾਉਂਦਾ ਹੈ ਕਿ ਖ਼ੁਰਾਕੀ ਕਮੀਆਂ- 80 ਕਰੋੜ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਸਿਰਫ਼ ਉਤਪਾਦਨ ਵਿੱਚ ਗਿਰਾਵਟ ਕਰ ਕੇ ਨਹੀਂ ਬਲਕਿ ਇਹ ਖ਼ੁਰਾਕੀ ਕਮੀਆਂ ਗ਼ਲਤ ਨੀਤੀਆਂ ਦਾ ਸਿੱਟਾ ਹਨ।

'ਹੰਗਰ'ਸ ਟਿਪਿੰਗ ਪੁਆਇੰਟ' ਦੇ ਸਿਰਲੇਖ ਹੇਠ ਇਸ ਖ਼ਤ 'ਚ ਪਸ਼ੂਆਂ ਦੀ ਖ਼ੁਰਾਕ ਲਈ ਕੌਮਾਂਤਰੀ ਕੋਸ਼ਿਸ਼ਾਂ ਤੇ ਕੁਝ ਹੋਰ ਨੁਕਤਿਆਂ ਦਾ ਜ਼ਿਕਰ ਨਹੀਂ ਕੀਤਾ ਗਿਆ ਪਰ ਇਹ 'ਜਲਵਾਯੂ ਤਬਦੀਲੀ ਨਾਲ ਸਬੰਧਿਤ ਕਠੋਰ ਮੌਸਮੀ ਘਟਨਾਵਾਂ ਦੇ ਵਧਣ' ਦਾ ਜ਼ਿਕਰ ਜ਼ਰੂਰ ਕਰਦਾ ਹੈ। ਖ਼ੁਰਾਕ ਤੇ ਪੋਸ਼ਣ ਦਾ ਸੰਕਟ ਇਸ ਸਦੀ ਦੇ ਅੱਧ ਤੱਕ ਕੇਵਲ ਬਦਤਰ ਹੋਵੇਗਾ। ਪੱਤਰ 'ਚ ਹੋਰ ਕਈ ਕਾਰਕਾਂ ਜਿਵੇਂ ਭੋਂ ਖੋਰ, ਭੂਮੀ ਪਤਨ, ਜੈਵ ਭਿੰਨਤਾ ਦਾ ਨੁਕਸਾਨ, ਪਾਣੀ ਦੀ ਕਮੀ ਤੇ ਦੁਨੀਆ ਭਰ 'ਚ ਹੋ ਰਹੇ ਟਕਰਾਅ ਨਾਲ ਉਤਪਾਦਕਤਾ ਘਟਣ ਦਾ ਜ਼ਿਕਰ ਬਿਲਕੁਲ ਦਰੁਸਤ ਢੰਗ ਨਾਲ ਕੀਤਾ ਗਿਆ ਹੈ।

ਯਕੀਨਨ, ਇਹ ਚਿੰਤਾ ਦਾ ਵਿਸ਼ਾ ਹੈ ਹਾਲਾਂਕਿ ਪੱਤਰ ਮੱਕੀ ਦਾ ਜ਼ਿਕਰ ਨਹੀਂ ਕਰਦਾ ਜੋ ਅਫਰੀਕਾ ਦਾ ਮੁੱਖ ਭੋਜਨ ਹੈ ਅਤੇ ਜਿਸ ਦੀ ਪੈਦਾਵਾਰ ਆਉਣ ਵਾਲੇ ਸਮਿਆਂ 'ਚ ਘਟ ਸਕਦੀ ਹੈ। ਖ਼ੁਰਾਕ ਤੇ ਪੋਸ਼ਣ ਸੁਰੱਖਿਆ ਦੀਆਂ ਆਲਮੀ ਚੁਣੌਤੀਆਂ ਦਾ ਸਾਹਮਣਾ ਉਦੋਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਸੰਸਾਰ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਫੌਰੀ ਤੌਰ 'ਤੇ ਹੱਥ ਮਿਲਾਉਣ ਤੇ ਇਕਜੁੱਟ ਹੋਣ ਦੀ ਲੋੜ ਹੈ।

ਮਸਲਨ, ਅਮਰੀਕਾ 'ਚ ਘਰੇਲੂ ਮੱਕੀ ਉਤਪਾਦਨ ਦਾ 44 ਪ੍ਰਤੀਸ਼ਤ ਇਥਾਨੋਲ ਉਤਪਾਦਨ ਲਈ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ 'ਨਿਊ ਸਾਇੰਟਿਸਟ' ਪੱਤ੍ਰਿਕਾ ਦੀ ਰਿਪੋਰਟ (14 ਮਾਰਚ 2022) ਦੱਸਦੀ ਹੈ ਕਿ 9 ਕਰੋੜ ਟਨ ਅਨਾਜ ਇਥਾਨੋਲ ਲਈ ਰੱਖਿਆ ਜਾ ਰਿਹਾ ਸੀ ਤੇ ਯੂਰੋਪੀਅਨ ਯੂਨੀਅਨ 1.2 ਕਰੋੜ ਟਨ ਇਥਾਨੋਲ ਵਰਤ ਰਹੀ ਸੀ। ਕਣਕ ਤੇ ਮੱਕੀ ਤੋਂ ਬਣਨ ਵਾਲੇ ਇਸ ਪਦਾਰਥ ਨੂੰ ਆਟੋਮੋਬਾਈਲ ਲਈ ਰੱਖਿਆ ਜਾ ਰਿਹਾ ਸੀ। ਯੂਰੋਪੀਅਨ ਯੂਨੀਅਨ 35 ਲੱਖ ਟਨ ਤਾੜ ਦੇ ਤੇਲ ਨੂੰ ਵੀ ਡੀਜ਼ਲ ਉਤਪਾਦਨ ਲਈ ਵਰਤ ਰਹੀ ਸੀ।

ਇਹ ਸਭ ਕੁਝ ਉਦੋਂ ਹੋ ਰਿਹਾ ਸੀ ਜਦੋਂ ਮੂਲ ਖ਼ੁਰਾਕੀ ਪਦਾਰਥਾਂ ਦੀ ਕੌਮਾਂਤਰੀ ਸਪਲਾਈ ਨੂੰ ਰੂਸ-ਯੂਕਰੇਨ ਜੰਗ ਦੀ ਮਾਰ ਪੈ ਰਹੀ ਸੀ। ਜੇ ਅਮਰੀਕਾ ਤੇ ਯੂਰੋਪੀਅਨ ਯੂਨੀਅਨ 'ਚ ਜੈਵ ਈਂਧਨ ਦਾ 50 ਪ੍ਰਤੀਸ਼ਤ ਉਤਪਾਦਨ ਵੀ ਘਟਾਇਆ ਗਿਆ ਹੁੰਦਾ ਤਾਂ ਬਚੇ ਅਨਾਜ ਨਾਲ ਜੰਗ ਕਾਰਨ

ਸਰਕਾਰੀ ਮਦਦ ਪ੍ਰਾਪਤ ਖੋਜ ਉੱਤੇ ਦਿੱਤਾ ਗਿਆ ਹੈ ਜਾਂ ਪ੍ਰਾਈਵੇਟ ਖੋਜ ਦੇ ਬੋਲਬਾਲੇ ਉਤੇ। ਜਦ ਲੋਕਾਂ ਨੂੰ ਸਿਹਤਮੰਦ, ਕਿਫਾਇਤੀ ਤੇ ਟਿਕਾਊ ਖਾਣਾ ਦੇਣ ਦੀ ਗੱਲ ਆਉਂਦੀ ਹੈ ਤਾਂ ਪੱਤਰ ਕਈ ਵਾਰ ਮੰਡੀਆਂ ਦੇ ਫੇਲ੍ਹ ਹੋਣ ਦੀ ਗੱਲ ਕਰਦਾ ਹੈ। ਇਹ ਢੁਕਵੇਂ ਰੈਗੂਲੇਟਰੀ ਤੇ 'ਕੀਮਤ' ਢਾਂਚਿਆਂ ਅੰਦਰ 'ਮੰਡੀ ਦੇ ਨਾਕਾਮ' ਹੋਣ ਵੱਲ ਤਾਂ ਸੰਕੇਤ ਕਰਦਾ ਹੈ ਪਰ ਸਿਰਫ਼ ਕਾਰਬਨ ਤੇ ਪਾਣੀ ਦੀਆਂ ਕੀਮਤਾਂ ਦਾ ਜ਼ਿਕਰ ਕਰਦਾ ਹੈ; ਸਭ ਤੋਂ ਵੱਡੇ ਮੁੱਦੇ- ਸੰਸਾਰ 'ਚ ਹਰ ਥਾਂ ਖੇਤੀ ਆਮਦਨੀ ਵਧਾਉਣ 'ਚ ਮੰਡੀਆਂ ਦੀ ਨਾਕਾਮੀ ਉੱਤੇ ਚੁੱਪ ਰਹਿੰਦਾ ਹੈ।

ਜਦੋਂ ਤੱਕ ਟਿਕਾਊ ਖੇਤੀ ਆਮਦਨੀ ਯਕੀਨੀ ਬਣਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਨਹੀਂ ਹੁੰਦੀਆਂ, ਭਵਿੱਖੀ ਖ਼ੁਰਾਕ ਤੇ ਪੋਸ਼ਣ ਸੁਰੱਖਿਆ ਦੀਆਂ ਚੁਣੌਤੀਆਂ ਦਾ ਟਾਕਰਾ ਕਰਨਾ ਸ਼ਾਇਦ ਮੁਸ਼ਕਿਲ ਹੋਵੇਗਾ। ਮਿਸਾਲ ਵਜੋਂ ਭਾਵੇਂ ਅਮਰੀਕੀ ਖੇਤੀ ਬਿੱਲ ਜੋ ਅਗਲੇ ਪੰਜ ਸਾਲਾਂ ਲਈ ਕਿਸਾਨਾਂ ਤੇ ਖੇਤੀ ਨੂੰ ਬਜਟ ਉਪਲਬਧ ਕਰਾਉਂਦਾ ਹੈ ਤੇ ਆਖ਼ਿਰੀ ਸਤੰਬਰ 2024 ਵਿੱਚ ਖ਼ਤਮ ਹੋਇਆ ਹੈ, ਵਿੱਚ 1.8 ਖਰਬ ਡਾਲਰ ਦੀ ਤਜਵੀਜ਼ ਰੱਖੀ ਗਈ ਹੈ, ਫਿਰ ਵੀ ਅਮਰੀਕਾ ਨੂੰ ਲੱਗਦਾ ਹੈ ਕਿ ਪੰਜਾਂ ਵਿੱਚੋਂ ਇੱਕ ਕਿਸਾਨ ਇਸ ਸਾਲ ਖੇਤੀ ਦਾ ਕਿੱਤਾ ਛੱਡ ਦੇਵੇਗਾ। ਜਿਣਸ ਦੀ ਕੀਮਤ ਘੱਟ ਲੱਗਣ ਅਤੇ ਉਤਪਾਦਨ ਖ਼ਰਚ ਵਧਣ ਦੇ ਸਤਾਏ ਕਿਸਾਨਾਂ ਨਾਲ ਫੌਰੀ 10 ਅਰਬ ਡਾਲਰ ਦਾ ਨੁਕਸਾਨ ਪੂਰਤੀ ਦਾ ਵਾਅਦਾ ਕਰਨ ਦੇ ਬਾਵਜੂਦ ਅਜਿਹਾ ਹੋਇਆ ਹੈ। ਨਵਾਂ ਖੇਤੀ ਬਿੱਲ 2024 ਅਜੇ ਮਨਜ਼ੂਰੀ ਉਡੀਕ ਰਿਹਾ ਹੈ।

ਯੂਰੋਪੀਅਨ ਯੂਨੀਅਨ 'ਚ ਪਿਛਲੇ ਸਾਲ ਦੇ ਪਹਿਲੇ ਚਾਰ ਮਹੀਨਿਆਂ 'ਚ 24 ਮੁਲਕਾਂ 'ਚ ਕਿਸਾਨ ਅੰਦੋਲਨ ਚੱਲਣ ਦੇ ਮੱਦੇਨਜ਼ਰ ਯਕੀਨੀ ਖੇਤੀ ਆਮਦਨੀ ਦਾ ਮੁੱਦਾ ਸਾਂਝੀ ਰਾਇ ਵਜੋਂ ਉੱਭਰਿਆ ਹੈ। ਕੁਝ ਦਿਨ ਪਹਿਲਾਂ ਹੀ ਫਰਾਂਸ 'ਚ ਛੋਟੇ ਕਿਸਾਨਾਂ ਦੀ ਫੈਡਰੇਸ਼ਨ ਨੇ ਮੰਗ ਕੀਤੀ ਹੈ ਕਿ ਖੇਤੀ ਆਮਦਨੀ ਨੂੰ ਖੇਤੀਬਾੜੀ ਖ਼ੁਰਾਕ ਸਪਲਾਈ ਲੜੀ 'ਚ 'ਐਡਜਸਟਮੈਂਟ ਵੇਰੀਏਬਲ' ਬਣਾ ਕੇ ਨਾ ਛੱਡਿਆ ਜਾਵੇ। ਇਹ ਸਪਲਾਈ ਲੜੀ 'ਚ ਹੇਠਲੇ ਕ੍ਰਮ 'ਤੇ ਹੁੰਦੇ ਵਾਧੂ ਮੁਨਾਫ਼ੇ ਨੂੰ ਨਕਾਰਦਾ ਹੈ ਤੇ ਕਿਸਾਨਾਂ ਲਈ ਨੁਕਸਾਨਦੇਹ ਦੱਸਦਾ ਹੈ। ਇਸ ਦਾ ਮਤਲਬ ਹੈ ਕਿ ਜਿੱਥੇ ਖ਼ੁਰਾਕ ਲੜੀ ਵਿਚ ਬਾਕੀ ਸਾਰੇ ਹਿੱਤਧਾਰਕ ਮੋਟਾ ਮੁਨਾਫ਼ਾ ਕਮਾ ਕੇ ਨਿਕਲ ਜਾਂਦੇ ਹਨ, ਕਿਸਾਨ ਸਿਰਫ਼ ਮਾਮੂਲੀ ਮੁਨਾਫ਼ੇ 'ਤੇ ਗੁਜ਼ਾਰਾ ਕਰਨ ਜੋਗਾ ਰਹਿ ਜਾਂਦਾ ਹੈ।

ਭਾਰਤ 'ਚ ਜਿੱਥੇ ਪੰਜਾਬ-ਹਰਿਆਣਾ ਬਾਰਡਰ 'ਤੇ 11 ਮਹੀਨਿਆਂ ਤੋਂ ਕਿਸਾਨ ਅੰਦੋਲਨ 2.0 ਚੱਲ ਰਿਹਾ ਹੈ, ਹਾਲੀਆ ਨਿਊਜ਼ ਰਿਪੋਰਟ ਕਹਿੰਦੀ ਹੈ ਕਿ ਸਾਉਣੀ ਦੀਆਂ 14 ਫ਼ਸਲਾਂ ਵਿੱਚੋਂ ਸੱਤ ਦੀ ਬਾਜ਼ਾਰੀ ਕੀਮਤ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਤੋਂ 12-26 ਪ੍ਰਤੀਸ਼ਤ ਹੇਠਾਂ ਘੁੰਮ ਰਹੀ ਹੈ। ਕਈ ਸਾਲਾਂ ਤੋਂ ਖੇਤੀ ਆਮਦਨੀ 'ਚ ਜਾਂ ਤਾਂ ਖੜੋਤ ਹੈ ਜਾਂ ਇਹ ਹੇਠਾਂ ਨੂੰ ਹੀ ਜਾ ਰਹੀ ਹੈ।

2050 ਤੱਕ 1.5 ਅਰਬ ਵਾਧੂ ਲੋਕਾਂ ਨੂੰ ਖੁਆਉਣ ਦੀ ਚੁਣੌਤੀ ਬਿਲਕੁਲ ਪੇਸ਼ ਆ ਸਕਦੀ ਹੈ ਪਰ ਕਾਰਜਯੋਜਨਾ 'ਮੂਨਸ਼ੌਟ' ਪਹੁੰਚ ਮੁਤਾਬਿਕ ਬਣਨੀ ਚਾਹੀਦੀ ਹੈ ਜਿਹੜੀ ਪਹਿਲਾਂ ਖੇਤੀ ਨੂੰ ਲਾਹੇਵੰਦ ਤੇ ਵਿਹਾਰਕ ਧੰਦਾ ਬਣਾਏ।

# ਧੀਆਂ ਦੀ ਗਿਣਤੀ ਮੁੜ ਘਟਣ ਲੱਗੀ



ਕੰਵਲਜੀਤ ਕੌਰ ਗਿੱਲ

ਮਰਦ ਔਰਤ ਵਿਚਾਲੇ ਹਰ ਪੱਖ ਤੋਂ ਬਰਾਬਰੀ ਸਮਾਜਿਕ-ਆਰਥਿਕ ਵਿਕਾਸ ਦਾ ਸੰਕੇਤ ਹੁੰਦਾ ਹੈ। ਇਸ ਬਰਾਬਰੀ ਦੀ ਮੁੱਢਲੀ ਸ਼ਰਤ ਹੈ ਕਿ ਕੁੱਲ ਵਸੋਂ ਵਿੱਚ ਮਰਦ ਅਤੇ ਔਰਤਾਂ ਦੀ ਗਿਣਤੀ ਕੁਦਰਤੀ ਵਰਤਾਰੇ ਅਨੁਸਾਰ ਲਗਭਗ ਬਰਾਬਰ ਹੁੰਦੀ ਹੈ। ਜਨ ਸੰਖਿਆ ਵਿਗਿਆਨੀ ਇਸ ਨੂੰ ਲਿੰਗ ਅਨੁਪਾਤ ਕਹਿੰਦੇ ਹਨ; ਭਾਵ, ਪ੍ਰਤੀ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਕਿੰਨੀ ਹੈ। ਵਸੋਂ ਵਾਧਾ ਦਰ ਨੂੰ ਠੱਲ੍ਹ ਪਾਉਣ ਅਤੇ ਪਰਿਵਾਰ ਦਾ ਆਕਾਰ ਸੀਮਤ ਕਰਨ ਲਈ ਮੱਧ 1970ਵਿਆਂ ਦੌਰਾਨ ਨੀਤੀਆਂ ਬਣਾਈਆਂ ਗਈਆਂ ਸਨ ਜਿਸ ਤਹਿਤ ਪਰਿਵਾਰ ਵਿੱਚ ਦੋ ਬੱਚਿਆਂ ਦਾ ਸੁਝਾਅ ਦਿੱਤਾ ਗਿਆ ਸੀ। ਇਹ ਸੁਝਾਅ ਵਸੋਂ ਵਾਧਾ ਦਰ ਘਟਾਉਣ ਵਿੱਚ ਤਾਂ ਕਾਮਯਾਬ ਰਿਹਾ ਪਰ ਇਸ ਨੇ ਵਸੋਂ ਬਣਤਰ ਵਿੱਚ ਵਿਗਾੜ ਪੈਦਾ ਕਰ ਦਿੱਤਾ। ਸਮਾਜਿਕ ਹਾਲਾਤ ਅਤੇ ਪਿੱਤਰ ਸੱਤਾ ਕਾਰਨ ਪਰਿਵਾਰ ਵਿੱਚ ਪੁੱਤਰਾਂ ਤੇ ਧੀਆਂ ਦੇ ਪੈਦਾ ਹੋਣ ਵਿੱਚ ਚੋਣ ਹੋਣ ਲੱਗੀ। ਪੁੱਤਰ ਦੀ ਚਾਹਤ ਅਧੀਨ ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਰੁਝਾਨ ਸ਼ੁਰੂ ਹੋ ਗਿਆ। ਧੀਆਂ ਨੂੰ ਜਿੱਥੇ ਪਹਿਲਾਂ ਜੰਮਣ ਤੋਂ ਬਾਅਦ ਮਾਰ ਮੁਕਾਉਣ ਦਾ ਰਿਵਾਜ ਸੀ, ਹੁਣ ਕੁੱਖ ਵਿੱਚ ਹੀ ਮਾਰਨ ਦਾ ਰੁਝਾਨ ਵਧ ਗਿਆ।

ਭਾਰਤ ਵਿੱਚ 1981-91 ਦੌਰਾਨ ਲਿੰਗ ਅਨੁਪਾਤ ਵਿਗੜ ਚੁੱਕਿਆ ਸੀ। ਇਸ ਨੂੰ ਸੁਧਾਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਯਤਨ ਕੀਤੇ ਜਿਨ੍ਹਾਂ ਸਦਕਾ ਹਾਲਤ ਵਿੱਚ ਕੁਝ ਸੁਧਾਰ ਹੋਇਆ। ਉਂਝ, ਪਿਛਲੇ ਦਹਾਕੇ ਦੌਰਾਨ ਦੇਸ਼ ਦੇ ਕੁਝ ਰਾਜਾਂ, ਖਾਸ ਕਰ ਕੇ ਉੱਤਰ-ਪੱਛਮੀ ਰਾਜਾਂ ਵਿੱਚ ਲਿੰਗ ਅਨੁਪਾਤ ਵਿੱਚ ਮੁੜ ਉੱਤਰਾਅ-ਚੜ੍ਹਾਅ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਤਾਜ਼ਾ ਰਿਪੋਰਟਾਂ ਪੰਜਾਬ ਅਤੇ ਹਰਿਆਣੇ ਦੀਆਂ ਹਨ। ਇਥੇ 2014 ਤੋਂ 2019 ਤੱਕ ਬਾਲ ਲਿੰਗ ਅਨੁਪਾਤ (0-12 ਮਹੀਨੇ) ਵਧ ਰਿਹਾ ਸੀ ਪਰ ਉਸ ਤੋਂ ਬਾਅਦ ਅਚਾਨਕ ਘਟਣਾ ਸ਼ੁਰੂ ਹੋ ਗਿਆ। ਇਸ ਤਬਦੀਲੀ ਦੇ ਕੀ ਕਾਰਨ ਹਨ? ਕੀ ਪਹਿਲੇ ਕੀਤੇ ਜਾ ਰਹੇ ਯਤਨਾਂ ਵਿੱਚ ਕੋਈ ਤਬਦੀਲੀ ਆਈ ਹੈ ਜਾਂ ਮੁੱਖ ਮੁੱਦੇ 'ਤੇ ਧਿਆਨ ਕੇਂਦਰਿਤ ਹੋਣ ਦੀ ਬਜਾਇ ਮੀਡੀਆ ਵਿੱਚ ਪ੍ਰਚਾਰ ਜਾਂ ਪ੍ਰਾਪੇਗੰਡੇ ਵੱਲ ਹੋ ਗਿਆ ਹੈ? ਜਾਂ ਭਰੂਣ ਦਾ ਲਿੰਗ ਨਿਰਧਾਰਨ ਟੈਸਟ ਕਰਨ ਵਾਲੇ ਸੈਂਟਰਾਂ ਜਾਂ ਕਲੀਨਿਕਾਂ ਨੂੰ ਕਾਨੂੰਨ ਦਾ ਕੋਈ ਡਰ ਭਉ ਨਹੀਂ ਰਹਿ ਗਿਆ? ਜਾਂ ਫਿਰ ਨਿੱਤ ਦਿਨ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਵਾਰਦਾਤਾਂ ਬੱਚੀਆਂ ਦੇ ਪੈਦਾ ਹੋਣ ਨੂੰ ਨਿਰਉਤਸ਼ਾਹਿਤ ਕਰ ਰਹੀਆਂ ਹਨ?

ਦਹਾਕੇਵਾਰ ਮਰਦਮ ਸ਼ੁਮਾਰੀ (2021) ਕੋਵਿਡ-19 ਅਤੇ ਹੋਰ ਨਾ ਟਾਲੇ ਜਾਣ ਵਾਲੇ ਕਈ ਕਾਰਨਾਂ ਕਰ ਕੇ ਨਹੀਂ ਹੋ ਸਕੀ। ਇਸ ਕਰ ਕੇ ਵਸੋਂ ਵਿੱਚ ਹੋਣ ਵਾਲੀ ਤਬਦੀਲੀ ਅਤੇ ਇਸ ਨਾਲ ਸਬੰਧਿਤ ਜਨਮ ਤੇ ਮੌਤ ਦਰ ਸਬੰਧੀ ਜਾਣਕਾਰੀ ਲਈ ਦੂਜੇ ਸਰਕਾਰੀ ਸਰੋਤਾਂ ਜਾਂ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕਰਵਾਈਆਂ ਖੋਜਾਂ ਉੱਪਰ ਨਿਰਭਰ ਕਰਨਾ ਪੈਂਦਾ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ (SRS) ਅਤੇ ਸਿਵਲ ਰਜਿਸਟ੍ਰੇਸ਼ਨ ਸਿਸਟਮ (CRS) ਦੇ ਅੰਕੜੇ ਦੱਸਦੇ ਹਨ ਕਿ ਬਾਲ ਲਿੰਗ ਅਨੁਪਾਤ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਗੁਣਾਤਮਕ ਤਬਦੀਲੀਆਂ ਆਈਆਂ ਹਨ। ਬਾਲ ਲਿੰਗ ਅਨੁਪਾਤ ਦੇ ਪੱਖ ਤੋਂ ਪੰਜਾਬ ਅਤੇ ਹਰਿਆਣਾ ਦੀ ਹਾਲਤ ਹਮੇਸ਼ਾ ਚਿੰਤਾਜਨਕ ਰਹੀ ਹੈ। ਪੰਜਾਬ ਵਿੱਚ 2001 ਦੌਰਾਨ ਪ੍ਰਤੀ 1000 ਮਰਦਾਂ ਦੇ ਮੁਕਾਬਲੇ 798 ਅਤੇ ਹਰਿਆਣਾ ਵਿੱਚ 819 ਔਰਤਾਂ ਸਨ। ਇਸ ਅਨੁਪਾਤ ਨਾਲ ਪੰਜਾਬ ਅਤੇ ਹਰਿਆਣਾ ਭਾਰਤ ਦੇ ਮੁੱਖ 25 ਰਾਜਾਂ ਵਿੱਚੋਂ ਸਭ ਤੋਂ ਥੱਲੇ, ਅਰਥਾਤ 25ਵੇਂ ਤੇ 24ਵੇਂ ਸਥਾਨ 'ਤੇ ਸਨ। 2011 ਦੌਰਾਨ ਕੁਝ ਸੁਧਾਰ ਹੋਇਆ; ਪੰਜਾਬ ਵਿੱਚ 1000 ਮੁੰਡਿਆਂ ਦੇ ਮੁਕਾਬਲੇ 846 ਕੁੜੀਆਂ ਅਤੇ ਹਰਿਆਣੇ ਵਿੱਚ 830 ਕੁੜੀਆਂ ਪੈਦਾ ਹੋਈਆਂ ਪਰ ਸਮੁੱਚੇ ਭਾਰਤ ਦੇ ਪ੍ਰਸੰਗ ਵਿੱਚ ਇਹ ਦੋਵੇਂ ਰਾਜ ਆਪਣਾ ਦਰਜਾ ਉੱਚਾ ਨਹੀਂ ਚੁੱਕ ਸਕੇ। ਮਰਦ ਪ੍ਰਧਾਨ ਸਮਾਜ ਵਿੱਚ ਪੁੱਤਰ ਤਰਜੀਹ ਨੂੰ ਇਸ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਭਰੂਣ ਦੇ ਲਿੰਗ ਨਿਰਧਾਰਨ ਟੈਸਟ ਨੂੰ ਭਾਵੇਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ, ਫਿਰ ਵੀ ਇਹ ਟੈਸਟ ਕਰਨ ਵਾਲੇ ਕਲੀਨਿਕ ਕਿਸੇ ਨਾ ਕਿਸੇ ਢੰਗ ਨਾਲ ਮਾਪਿਆਂ ਨੂੰ ਭਰੂਣ ਦੇ ਲਿੰਗ ਬਾਰੇ ਜਾਣਕਾਰੀ ਦੇ ਦਿੰਦੇ ਹਨ। ਇੱਥੇ ਡਾਕਟਰ ਦੀ ਦੇਖ-ਰੇਖ ਹੇਠ ਗਰਭਪਾਤ ਦੇ ਕਾਨੂੰਨ (PC-PNDT Act-1994) ਵਿਚਲੀਆਂ ਸਬ-ਧਾਰਾਵਾਂ ਦੀ ਦੁਰਵਰਤੋਂ ਕਰਦੇ ਹੋਏ ਗਰਭਪਾਤ ਕਰਵਾ ਦਿੱਤਾ ਜਾਂਦਾ ਹੈ ਜਾਂ ਮਾਦਾ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਇਸ ਵਰਤਾਰੇ ਨੂੰ ਰੋਕਣ ਵਾਸਤੇ 2015 ਵਿੱਚ 'ਬੇਟੀ ਬਚਾ ਬੇਟੀ ਪੜ੍ਹਾ ' ਦਾ ਦੇਸ਼ਿਵਆਪੀ ਨਾਅਰਾ ਦਿੱਤਾ ਗਿਆ ਜਿਸ ਦਾ ਮਕਸਦ ਮਾਦਾ ਭਰੂਣ ਹੱਤਿਆ ਰੋਕਣਾ ਅਤੇ ਕੁੜੀਆਂ ਦੀ ਸਿੱਖਿਆ ਪ੍ਰਾਪਤੀ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਸੀ।

ਇਸ ਦੀ ਸ਼ੁਰੂਆਤ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਤੋਂ ਕੀਤੀ ਗਈ। ਇਸ ਨਾਅਰੇ ਦੀ ਵਿਸ਼ੇਸ਼ਤਾ ਸੀ ਕਿ ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਕਰਨ ਦੀ ਥਾਂ ਇਸ ਪ੍ਰੋਗਰਾਮ ਦਾ 78% ਤੱਕ ਦਾ ਵੱਡਾ



ਹਿੱਸਾ ਇਸ ਦੇ ਪ੍ਰਚਾਰ, ਪ੍ਰਸਾਰ ਅਤੇ ਇਸ਼ਤਿਹਾਰਬਾਜ਼ੀ ਵਾਸਤੇ ਅਲਾਟ ਕੀਤਾ ਗਿਆ। ਪੰਜਾਬ ਵਿੱਚ ਧੀਆਂ ਦੀ ਪੈਦਾਇਸ਼ ਨੂੰ 'ਨੰਨ੍ਹੀ ਛਾਂ' ਨਾਲ ਜੋੜਿਆ ਗਿਆ। ਨਤੀਜੇ ਵਜੋਂ ਹਰਿਆਣਾ ਵਿੱਚ ਬਾਲ ਲਿੰਗ ਅਨੁਪਾਤ ਵਿੱਚ ਕੁਝ ਸੁਧਾਰ ਹੋਇਆ। ਇਹ 2015 ਵਿੱਚ 876 ਅਤੇ 2016 ਵਿੱਚ 900 ਤੋਂ ਵਧਦਾ ਹੋਇਆ 2019 ਵਿੱਚ 930 ਹੋ ਗਿਆ। ਇਵੇਂ ਹੀ ਪੰਜਾਬ ਵਿੱਚ ਨੈਸ਼ਨਲ ਫੈਮਿਲੀ ਹੈਲਥ ਸਰਵੇ ਅਨੁਸਾਰ, ਪਿਛਲੇ ਪੰਜ ਸਾਲਾਂ ਦੌਰਾਨ ਪੈਦਾ ਹੋਏ ਬੱਚਿਆਂ ਦਾ ਅਨੁਪਾਤ 860 (2015-16) ਤੋਂ ਵਧ ਕੇ 904 (2019-21) ਦਰਜ ਕੀਤਾ ਗਿਆ ਪਰ ਉਸ ਤੋਂ ਬਾਅਦ ਹਰਿਆਣਾ ਵਿੱਚ ਜਨਮ ਵੇਲੇ ਲਿੰਗ ਅਨੁਪਾਤ ਵਿੱਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ (SRS) ਦੇ ਅੰਕੜਿਆਂ ਅਨੁਸਾਰ, 2023 ਵਿੱਚ ਇਹ ਅਨੁਪਾਤ 916 ਸੀ ਜਿਹੜਾ ਘਟ ਕੇ 2024 ਵਿੱਚ 910 ਰਹਿ ਗਿਆ ਹੈ। ਪਿਛਲੇ ਸਾਲ 2023 ਵਿੱਚ ਹਰਿਆਣੇ ਦੇ 22 ਜ਼ਿਲ੍ਹਿਆਂ ਵਿੱਚੋਂ ਉੱਤਰੀ ਅਤੇ ਮੱਧ ਹਰਿਆਣੇ ਦੇ 11 ਜ਼ਿਲ੍ਹਿਆਂ ਵਿੱਚ ਬਾਲ ਲਿੰਗ ਅਨੁਪਾਤ ਲਗਾਤਾਰ ਘਟ ਰਿਹਾ ਹੈ। ਇਨ੍ਹਾਂ ਵਿੱਚ ਰੋਹਤਕ ਦੀ ਹਾਲਤ ਸਭ ਤੋਂ ਮਾੜੀ (883) ਸੀ। ਰੋਹਤਕ ਦੇ 54 ਪਿੰਡਾਂ ਵਿੱਚ ਲੜਕੀਆਂ ਦੀ ਗਿਣਤੀ 800 ਤੋਂ ਵੀ ਘੱਟ ਸੀ। 2024 ਦੇ ਅੰਕੜੇ ਦੱਸਦੇ ਹਨ ਕਿ ਹਰਿਆਣਾ ਦੇ 13 ਜ਼ਿਲ੍ਹਿਆਂ ਦੀ ਹਾਲਤ ਚਿੰਤਾਜਨਕ ਹੈ ਜਿੱਥੇ ਪਿਛਲੇ ਸਾਲ ਨਾਲੋਂ ਇਸ ਅਨੁਪਾਤ ਵਿੱਚ ਗਿਰਾਵਟ ਦਰਜ ਹੋਈ ਹੈ। ਫਰੀਦਾਬਾਦ, ਰਿਵਾੜੀ, ਚਰਖੀ ਦਾਦਰੀ, ਰੋਹਤਕ ਅਤੇ ਗੁੜਗਾ ਂ ਵਿੱਚ ਬਾਲ ਲਿੰਗ ਅਨੁਪਾਤ 900 ਤੋਂ ਘੱਟ ਹੈ। ਪਾਣੀਪਤ ਦੇ 190 ਪਿੰਡਾਂ ਵਿੱਚੋਂ 67 ਪਿੰਡ ਘੋਰ ਚਿੰਤਾਜਨਕ ਹਾਲਤ ਵਿੱਚ ਹਨ। ਸਿਵਲ ਸਰਜਨ ਦੇ ਰਿਕਾਰਡ ਅਨੁਸਾਰ, ਪਾਣੀਪਤ ਵਿੱਚ 2023 ਵਿੱਚ ਲਿੰਗ ਅਨੁਪਾਤ 924 ਤੋਂ ਘਟ ਕੇ 2024 ਵਿੱਚ 900

(ਬਾਕੀ ਅਗਲੇ ਸਫੇ 'ਤੇ)

# ਕੈਨੇਡਾ ਨੂੰ ਨਵੀਂ ਦਿਸ਼ਾ ਦੇਣਗੇ ਹਾਲ ਹੀ ਵਿਚ ਹੋਈਆਂ ਚੋਣਾਂ ਦੇ ਨਤੀਜੇ

ਤਲਵਿੰਦਰ ਸਿੰਘ ਬੁੱਟਰ

ਪਿਛਲੇ ਦਿਨੀਂ ਹੋਈਆਂ ਕੈਨੇਡਾ ਦੀਆਂ ਸੰਘੀ ਚੋਣਾਂ ਦੇ ਨਤੀਜਿਆਂ ਨੇ ਨਾ-ਸਿਰਫ਼ ਕੈਨੇਡੀਅਨ ਸਿਆਸਤ ਦੀ ਨਵੀਂ ਦਿਸ਼ਾ ਨਿਰਧਾਰਤ ਕੀਤੀ ਹੈ, ਸਗੋਂ ਪੰਜਾਬੀ ਮੂਲ ਦੇ ਉਮੀਦਵਾਰਾਂ ਦੀ ਵੱਡੀ ਗਿਣਤੀ ਵਿਚ ਜਿੱਤ ਨੇ ਵਿਸ਼ਵ ਪੱਧਰ 'ਤੇ ਸਿਆਸੀ ਤੇ ਸਮਾਜਿਕ ਚਰਚਾ ਨੂੰ ਜਨਮ ਦਿੱਤਾ ਹੈ।

ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੇ ਚੋਣਾਂ ਵਿਚ ਜਿੱਤ ਹਾਸਲ ਕਰ ਕੇ ਘੱਟ-ਗਿਣਤੀ ਸਰਕਾਰ ਬਣਾਉਣ ਦਾ ਮੌਕਾ ਪ੍ਰਾਪਤ ਕੀਤਾ ਹੈ। ਕੈਨੇਡਾ ਦੀਆਂ 2025 ਦੀਆਂ ਸੰਘੀ ਚੋਣਾਂ ਕਈ ਅਰਥਾਂ ਵਿਚ ਮਹੱਤਵਪੂਰਨ ਸਨ। ਇਹ ਚੋਣਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਅਨ ਇੰਪੋਰਟਸ ਦੇ ਟਰੇਡ ਟੈਰਿਫ ਉੱਤੇ 25% ਵਾਧੇ ਦੇ ਫ਼ੈਸਲੇ ਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀਆਂ ਧਮਕੀਆਂ ਨੂੰ ਮੁਖਾਤਿਬ ਹੁੰਦਿਆਂ ਲੜੀਆਂ ਗਈਆਂ।

ਇਸ ਨੇ ਕੈਨੇਡੀਅਨ ਵੋਟਰਾਂ ਵਿਚ ਰਾਸ਼ਟਰਵਾਦੀ ਜਜ਼ਬੇ ਨੂੰ ਪ੍ਰਚੰਡ ਕੀਤਾ ਤੇ ਚੋਣਾਂ ਨੂੰ ਅਮਰੀਕਾ ਨਾਲ ਸਬੰਧਾਂ ਦੀ ਪ੍ਰੀਖਿਆ ਦੇ ਰੂਪ ਵਿਚ ਦੇਖਿਆ ਗਿਆ। ਮਾਰਕ ਕਾਰਨੀ, ਜੋ ਪਹਿਲਾਂ ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹਿ ਚੁੱਕੇ ਸਨ, ਨੇ ਆਪਣੀ ਆਰਥਿਕ ਮੁਹਾਰਤ ਅਤੇ ਟਰੰਪ ਨਾਲ ਸੰਭਾਵੀ ਗੱਲਬਾਤ ਦੀ ਯੋਗਤਾ ਦੇ ਆਧਾਰ 'ਤੇ ਵੋਟਰਾਂ ਦਾ ਭਰੋਸਾ ਜਿੱਤਿਆ। ਇਸ ਤੋਂ ਇਲਾਵਾ, ਚੋਣਾਂ ਵਿਚ ਜੀਵਨ ਜਿਉਣ ਦੀਆਂ ਸਹੂਲਤਾਂ ਦੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ, ਰਿਹਾਇਸ਼, ਕਰਾਈਮ ਤੇ ਪਰਵਾਸ ਦੇ ਮੁੱਦਿਆਂ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਕੈਨੇਡਾ ਦੀ 'ਫਸਟ-ਪਾਸਟ-ਦਿ ਪੋਸਟ' ਚੋਣ ਪ੍ਰਣਾਲੀ ਅਧੀਨ, 343 ਸੀਟਾਂ ਵਿੱਚੋਂ 172 ਸੀਟਾਂ ਜਿੱਤਣ ਵਾਲੀ ਪਾਰਟੀ ਸਰਕਾਰ ਬਣਾਉਂਦੀ ਹੈ।

ਲਿਬਰਲ ਪਾਰਟੀ ਨੇ 169 ਸੀਟਾਂ ਜਿੱਤੀਆਂ ਜੋ ਬਹੁਮਤ ਤੋਂ ਤਿੰਨ ਸੀਟਾਂ ਘੱਟ ਸਨ ਜਿਸ ਕਾਰਨ ਘੱਟ-ਗਿਣਤੀ ਸਰਕਾਰ ਬਣਨ ਦਾ ਰਾਹ ਪੱਧਰਾ ਹੋਇਆ। ਕੰਜ਼ਰਵੇਟਿਵ ਪਾਰਟੀ ਨੇ 144 ਸੀਟਾਂ ਨਾਲ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾਈ। ਬਲਾਕ ਕਿਊਬੈਕ ਨੂੰ 22 ਸੀਟਾਂ, ਨਿਊ ਡੈਮੋਕ੍ਰੈਟਿਕ ਪਾਰਟੀ (ਐੱਨਡੀਪੀ) ਨੂੰ 7 ਸੀਟਾਂ ਅਤੇ ਗ੍ਰੀਨ ਪਾਰਟੀ ਨੂੰ 1 ਸੀਟ ਮਿਲੀ। ਵੋਟ ਸ਼ੇਅਰ ਦੇ ਮਾਮਲੇ ਵਿਚ ਲਿਬਰਲ ਤੇ ਕੰਜ਼ਰਵੇਟਿਵ ਪਾਰਟੀਆਂ ਨੇ ਕ੍ਰਮਵਾਰ 40% ਤੋਂ ਵੱਧ ਵੋਟਾਂ ਲਈਆਂ ਜਦਕਿ ਐੱਨਡੀਪੀ ਨੂੰ ਸਿਰਫ਼ 6.3% ਵੋਟ ਸ਼ੇਅਰ ਮਿਲਿਆ। ਚੋਣਾਂ ਵਿਚ ਵੋਟਰ ਟਰਨਆਊਟ 69% ਰਿਹਾ ਜੋ 2015 ਤੇ 2019 ਦੀਆਂ ਚੋਣਾਂ ਨਾਲੋਂ ਵੱਧ ਸੀ। ਤਿਹੱਤਰ ਲੱਖ ਤੋਂ ਵੱਧ ਕੈਨੇਡੀਅਨਜ਼ ਨੇ ਅਗਾਊਂ ਵੋਟਿੰਗ ਵਿਚ ਹਿੱਸਾ ਲਿਆ ਜੋ ਇਕ ਨਵਾਂ ਰਿਕਾਰਡ ਸੀ। ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਅਤੇ ਐੱਨਡੀਪੀ ਨੇਤਾ ਜਗਮੀਤ ਸਿੰਘ, ਦੋਵਾਂ ਨੇ ਆਪਣੀਆਂ ਸੀਟਾਂ ਗੁਆ ਲਈਆਂ ਜੋ ਇਕ ਵੱਡਾ ਸਿਆਸੀ ਝਟਕਾ ਸੀ।

ਪੋਇਲੀਵਰ ਨੂੰ ਕਾਰਲਟਨ, ਂਟਾਰੀ ਵਿਚ ਲਿਬਰਲ ਉਮੀਦਵਾਰ ਬਰੂਸ ਫੈਨ-ਜੋਏ ਨੇ ਹਰਾਇਆ ਜਦਕਿ ਜਗਮੀਤ ਸਿੰਘ ਬਰਨਬੀ ਸੈਂਟਰਲ ਵਿਚ ਤੀਜੇ ਸਥਾਨ 'ਤੇ ਰਹੇ। ਇਨ੍ਹਾਂ ਚੋਣਾਂ ਦੀ ਇਕ ਹੋਰ ਮਹੱਤਤਾ ਸੀ ਕਿ ਇਨ੍ਹਾਂ 'ਚ ਪੰਜਾਬੀ ਤੇ ਭਾਰਤੀ ਮੂਲ ਦੇ ਉਮੀਦਵਾਰਾਂ ਨੇ ਵੱਡੀ ਗਿਣਤੀ ਵਿਚ ਜਿੱਤ ਦਰਜ ਕਰਵਾਈ ਹੈ। ਇਸ ਨੇ ਕੈਨੇਡਾ ਦੀ ਬਹੁ-ਸੱਭਿਆਚਾਰਕ ਸਿਆਸਤ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਦੀ ਮਜ਼ਬੂਤ ਹਾਜ਼ਰੀ ਦਰਜ ਕਰਵਾਈ ਹੈ। ਕੈਨੇਡਾ ਦੀਆਂ 2025 ਦੀਆਂ ਚੋਣਾਂ ਵਿਚ 22 ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਜੋ 2019 (20) ਅਤੇ 2021 (17) ਦੀਆਂ ਚੋਣਾਂ ਨਾਲੋਂ ਵੱਧ ਸੀ। ਇਹ ਜਿੱਤ ਲਿਬਰਲ ਪਾਰਟੀ (12 ਸੀਟਾਂ) ਅਤੇ ਕੰਜ਼ਰਵੇਟਿਵ ਪਾਰਟੀ (10 ਸੀਟਾਂ) ਵਿਚ ਵੰਡੀਆਂ ਗਈਆਂ। ਜਿੱਤਣ ਵਾਲੇ ਪੰਜਾਬੀਆਂ ਵਿਚ 65 ਸਾਲਾ ਸੁੱਖ ਧਾਲੀਵਾਲ (ਲਿਬਰਲ, ਸਰੀ-ਨਿਊਟਨ) ਜੋ ਪੰਜਾਬ ਦੇ ਸੁਜਾਪੁਰ ਪਿੰਡ ਦੇ ਵਸਨੀਕ ਹਨ, ਨੇ 49.4% ਵੋਟਾਂ ਨਾਲ ਆਪਣੀ ਸੀਟ ਛੇਵੀਂ ਵਾਰ ਜਿੱਤੀ। ਉਹ 2006 ਤੋਂ ਸਿਆਸਤ ਵਿਚ ਸਰਗਰਮ ਹਨ ਤੇ ਪੰਜਾਬੀ ਭਾਈਚਾਰੇ ਦੇ ਪ੍ਰਮੁੱਖ ਆਗੂ ਹਨ।



ਇਸੇ ਤਰ੍ਹਾਂ ਅਨੀਤਾ ਆਨੰਦ (ਲਿਬਰਲ, ਕਵਿਲ ਈਸਟ) ਨੇ 50.7% ਵੋਟਾਂ ਨਾਲ ਤੀਜੀ ਵਾਰ ਸੀਟ ਜਿੱਤੀ। ਉਹ ਪਹਿਲਾਂ ਮਾਰਕ ਕਾਰਨੀ ਦੀ ਕੈਬਨਿਟ ਵਿਚ ਨਵੀਨਤਾ, ਵਿਗਿਆਨ ਤੇ ਉਦਯੋਗ ਮੰਤਰੀ ਸਨ। ਪੱਚੀ ਸਾਲਾ ਨੌਜਵਾਨ ਸੁਖਮਨ ਸਿੰਘ ਗਿੱਲ (ਕੰਜ਼ਰਵੇਟਿਵ, ਅਬੋਟਸਫੋਰਡ-ਸਾਊਥ ਲੈਂਗਲੇ) ਸੰਭਾਵਤ ਤੌਰ 'ਤੇ ਨਵੀਂ ਸੰਸਦ ਦਾ ਸਭ ਤੋਂ ਛੋਟਾ ਸੰਸਦ ਮੈਂਬਰ ਹੈ। ਉਸ ਨੇ 43.1% ਵੋਟਾਂ ਨਾਲ ਜਿੱਤ ਹਾਸਲ ਕੀਤੀ। ਗੁਰਬਖਸ਼ ਸਿੰਘ ਸੈਣੀ (ਲਿਬਰਲ, ਫਲੀਟਵੁੱਡ-ਪੋਰਟ ਕੇਲਸ) ਨੇ 47.8% ਵੋਟਾਂ ਨਾਲ ਜਿੱਤ ਹਾਸਲ ਕੀਤੀ।

ਉਹ ਵਿਲੀਅਮਜ਼ ਲੇਕ ਵਿਚ ਸੱਤ ਵਾਰ ਸਿਟੀ ਕੌਂਸਲਰ ਰਹਿ ਚੁੱਕੇ ਹਨ। ਜਸਰਾਜ ਸਿੰਘ ਹੱਲਣ (ਕੰਜ਼ਰਵੇਟਿਵ, ਕੈਲਗਰੀ ਈਸਟ) ਨੇ 60.6% ਵੋਟਾਂ ਨਾਲ ਆਪਣੀ ਸੀਟ ਕਾਇਮ ਰੱਖੀ। ਉਹ 2019 ਤੋਂ ਸੰਸਦ ਮੈਂਬਰ ਹਨ ਤੇ ਕੰਜ਼ਰਵੇਟਿਵ ਪਾਰਟੀ ਦਾ ਪ੍ਰਭਾਵਸ਼ਾਲੀ ਆਗੂ ਹਨ। ਇਸ ਦੇ ਨਾਲ ਹੀ ਕੁਝ ਪ੍ਰਮੁੱਖ ਪੰਜਾਬੀ ਉਮੀਦਵਾਰਾਂ ਨੂੰ ਹਾਰ ਦਾ ਸਾਹਮਣਾ ਵੀ ਕਰਨਾ ਪਿਆ। ਐੱਨਡੀਪੀ ਦੇ ਨੇਤਾ ਜਗਮੀਤ ਸਿੰਘ ਬਰਨਬੀ ਸੈਂਟਰਲ ਵਿਚ ਹਾਰ ਗਏ ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਸੇ ਤਰ੍ਹਾਂ ਸਿਹਤ ਮੰਤਰੀ ਕਮਲ ਖੇੜਾ ਨੂੰ ਬਰੈਂਪਟਨ ਵੈਸਟ ਵਿਚ ਕੰਜ਼ਰਵੇਟਿਵ ਉਮੀਦਵਾਰ ਅਮਰਜੀਤ ਗਿੱਲ ਨੇ ਹਰਾਇਆ। ਪੰਜਾਬੀ ਉਮੀਦਵਾਰਾਂ ਦੀ ਜਿੱਤ ਨੇ ਕੈਨੇਡਾ ਦੀ ਬਹੁ-ਸੱਭਿਆਚਾਰਕ ਸਿਆਸਤ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਦੀ ਵਧਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ।

ਪੰਜਾਬੀ ਭਾਈਚਾਰਾ ਜੋ ਕੈਨੇਡਾ ਦੀ ਦੱਖਣੀ ਏਸ਼ਿਆਈ ਆਬਾਦੀ ਦਾ ਮੁੱਖ ਹਿੱਸਾ ਹੈ, ਨੇ ਂਟਾਰੀ , ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਮੈਨੀਟੋਬਾ ਵਰਗੇ ਸੂਬਿਆਂ ਵਿਚ ਮਹੱਤਵਪੂਰਨ ਸਿਆਸੀ ਪ੍ਰਭਾਵ ਕਾਇਮ ਕੀਤਾ ਹੈ। ਇਸ ਜਿੱਤ ਨੇ ਸਿੱਖ ਤੇ ਸਮੁੱਚੇ ਪੰਜਾਬੀ ਭਾਈਚਾਰੇ ਵਿਚ ਮਾਣਮੱਤੀ ਭਾਵਨਾ ਪੈਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਮਿਹਨਤ ਤੇ ਸਮਰਪਣ ਦੀ ਸ਼ਲਾਘਾ ਕੀਤੀ ਹੈ। ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਘੱਟ-ਗਿਣਤੀ ਸਰਕਾਰ ਵਜੋਂ ਕੰਮ ਕਰਨ ਲਈ ਬਲਾਕ ਕਿਊਬੈਕ ਜਾਂ ਐੱਨਡੀਪੀ ਵਰਗੀਆਂ ਪਾਰਟੀਆਂ ਦੇ ਸਮਰਥਨ ਦੀ ਲੋੜ ਪਵੇਗੀ।

ਸਰਕਾਰ ਦੀਆਂ ਮੁੱਖ ਚੁਣੌਤੀਆਂ ਵਿਚ ਅਮਰੀਕੀ ਟੈਰਿਫਾਂ ਨਾਲ ਨਜਿੱਠਣਾ, ਵਪਾਰਕ ਵਿਭਿੰਨਤਾ ਨੂੰ ਵਧਾਉਣਾ ਤੇ ਘਰੇਲੂ ਮੁੱਦਿਆਂ ਜਿਵੇਂ ਕਿ ਰਿਹਾਇਸ਼ ਤੇ ਜੀਵਨ ਦੀਆਂ ਲੋੜਾਂ ਦੀ ਮਹਿੰਗਾਈ ਨੂੰ ਰੋਕਣਾ ਸ਼ਾਮਲ ਹੈ। ਨਵੀਂ ਸਰਕਾਰ ਅੱਗੇ ਕਈ ਤਰਜੀਹੀ ਕਾਰਜ ਤੇ ਚੁਣੌਤੀਆਂ ਹੋਣਗੀਆਂ ਜਿਨ੍ਹਾਂ ਨੂੰ ਆਪਣੀ ਯੋਗਤਾ ਤੇ ਸਮਰੱਥਾ ਨਾਲ ਹੱਲ ਕਰਨਾ ਪਵੇਗਾ। ਮੁੱਖ ਕਾਰਜਾਂ 'ਚ ਅਮਰੀਕੀ ਵਪਾਰਕ ਟੈਰਿਫਾਂ ਨਾਲ ਨਜਿੱਠਣਾ, ਮਹਿੰਗਾਈ ਤੇ ਰਿਹਾਇਸ਼ੀ ਸੰਕਟ ਨੂੰ ਰੋਕਣਾ ਤੇ ਕਲੀਨ ਐਨਰਜੀ ਨੂੰ ਉਤਸ਼ਾਹਤ ਕਰਨਾ ਸ਼ਾਮਲ ਹੈ। ਅਮਰੀਕਾ ਦੇ 25% ਟੈਰਿਫ ਵਾਧੇ ਨੇ ਇੰਪੋਰਟ ਸੈਕਟਰ, ਖ਼ਾਸ ਕਰਕੇ ਆਟੋਮੋਬਾਈਲ ਤੇ ਊਰਜਾ ਨੂੰ ਪ੍ਰਭਾਵਿਤ ਕੀਤਾ ਹੈ। ਸਰਕਾਰ ਨੂੰ ਵਪਾਰਕ ਸੰਧੀਆਂ ਮੁੜ ਸਥਾਪਤ ਕਰਨ ਅਤੇ ਅਮਰੀਕਾ ਵੱਲੋਂ ਇੰਪੋਰਟ ਟੈਰਿਫਾਂ ਵਿਚ ਵਾਧੇ ਕਾਰਨ ਪੈਦਾ ਹੋਈ ਚੁਣੌਤੀ ਦੇ ਬਦਲ ਵਜੋਂ ਏਸ਼ਿਆਈ ਬਾਜ਼ਾਰਾਂ ਨਾਲ ਵਪਾਰ ਵਧਾਉਣ ਦੀ ਲੋੜ ਪਵੇਗੀ। ਇਸ ਦੇ ਨਾਲ ਹੀ ਟੋਰਾਂਟੋ ਤੇ ਵੈਨਕੂਵਰ ਵਰਗੇ ਸ਼ਹਿਰਾਂ ਵਿਚ ਘਰਾਂ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਨੂੰ ਘਟਾਉਣ ਲਈ ਸਸਤੇ ਰਿਹਾਇਸ਼ੀ ਪ੍ਰਾਜੈਕਟ ਸ਼ੁਰੂ ਕਰਨੇ ਪੈਣਗੇ। ਚੋਣਾਂ ਦੌਰਾਨ ਕਾਰਨੀ ਨੇ ਘੱਟ ਤੇ ਮੱਧ-ਵਰਗ ਲਈ ਟੈਕਸ ਕਟੌਤੀ ਤੇ ਕਲੀਨ ਐਨਰਜੀ ਵਿਚ ਨਿਵੇਸ਼ ਦਾ ਵਾਅਦਾ ਕੀਤਾ ਸੀ ਜੋ ਜੂਨ 2025 ਦੇ ਜੀ-7 ਸੰਮੇਲਨ ਵਿਚ ਵਿਸ਼ਵ ਪੱਧਰ 'ਤੇ ਚਰਚਾ ਦਾ ਵਿਸ਼ਾ ਬਣੇਗਾ। ਕਲੀਨ ਐਨਰਜੀ ਦੀ ਮਹੱਤਤਾ ਇਸ ਕਰਕੇ ਵੀ ਵਧ ਜਾਂਦੀ ਹੈ ਕਿ ਗ੍ਰੀਨਹਾਊਸ ਗੈਸਾਂ (ਜਿਵੇਂ ਕਾਰਬਨ ਡਾਈਆਕਸਾਈਡ) ਕਾਰਨ ਸਮੁੱਚੇ ਵਿਸ਼ਵ ਦੇ ਨਾਲ-ਨਾਲ ਕੈਨੇਡਾ ਦਾ ਵਾਤਾਵਰਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਸ ਕਾਰਨ ਸੂਰਜੀ ਊਰਜਾ (ਸੋਲਰ), ਪਵਨ ਊਰਜਾ (ਵਿੰਡ), ਜਲ-ਵਿਦਿਯੁਤ (ਹਾਈਡਰੋ), ਜੀ ਥਰਮਲ ਊਰਜਾ, ਅਤੇ ਬਾਇ ਊਰਜਾ ਵਰਗੇ ਸਰੋਤਾਂ ਉੱਤੇ ਆਧਾਰਤ ਕਲੀਨ ਐਨਰਜੀ ਪੈਦਾ ਕਰਨੀ ਪਵੇਗੀ। ਇਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਦੀਆਂ ਵੱਡੀਆਂ ਚੁਣੌਤੀਆਂ ਦਰਕਾਰ ਹਨ।

ਅਮਰੀਕਾ ਨਾਲ ਵਪਾਰਕ ਗੱਲਬਾਤ ਵਿਚ ਟਰੰਪ ਦੀਆਂ ਅਣਕਿਆਸੀਆਂ ਨੀਤੀਆਂ ਮੁਸ਼ਕਲ ਪੈਦਾ ਕਰ ਸਕਦੀਆਂ ਹਨ। ਮਹਿੰਗਾਈ ਤੇ ਰਿਹਾਇਸ਼ੀ ਸੰਕਟ ਨੂੰ ਹੱਲ ਕਰਨ ਲਈ ਵੱਡੇ ਬਜਟ ਦੀ ਲੋੜ ਹੈ ਜੋ ਸਰਕਾਰੀ ਖ਼ਰਚਿਆਂ 'ਤੇ ਦਬਾਅ ਵਧਾਏਗਾ। ਨਵੀਂ ਸਰਕਾਰ ਦੌਰਾਨ ਵੀ ਇਮੀਗ੍ਰੇਸ਼ਨ ਨੀਤੀਆਂ 'ਚ ਸਖ਼ਤੀ ਦਾ ਅਮਲ ਜਾਰੀ ਰਹਿਣ ਦੇ ਆਸਾਰ ਹਨ ਕਿਉਂਕਿ ਟਰੂਡੋ ਦੀ ਸਰਕਾਰ ਨੇ 2024 ਵਿਚ ਸਟੱਡੀ ਪਰਮਿਟ ਤੇ ਅਸਥਾਈ ਕਾਮਿਆਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਸੀ। ਸਾਲ 2025 'ਚ 3,95,000 ਪੀਆਰ ਤੇ ਕੱਚੇ ਲੋਕਾਂ ਦੀ ਗਿਣਤੀ 30,000 ਤੋਂ ਲੈ ਕੇ 3,00,000 ਤੱਕ ਘਟਾਉਣ ਦੀ ਯੋਜਨਾ ਹੈ। ਨਵੀਂ ਸਰਕਾਰ ਵੀ ਕਿਉਂਕਿ ਲਿਬਰਲ ਪਾਰਟੀ ਦੀ ਹੀ ਬਣੀ ਹੈ, ਬੇਸ਼ੱਕ ਪ੍ਰਧਾਨ ਮੰਤਰੀ ਟਰੂਡੋ ਨਹੀਂ ਰਹੇ ਪਰ ਨੀਤੀਆਂ ਉਹੀ ਰਹਿਣ ਕਾਰਨ ਨਵੀਂ ਸਰਕਾਰ ਐਕਸਪ੍ਰੈੱਸ ਐਂਟਰੀ ਸਿਸਟਮ ਵਿਚ ਸੁਧਾਰ ਤੇ ਹੁਨਰਮੰਦ ਪਰਵਾਸੀਆਂ 'ਤੇ ਫੋਕਸ ਵਧਾਏਗੀ ਪਰ ਸਖ਼ਤ ਨਿਯਮ ਪੰਜਾਬੀ ਵਿਦਿਆਰਥੀਆਂ ਤੇ ਕਾਮਿਆਂ ਲਈ ਪੀਆਰ (ਸਥਾਈ ਨਿਵਾਸ) ਦਾ ਰਾਹ ਮੁਸ਼ਕਲ ਕਰ ਸਕਦੇ ਹਨ।

ਨਵੀਂ ਸਰਕਾਰ ਪੰਜਾਬੀ ਭਾਈਚਾਰੇ ਦੀਆਂ ਮੁਸ਼ਕਲਾਂ ਜਿਵੇਂ ਸਿੱਖ ਪਛਾਣ ਤੇ ਸੱਭਿਆਚਾਰਕ ਸੰਭਾਲ ਨੂੰ ਮੁਖਾਤਬ ਹੋਣ ਦੀ ਕੋਸ਼ਿਸ਼ ਕਰੇਗੀ। ਪਰ ਸਖ਼ਤ ਪਰਵਾਸੀ ਨੀਤੀਆਂ ਕਾਰਨ ਪੰਜਾਬ ਤੋਂ ਨਵੇਂ ਪਰਵਾਸੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬੀ ਸੰਸਦ ਮੈਂਬਰਾਂ ਨੂੰ ਕੈਨੇਡੀਅਨ ਬਹੁ-ਸੱਭਿਆਚਾਰੀ ਸਮਾਜ ਦੇ ਨਾਲ-ਨਾਲ ਪੰਜਾਬੀ ਸਮਾਜ ਦੀਆਂ ਉਮੀਦਾਂ ਉੱਤੇ ਖ਼ਰਾ ਉਤਰਨ ਲਈ ਇਕ ਸੰਤੁਲਿਤ ਸਿਆਸੀ ਪਹੁੰਚ ਪੈਦਾ ਕਰਨੀ ਪਵੇਗੀ।

## ਟਰੰਪ ਸ਼ਾਸਨ ਦੇ ਸੌ ਦਿਨਾਂ ਦਾ ਲੇਖਾ-ਜੋਖਾ

(ਸਫਾ 15 ਦੀ ਬਾਕੀ)

ਪ੍ਰਦਾਨ ਕਰਨ ਵਿਚ ਨਾਕਾਮ ਰਿਹਾ ਹੈ। ਐਰੋਂ ਡੇਵਿਡ ਮਿੱਲਰ ਜਿਸ ਨੇ ਡੈਮੋਕ੍ਰੈਟਾਂ ਤੇ ਰਿਪਬਲਿਕਨਾਂ ਦੇ ਪ੍ਰਸ਼ਾਸਨਾਂ ਵਿਚ ਕੰਮ ਕੀਤਾ, ਦਾ ਕਹਿਣਾ ਹੈ ਕਿ ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇ ਟਰੰਪ ਬਾਜ਼ ਆ ਜਾਵੇ ਤੇ ਵਿਦੇਸ਼ ਨੀਤੀ ਬਦਲ ਲਵੇ। ਮਿੱਤਰ ਦੇਸ਼ਾਂ ਦੇ ਨੁਕਸਾਨ ਦੀ ਪੂਰਤੀ ਔਖੀ ਹੈ। ਦੁਸ਼ਮਣਾਂ ਨੂੰ ਜ਼ਰੂਰ ਨਵੇਂ ਵਪਾਰਕ ਸਾਥੀ ਮਿਲ ਗਏ ਹਨ। ਪਿਊ ਸਰਵੇ ਅਨੁਸਾਰ ਪਿਛਲੇ ਸਮੇਂ ਵਿਚ ਕਿਸੇ ਰਾਸ਼ਟਰਪਤੀ ਦੀ ਪਹਿਲੇ 100 ਦਿਨਾਂ ਵਿਚ ਇਵੇਂ ਮਕਬੂਲੀਅਤ ਨਹੀਂ ਸੀ ਘਟੀ। ਸੀਐੱਨਐੱਨ ਸਰਵੇ ਅਨੁਸਾਰ ਟਰੰਪ ਦੀ 41 ਪ੍ਰਤੀਸ਼ਤ ਮਕਬੂਲੀਅਤ ਰਹਿ ਗਈ ਹੈ। ਹੁਣ ਤੱਕ ਦੇ ਸਭ ਰਾਸ਼ਟਰਪਤੀਆਂ ਦੇ 100 ਦਿਨਾਂ ਤੋਂ ਘੱਟ। ਆਪਣੇ ਪਹਿਲੇ ਕਾਰਜਕਾਲ ਦੇ ਪਹਿਲੇ 100 ਦਿਨਾਂ ਤੋਂ ਵੀ ਘੱਟ। ਅਮਰੀਕੀ ਡਰ ਰਹੇ ਹਨ ਕਿ ਕਿਤੇ ਭਵਿੱਖ ਵਿਚ ਇਹ ਉਨ੍ਹਾਂ ਦਾ ਵੱਡਾ ਨੁਕਸਾਨ ਨਾ ਕਰ ਦੇਵੇ।

### ਆਰਥਿਕ ਅਸਥਿਰਤਾ ਦਾ ਮਾਹੌਲ

ਟਰੰਪ ਨੇ ਬਜਟ, ਵਪਾਰ ਤੇ ਟੈਕਸ ਘਾਟੇ ਦੀ ਪੂਰਤੀ ਲਈ ਟੈਰਿਫਾਂ ਦਾ ਰਾਹ ਚੁਣਿਆ। ਪ੍ਰੋ. ਜੈਫਰੀ ਅਨੁਸਾਰ ਵਪਾਰ ਹਮੇਸ਼ਾ ਦੋਹਾਂ ਧਿਰਾਂ ਲਈ ਲਾਹੇਵੰਦ ਅਤੇ ਨੁਕਸਾਨਦਾਇਕ ਹੁੰਦਾ ਹੈ। ਤਾਹੀਓਂ ਟਰੰਪ ਟੈਰਿਫਾਂ ਦੇ ਲਾਗੂ ਹੋਣ ਦੀ ਸਮਾਂ-ਸੀਮਾ ਵਧਾ ਕੇ ਵੱਖ-ਵੱਖ ਰਾਸ਼ਟਰਾਂ ਨਾਲ ਮੇਜ਼ 'ਤੇ ਬੈਠ ਕੇ ਮੁੜ ਤੋਂ ਵਪਾਰਕ ਨੀਤੀਆਂ ਅਤੇ ਟੈਰਿਫ ਦਰਾਂ ਨੂੰ ਸਾਰਥਕ ਬਣਾਉਣਾ ਚਾਹੁੰਦਾ ਹੈ। ਦਰਅਸਲ, ਅਮਰੀਕਾ ਆਰਥਿਕ ਤੌਰ 'ਤੇ ਬੁਰੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ। ਨਿਵੇਸ਼ ਕਰਤਾ ਬਾਹਰ ਭੱਜ ਰਹੇ ਹਨ। ਸਟਾਕ ਮਾਰਕੀਟ ਤਿੰਨ ਵਾਰ ਮੂਧੇ ਮੂੰਹ ਡਿੱਗ ਚੁੱਕੀ ਹੈ। ਵਾਲ ਸਟਰੀਟ ਜਰਨਲ ਨੇ ਸਾਬਕਾ ਸੈਨੇਟ ਬੈਂਕਿੰਗ ਕਮੇਟੀ ਦੇ ਚੇਅਰਮੈਨ ਫਿਲ ਗਰੱਮ ਦੇ ਹਵਾਲੇ ਨਾਲ ਕਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਕੌਮਾਂਤਰੀ ਵਪਾਰ ਨੀਤੀ ਵਿਚ ਬੇਯਕੀਨੀ ਪੈਦਾ ਕਰ ਰੱਖੀ ਹੈ। ਬਲੂਮਬਰਗ ਪੱਤ੍ਰਿਕਾ ਅਨੁਸਾਰ ਅਮਰੀਕਾ ਅਸਥਿਰਤਾ ਦਾ ਕੇਂਦਰ ਬਣ ਚੁੱਕਾ ਹੈ। ਅਮਰੀਕੀ ਡਾਲਰ ਅਤੇ ਬਾਂਡ ਚਮਕ ਖੋ ਚੁੱਕੇ ਹਨ। ਵਪਾਰਕ ਜੰਗ ਪੂਰੀ ਤਰ੍ਹਾਂ 'ਸਰਮਾਏ ਦੀ ਜੰਗ' ਵਿਚ ਤਬਦੀਲ ਹੋ ਚੁੱਕੀ ਹੈ। ਅਮਰੀਕੀ ਡਾਲਰ ਇੰਡੈਕਸ 7 ਪ੍ਰਤੀਸ਼ਤ ਡਿੱਗ ਚੁੱਕਾ ਹੈ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਅਮਰੀਕੀ ਜੀਡੀਪੀ ਸੰਨ 2025 ਵਿਚ 1।8 ਪ੍ਰਤੀਸ਼ਤ ਰਹਿ ਜਾਵੇਗੀ ਭਾਵ ਜਨਵਰੀ, 2025 ਨਾਲੋਂ 0.9 ਪ੍ਰਤੀਸ਼ਤ ਘੱਟ।

## ਧੀਆਂ ਦੀ ਗਿਣਤੀ ਮੁੜ ਘਟਣ ਲੱਗੀ

(ਸਫਾ 16 ਦੀ ਬਾਕੀ)

ਹੋ ਗਿਆ। ਸਿਵਲ ਰਜਿਸਟ੍ਰੇਸ਼ਨ ਸਿਸਟਮ (CRS) ਅਨੁਸਾਰ, ਪੰਜਾਬ ਵਿੱਚ 2024 ਵਿੱਚ ਬਾਲ ਲਿੰਗ ਅਨੁਪਾਤ 918 ਦਰਜ ਕੀਤਾ ਗਿਆ। ਬਾਰਡਰ ਵਾਲੇ ਜ਼ਿਲ੍ਹੇ ਪਠਾਨਕੋਟ ਅਤੇ ਗੁਰਦਾਸਪੁਰ ਕ੍ਰਮਵਾਰ 864 ਅਤੇ 884 ਨਾਲ ਸਭ ਤੋਂ ਮਾੜੀ ਹਾਲਤ ਵਾਲੇ ਜ਼ਿਲ੍ਹੇ ਹਨ। ਕਪੂਰਥਲਾ ਇਸ ਵੇਲੇ 987 ਦੇ ਅੰਕੜੇ ਨਾਲ ਸਭ ਤੋਂ ਉੱਪਰ ਹੈ ਪਰ ਇੱਥੇ ਵੀ 2023 ਵਿੱਚ 992 ਤੋਂ ਪੰਜ ਪੁਆਇੰਟਾਂ ਦੀ ਗਿਰਾਵਟ ਹੋਈ ਹੈ।

ਲਿੰਗ ਅਨੁਪਾਤ ਵਿੱਚ ਸੁਧਾਰ ਵਾਸਤੇ 2011 ਤੋਂ ਬਾਅਦ ਕਈ ਕਦਮ ਚੁੱਕੇ ਗਏ ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਲਿੰਗ ਨਿਰਧਾਰਨ ਟੈਸਟ ਨੂੰ ਗੈਰ-ਕਾਨੂੰਨੀ ਕਰਾਰ ਦੇਣਾ, ਆਂਗਣਵਾੜੀ ਵਿੱਚ ਕੰਮ ਕਰਦੀਆਂ ਔਰਤਾਂ ਵੱਲੋਂ ਗਰਭਵਤੀ ਔਰਤਾਂ ਦੀ ਸਿਹਤ ਦਾ ਧਿਆਨ ਰੱਖਣਾ ਅਤੇ ਮੁਢਲੀਆਂ ਸਿਹਤ ਸਹੂਲਤਾਂ ਦੇਣਾ ਸ਼ਾਮਿਲ ਹਨ। ਕੌਮੀ ਪੱਧਰ 'ਤੇ ਧੀਆਂ ਦਾ ਦਿਨ (24 ਜਨਵਰੀ 2012) ਮਨਾਉਣ ਦਾ ਅਹਿਦ ਕਰਨਾ, 2011 ਦੀ ਸਬਲਾ ਸਕੀਮ, 2015 ਦੀ 'ਬੇਟੀ ਬਚਾਓ ਬੇਟੀ ਪੜ੍ਹਾਓ' ਤੇ ਨੰਨ੍ਹੀ ਛਾਂ, 'ਧੀਆਂ ਦਾ ਸਤਿਕਾਰ ਕਰੋ, ਪੁੱਤਰਾ ਵਾਂਗੂ ਪਿਆਰ ਕਰੋ' ਜਾਂ ਧੀਆਂ ਦੀ ਵੀ ਲੋਹੜੀ ਆਦਿ ਮਨਾਉਣਾ ਵੀ ਸਹਾਈ ਹੋਵੇ ਪਰ ਕੀ ਕਾਰਨ ਹਨ ਕਿ ਪਿਛਲੇ ਪੰਜ-ਛੇ ਸਾਲਾਂ ਤੋਂ ਹਾਲਤ ਮੁੜ ਵਿਗੜ ਰਹੀ ਹੈ? ਕਿਉਂ ਧੀਆਂ ਨੂੰ ਪੈਦਾ ਹੋਣ ਦੇ ਮੁੱਢਲੇ ਅਧਿਕਾਰ ਤੋਂ ਵਾਂਝੇ ਕੀਤਾ ਜਾ ਰਿਹਾ ਹੈ? ਸ਼ਹਿਰਾਂ ਅਤੇ ਪੜ੍ਹੇ ਲਿਖੇ ਪਰਿਵਾਰਾਂ ਵਿੱਚ ਬਾਲ ਲਿੰਗ ਅਨੁਪਾਤ ਦੀ ਦਰ ਪਿੰਡਾਂ ਦੇ ਮੁਕਾਬਲੇ ਘੱਟ ਹੈ। ਸਪਸ਼ਟ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਔਰਤ ਪ੍ਰਤੀ ਹਿੰਸਕ ਘਟਨਾਵਾਂ ਦਾ ਰੁਝਾਨ ਵਧ ਰਿਹਾ ਹੈ। ਇਸ ਹਿੰਸਾ ਵਿੱਚ ਹਾਕਮ ਧਿਰਾਂ ਦੇ ਕੁਝ ਸਿਆਸਤਦਾਨ, ਸਿਵਲ ਤੇ ਪੁਲਿਸ ਅਧਿਕਾਰੀ ਅਤੇ ਧਨਾਢ ਵਰਗ ਤੇ ਰਸੂਖ਼ਵਾਨ ਘਰਾਣਿਆਂ ਦੇ ਮੁੰਡੇ ਸ਼ਾਮਿਲ ਹਨ।

ਔਰਤ ਪ੍ਰਤੀ ਹਿੰਸਾ ਅਤੇ ਧੀਆਂ ਦੀ ਗਿਣਤੀ ਵਿੱਚ ਉਲਟਾ ਸਬੰਧ ਹੈ। ਇਸ ਤੋਂ ਇਲਾਵਾ ਮਰਦ ਪ੍ਰਧਾਨ ਸਮਾਜ ਵਿੱਚ ਚਿਰਾਂ ਤੋਂ ਚਲੀ ਆ ਰਹੀ ਪਿਤਰੀ ਸੱਤਾ ਸਾਡੇ ਖ਼ੂਨ ਵਿੱਚ ਇਸ ਹੱਦ ਤੱਕ ਰਚੀ ਹੋਈ ਹੈ ਕਿ ਅਤਿ ਆਧੁਨਿਕ ਯੁਗ ਵਿੱਚ ਵੀ ਪੁੱਤਰ ਪ੍ਰਾਪਤੀ ਨਾਲ ਜੁੜੇ ਸਮਾਜਿਕ ਸੰਸਕਾਰ ਅਤੇ ਧੀਆਂ ਪ੍ਰਤੀ ਪਿਛਾਂਹਖਿੱਚੂ ਸੋਚ ਭਾਰੂ ਹੈ; ਜਿਵੇਂ ਪੁੱਤਰ ਬੁਢਾਪੇ ਦਾ ਸਹਾਰਾ, ਮ੍ਰਿਤਕ ਦੇਹ ਨੂੰ ਅਗਨੀ ਦੇਣ ਵਾਲਾ, ਵੰਸ਼ ਚਲਾਉਣ ਵਾਲਾ ਆਦਿ ਅਤੇ ਧੀ ਪਰਾਇਆ ਧਨ, ਵਿਤੀ ਬੋਝ, ਪੱਥਰ ਜੰਮ ਪਿਆ ਹੈ ਤੇ ਧੀ ਦੇ ਬਾਬਲ ਦਾ ਸਿਰ ਹਮੇਸ਼ਾ ਨੀਵਾਂ ਹੁੰਦਾ ਹੈ। ਜੇ ਧੀ ਦਾ ਜਿਨਸੀ ਸ਼ੋਸ਼ਣ ਹੁੰਦਾ ਹੈ ਤਾਂ ਸਾਰੇ ਪਰਿਵਾਰ ਦੀ ਇੱਜ਼ਤ ਮਿੱਟੀ ਵਿੱਚ ਮਿਲ ਜਾਂਦੀ ਹੈ। ਇਹ ਸਾਰਾ ਕੁਝ ਇਕਪਾਸੜ ਕਿਉਂ? ਕੁਝ ਚਿੰਤਕ, ਵਿਦਵਾਨ ਤੇ ਜਾਗਰੂਕ ਲੋਕ ਭਾਵੇਂ ਧੀਆਂ ਪੁੱਤਰਾਂ ਵਿਚਾਲੇ ਅੰਤਰ ਨਾ ਰੱਖਦੇ ਹੋਣ ਪਰ ਉਹ ਵੀ ਆਖ਼ਿਰ ਇਸੇ ਸਮਾਜ ਦਾ ਹਿੱਸਾ ਹਨ। ਧੀ ਨੇ ਸਮਾਜ ਵਿੱਚ ਹੀ ਵਿਚਰਨਾ ਹੈ, ਸਿੱਖਿਆ ਲਈ ਸਕੂਲ ਕਾਲਜ ਵੀ ਜਾਣਾ ਹੈ। ਕੰਮ ਕਾਜ ਲਈ ਘਰੋਂ ਬਾਹਰ ਨਿਕਲਣਾ ਹੈ। ਕੀ ਸਾਡਾ ਆਲਾ-ਦੁਆਲਾ ਜਾਂ ਮਾਹੌਲ ਕੁੜੀਆਂ ਲਈ ਸੁਰੱਖਿਅਤ ਹੈ? ਵੇਲੇ ਕੁਵੇਲੇ ਕੁੜੀ ਘਰ ਤੋਂ ਬਾਹਰ ਜਾਣ ਲੱਗਿਆਂ ਡਰਦੀ ਹੈ। ਉਸ ਨੂੰ ਕਿਸ ਤੋਂ ਬਚਾਉਣਾ ਹੈ? ਸੜਕਾਂ ਦੇ ਤੁਰੇ ਫਿਰਦੇ ਜਾਨਵਰਾਂ ਤੋਂ ਵਧੇਰੇ ਡਰ ਉਸ ਨੂੰ ਮਨੁੱਖੀ ਜਾਮੇ ਵਿੱਚ ਘੁੰਮਦੇ ਬਘਿਆੜ ਰੂਪੀ ਮੁੰਡਿਆਂ ਤੋਂ ਹੈ ਜਿਹੜੇ ਕੁੜੀ ਨੂੰ ਕੇਵਲ ਭੋਗ ਵਿਲਾਸ ਦੀ ਸ਼ੈਅ ਸਮਝਦੇ ਹਨ।

ਇਸ ਲਈ ਸਮਾਜ ਦੇ ਸਹੀ ਅਤੇ ਸੰਤੁਲਿਤ ਵਿਕਾਸ ਵਾਸਤੇ ਜ਼ਰੂਰੀ ਹੈ ਕਿ ਸਮਾਜ ਵਿੱਚ ਔਰਤ ਨੂੰ ਮਨੂ ਸਿਮ੍ਰਤੀ ਅਨੁਸਾਰ ਪੈਰ ਦੀ ਜੁੱਤੀ, ਢੋਰ, ਗੰਵਾਰ, ਪਸ਼ੂ ਆਦਿ ਸਮਝਣ ਦੀ ਥਾਂ ਉਸ ਨੂੰ ਬਣਦਾ ਬਰਾਬਰੀ ਦਾ ਸਥਾਨ ਦਿੱਤਾ ਜਾਵੇ। ਮਾਣ ਸਨਮਾਨ ਨਾਲ ਜਿਊਣ ਵਾਸਤੇ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇ। ਮਾਦਾ ਭਰੂਣ ਹੱਤਿਆ ਰੋਕਣ ਵਾਸਤੇ ਪਹਿਲਾਂ ਤੋਂ ਬਣੇ ਕਾਨੂੰਨਾਂ ਨੂੰ ਸੁਹਿਰਦਤਾ ਅਤੇ ਸਖਤਾਈ ਨਾਲ ਲਾਗੂ ਕੀਤਾ ਜਾਵੇ। ਔਰਤਾਂ ਵਿਰੁੱਧ ਹਿੰਸਾ ਕਰਨ ਵਾਲੇ ਸਾਬਤ ਹੋ ਚੁੱਕੇ ਦੋਸ਼ੀਆਂ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਸਜ਼ਾਵਾਂ ਦਿੱਤੀਆਂ ਜਾਣ। ਗਾਹੇ-ਬਗਾਹੇ ਪੈਰੋਲ 'ਤੇ ਨਾ ਛੱਡਿਆ ਜਾਵੇ।

ਇਸ ਵਰਤਾਰੇ ਨੂੰ ਰਾਜਨੀਤੀ, ਭਾਈ-ਭਤੀਜਾਵਾਦ, ਜਾਤ-ਬਰਾਦਰੀ ਅਤੇ ਧਰਮ ਤੋਂ ਅਲੱਗ ਰੱਖਣਾ ਚਾਹੀਦਾ ਹੈ ਕਿਉਂਕਿ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਵਾਰਦਾਤਾਂ, ਜ਼ੁਲਮ ਅਤੇ ਹੋਰ ਮਾਨਸਿਕ, ਭਾਵਨਾਤਮਕ ਅੱਤਿਆਚਾਰ ਸਿੱਧੇ ਰੂਪ ਵਿੱਚ ਕੁੜੀਆਂ ਦੀ ਪੈਦਾਇਸ਼ ਉੱਪਰ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ। ਇਸ ਲਈ ਸਹੀ ਅਰਥਾਂ ਵਿੱਚ ਸਰਕਾਰੀ ਦਖਲ ਅਤੇ ਕਾਨੂੰਨ ਲਾਗੂ ਕਰਨ ਲਈ ਸਖਤਾਈ ਦੇ ਨਾਲ-ਨਾਲ ਜਾਗਰੂਕਤਾ ਮਹੱਤਵਪੂਰਨ ਹੈ।

ਮਾਦਾ ਭਰੂਣ ਹੱਤਿਆ ਸਮਾਜਿਕ ਕਲੰਕ ਹੈ ਜਿਹੜਾ ਪੰਜਾਬ ਤੇ ਹਰਿਆਣਾ ਦੇ ਮੱਥੇ 'ਤੇ ਲੱਗ ਚੁਕਿਆ ਹੈ। ਕਿਸੇ ਵੀ ਗ਼ਲਤ ਸਮਾਜਿਕ ਪ੍ਰਥਾ ਨੂੰ ਖਤਮ ਕਰਨ ਵਾਸਤੇ ਲੋਕਾਂ ਅੰਦਰ ਜਾਗਰਤੀ ਅਤੇ ਲੋਕਾਂ ਦੀ ਏਕਤਾ ਜ਼ਰੂਰੀ ਹੈ। ਜਾਗਰੂਕਤਾ ਦੇ ਨਾਲ-ਨਾਲ ਪਿਤਰੀ ਸੱਤਾ ਵਾਲੀ ਮਾੜੀ ਸੋਚ ਬਦਲਣ ਦੀ ਵੀ ਜ਼ਰੂਰਤ ਹੈ। ਬਾਲ ਵਿਆਹ, ਸਤੀ ਪ੍ਰਥਾ ਆਦਿ ਨੂੰ ਲੋਕਾਂ ਦੇ ਸਹਿਯੋਗ ਦੇ ਨਾਲ ਹੀ ਉਸ ਵੇਲੇ ਦੀਆਂ ਸਰਕਾਰਾਂ ਖ਼ਤਮ ਕਰਨ ਵਿੱਚ ਕਾਮਯਾਬ ਹੋਈਆਂ ਸਨ।

ਹੁਣ ਸਾਨੂੰ ਸਮਾਜਿਕ ਅਤੇ ਆਰਥਿਕ ਹਾਲਾਤ ਦਾ ਡੂੰਘਾ ਅਧਿਐਨ ਕਰਨਾ ਪਵੇਗਾ। ਇੱਕ ਪਾਸੇ ਪੁੱਤਰ ਤਰਜੀਹ ਤੇ ਛੋਟੇ ਪਰਿਵਾਰ ਦੀ ਮਜਬੂਰੀ, ਦੂਜੇ ਪਾਸੇ ਧੀਆਂ ਦੀ ਪੈਦਾਇਸ਼ ਨਾਲ ਜੁੜੀਆਂ ਸਮੱਸਿਆਵਾਂ, ਦਾਜ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਸਮਾਜਿਕ-ਆਰਥਿਕ ਮੁੱਦੇ ਹਨ। ਇਸ ਵਾਸਤੇ ਲਿੰਗ ਸੰਵੇਦਨਸ਼ੀਲ ਨੁਕਤਿਆਂ ਬਾਰੇ ਜਾਣਕਾਰੀ ਸਕੂਲ ਪੱਧਰ 'ਤੇ ਹੀ ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਬਰਾਬਰੀ ਅਤੇ ਪੱਖਪਾਤ ਰਹਿਤ ਸਮਾਜ ਵਾਸਤੇ ਅਸੀਂ ਸਿਰਫ ਗਿਣਤੀ ਹੀ ਨਹੀਂ ਵਧਾਉਣੀ, ਜ਼ਿੰਦਗੀ ਵੀ ਬਚਾਉਣੀ ਹੈ।

# ਕਿੱਥੇ ਖੜ੍ਹਾ ਹੈ ਭਾਰਤ ਦੀ ਮਿਜ਼ਾਇਲ ਤਾਕਤ ਤੇ ਏਅਰ ਡਿਫੈਂਸ ਸਿਸਟਮ ਮੂਹਰੇ ਪਾਕਿਸਤਾਨ

ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ਵਿੱਚ 6 ਅਤੇ 7 ਮਈ ਦੀ ਦਰਮਿਆਨੀ ਰਾਤ ਨੂੰ ਇੱਕ ਫੌਜੀ ਆਪ੍ਰੇਸ਼ਨ ਕੀਤਾ ਸੀ। ਭਾਰਤ ਸਰਕਾਰ ਨੇ ਆਪਣੇ ਬਿਆਨ ਵਿੱਚ ਕਿਹਾ, "ਇਸ ਕਾਰਵਾਈ ਹੇਠ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਦਹਿਸ਼ਤਗਰਦਾਂ ਦੇ ਢਾਂਚੇ ਨੂੰ ਨਿਸ਼ਾਨਾ ਬਣਾਇਆ ਹੈ, ਜਿੱਥੋਂ ਭਾਰਤ ਉੱਤੇ ਹੋਏ ਦਹਿਸ਼ਤਗਰਦੀ ਹਮਲਿਆਂ ਦੀ ਯੋਜਨਾ ਬਣਾਈ ਗਈ ਸੀ ਅਤੇ ਉਨ੍ਹਾਂ ਨੂੰ ਅੰਜਾਮ ਦਿੱਤਾ ਗਿਆ ਸੀ।" ਭਾਰਤ ਅਤੇ ਪਾਕਿਸਤਾਨ ਵਿਚਾਲੇ ਹਾਲ ਹੀ ਵਿੱਚ ਹੋਏ ਤਣਾਅ ਤੋਂ ਬਾਅਦ, ਦੋਵਾਂ ਦੇਸ਼ਾਂ ਦੀ ਫੌਜੀ ਸਮਰੱਥਾਵਾਂ 'ਤੇ ਚਰਚਾ ਸ਼ੁਰੂ ਹੋ ਗਈ ਹੈ। ਆਓ ਜਾਣਦੇ ਹਾਂ ਕਿ ਭਾਰਤ ਅਤੇ ਪਾਕਿਸਤਾਨ ਕੋਲ ਕਿਹੜੀਆਂ ਮਿਜ਼ਾਇਲਾਂ ਹਨ ਅਤੇ ਉਨ੍ਹਾਂ ਦੇ ਹਵਾਈ ਰੱਖਿਆ ਪ੍ਰਣਾਲੀ ਦੀ ਸਮਰੱਥਾ ਕੀ ਹੈ।




ਭਾਰਤ ਦੀ ਅਗਨੀ-5 ਮਿਜ਼ਾਇਲ ਜ਼ਮੀਨ ਤੋਂ ਪੰਜ ਹਜ਼ਾਰ ਤੋਂ ਅੱਠ ਹਜ਼ਾਰ ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ। ਦੂਜੇ ਪਾਸੇ, ਪਾਕਿਸਤਾਨ ਦੀ ਸ਼ਾਹੀਨ-3 ਮਿਜ਼ਾਇਲ ਦੀ ਰੇਂਜ 2,750 ਕਿਲੋਮੀਟਰ ਹੈ। ਭਾਰਤ ਦੀ ਹਥਿਆਰਾਂ ਦੇ ਮਾਮਲਿਆਂ ਵਿੱਚ ਰੂਸ 'ਤੇ ਜ਼ਿਆਦਾ ਨਿਰਭਰਤਾ ਹੈ ਅਤੇ ਪਾਕਿਸਤਾਨ ਚੀਨ 'ਤੇ ਜ਼ਿਆਦਾ ਨਿਰਭਰ ਹੈ। ਪੱਛਮੀ ਦੇਸ਼ ਲੰਬੇ ਸਮੇਂ ਤੋਂ ਭਾਰਤ ਨੂੰ ਮਿਜ਼ਾਇਲ ਤਕਨਾਲੋਜੀ ਦੇਣ ਤੋਂ ਪਰਹੇਜ਼ ਕਰਦੇ ਰਹੇ ਹਨ, ਪਰ ਫਰਾਂਸ ਅਤੇ ਭਾਰਤ ਨੇ ਮਿਜ਼ਾਇਲ ਤਕਨਾਲੋਜੀ 'ਤੇ ਇਕੱਠੇ ਕੰਮ ਕੀਤਾ ਹੈ। ਇਨ੍ਹਾਂ ਵਿੱਚ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਇਲ ਯਾਨਿ ਕਿ ਆਈਸੀਬੀਐੱਮ ਵੀ ਸ਼ਾਮਲ ਹੈ। ਦੁਨੀਆ ਵਿੱਚ ਸਿਰਫ਼ ਸੱਤ ਦੇਸ਼ ਹਨ ਜਿਨ੍ਹਾਂ ਕੋਲ ਆਈਸੀਬੀਐੱਮ ਹਨ।

**ਐਂਟੀ-ਬੈਲਿਸਟਿਕ ਮਿਜ਼ਾਇਲ ਸਿਸਟਮ**

ਰੱਖਿਆ ਵਿਸ਼ਲੇਸ਼ਕ ਹੈਰਿਸਨ ਕਾਸ ਨੇ ਦਿ ਨੈਸ਼ਨਲ ਇੰਟਰੈਸਟ ਵਿੱਚ ਲਿਖਿਆ ਹੈ, "ਭਾਰਤ ਉਨ੍ਹਾਂ ਕੁਝ ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਕੋਲ ਐਂਟੀ-ਬੈਲਿਸਟਿਕ ਮਿਜ਼-ਾਇਲ ਸਿਸਟਮ ਹੈ। ਭਾਰਤ ਦੇ ਮਿਜ਼ਾਈਲ ਰੱਖਿਆ ਪ੍ਰਣਾਲੀ ਵਿੱਚ ਦੋ ਤਰ੍ਹਾਂ ਦੀਆਂ ਮਿਜ਼ਾਈਲਾਂ ਹਨ। ਪਹਿਲੀ ਪ੍ਰਿਥਵੀ ਏਅਰ ਡਿਫੈਂਸ (ਪੀਏਡੀ) ਮਿਜ਼ਾਈਲ ਹੈ, ਜੋ ਜ਼ਿਆਦਾ ਉਚਾਈ ਵਾਲੇ ਮਿਜ਼ਾਈਲ ਹਮਲਿਆਂ ਨੂੰ ਰੋਕਦੀ ਹੈ ਅਤੇ ਦੂਜੀ ਐਡਵਾਂਸਡ ਏਅਰ ਡਿਫੈਂਸ (ਏਏਡੀ) ਹੈ, ਜੋ ਘੱਟ ਉਚਾਈ ਵਾਲੇ ਮਿਜ਼ਾਈਲ ਹਮਲਿਆਂ ਨੂੰ ਰੋਕਦੀ ਹੈ।" "ਭਾਰਤ ਦੀ ਐਂਟੀ-ਬੈਲਿਸਟਿਕ ਮਿਜ਼ਾਇਲ ਪ੍ਰਣਾਲੀ ਤੋਂ ਘੱਟੋ-ਘੱਟ 5,000 ਕਿਲੋਮੀਟਰ ਦੀ ਦੂਰੀ ਤੋਂ ਆਉਣ ਵਾਲੇ ਮਿਜ਼ਾਇਲ ਹਮਲਿਆਂ ਨੂੰ ਰੋਕਣ ਦੇ ਸਮਰੱਥ ਹੋਣ ਦੀ ਉਮੀਦ ਹੈ।" ਭਾਰਤ ਨੇ ਰੂਸ ਨਾਲ ਮਿਲ ਕੇ ਬ੍ਰਹਮੋਸ ਅਤੇ ਬ੍ਰਹਮੋਸ-2 ਹਾਈਪਰਸੋਨਿਕ ਕਰੂਜ਼ ਮਿਜ਼ਾਇਲਾਂ ਵੀ ਵਿਕਸਤ ਕੀਤੀਆਂ ਹਨ ਅਤੇ ਇਨ੍ਹਾਂ ਨੂੰ ਜ਼ਮੀਨ, ਹਵਾ, ਸਮੁੰਦਰ ਅਤੇ ਉਪ-ਸਮੁੰਦਰੀ ਪਲੇਟਫਾਰਮਾਂ ਤੋਂ ਲਾਂਚ ਕੀਤਾ ਜਾ ਸਕਦਾ ਹੈ। ਹੈਰੀਸਨ ਕਾਸ ਕਹਿੰਦੇ ਹਨ, "ਭਾਰਤ ਕੋਲ ਰਵਾਇਤੀ ਅਤੇ ਪਰਮਾਣੂ ਹਥਿਆਰਾਂ ਨਾਲ ਲੈਸ ਮਿਜ਼ਾਇਲਾਂ ਦੇ ਕਈ ਬਦਲ ਹਨ। ਇਸ ਵਿੱਚ ਮਿਜ਼ਾਈਲ ਹਮਲਿਆਂ ਨੂੰ ਰੋਕਣ ਦੀ ਸਮਰੱਥਾ ਵੀ ਹੈ।"

ਦੂਜੇ ਪਾਸੇ, ਪਾਕਿਸਤਾਨ ਕੋਲ ਰਵਾਇਤੀ ਅਤੇ ਪਰਮਾਣੂ ਹਥਿਆਰਬੰਦ ਮਿਜ਼ਾਇਲਾਂ ਦੇ ਵੀ ਕਈ ਬਦਲ ਹਨ। ਕਿਹਾ ਜਾਂਦਾ ਹੈ ਕਿ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੇ ਖਤਰਿਆਂ ਨੂੰ ਦੇਖਦੇ ਹੋਏ ਆਪਣੀਆਂ ਮਿਜ਼ਾਇਲ ਸਮਰੱਥਾਵਾਂ ਨੂੰ ਅੱਗੇ ਵਧਾਇਆ ਹੈ। ਪਰ ਭਾਰਤ ਦੇ ਉਲਟ, ਪਾਕਿਸਤਾਨ ਕੋਲ ਆਈਸੀਬੀਐੱਮ ਦਾ ਬਦਲ ਨਹੀਂ ਹੈ। ਕਈ ਰੱਖਿਆ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਨੂੰ ਇਸ ਦੀ ਬਹੁਤੀ ਲੋੜ ਨਹੀਂ ਹੈ। ਚੀਨ ਅਤੇ ਭਾਰਤ ਵਿਚਕਾਰ ਜੰਗ ਹੋ ਚੁੱਕੀ ਹੈ ਅਤੇ ਭਾਰਤ ਇਸ ਹਿਸਾਬ ਨਾਲ ਵੀ ਆਪਣੀ ਰੱਖਿਆ ਸਮਰੱਥਾ ਦਾ ਵਿਕਾਸ ਕਰ ਰਿਹਾ ਹੈ। ਦੂਜੇ ਪਾਸੇ, ਪਾਕਿਸਤਾਨ ਇਸ ਵੇਲੇ ਸਿਰਫ਼ ਭਾਰਤ ਨੂੰ ਹੀ ਆਪਣਾ ਦੁਸ਼ਮਣ ਮੰਨਦਾ ਹੈ। ਹੈਰੀਸਨ ਕਾਸ ਦਾ ਕਹਿਣਾ ਹੈ, "ਪਾਕਿਸਤਾਨ ਨੂੰ ਭਾਰਤ ਲਈ ਆਈਸੀਬੀਐੱਮ ਦੀ ਬਹੁਤੀ ਜ਼ਰੂਰਤ ਨਹੀਂ ਹੈ। ਪਾਕਿਸਤਾਨ ਦੀ ਮਿਜ਼ਾਇਲ ਸਮਰੱਥਾ ਖੇਤਰੀ ਟੀਚਿਆਂ ਨੂੰ ਹਾਸਲ ਕਰਨ ਦੇ ਸਮਰੱਥ ਹੈ।"

**ਪਾਕਿਸਤਾਨ ਕੋਲ ਆਈਸੀਬੀਐੱਮ ਨਹੀਂ ਹਨ**

ਭਾਰਤ ਦੇ ਮਸ਼ਹੂਰ ਰੱਖਿਆ ਵਿਸ਼ਲੇਸ਼ਕ ਰਾਹੁਲ ਬੇਦੀ ਦਾ ਕਹਿਣਾ ਹੈ ਕਿ ਜੇਕਰ ਮਾਮਲਾ ਆਈਸੀਬੀਐੱਮ ਤੱਕ ਪਹੁੰਚਦਾ ਹੈ ਤਾਂ ਕੁਝ ਵੀ ਨਹੀਂ ਬਚੇਗਾ। ਰਾਹੁਲ ਬੇਦੀ ਕਹਿੰਦੇ ਹਨ, "ਆਈਸੀਬੀਐੱਮ ਦਾ ਉਡਾਣ ਸਮਾਂ 15 ਤੋਂ 20 ਸਕਿੰਟ ਹੈ। ਆਈਸੀਬੀਐੱਮ ਇੱਕ ਰਣਨੀਤਕ ਹਥਿਆਰ ਹੈ ਅਤੇ ਭਾਰਤ ਨੇ ਇਸ ਨੂੰ ਚੀਨ ਨੂੰ ਧਿਆਨ ਵਿੱਚ ਰੱਖ ਕੇ ਵਿਕਸਤ ਕੀਤਾ ਹੈ।" "ਪਾਕਿਸਤਾਨ ਕੋਲ ਆਈਸੀਬੀਐੱਮ ਨਹੀਂ ਹੈ। ਪਾਕਿਸਤਾਨ ਨੂੰ ਇਸ ਦੀ ਲੋੜ ਵੀ ਨਹੀਂ ਹੈ। ਪਾਕਿਸਤਾਨ ਦੀ ਪੂਰੀ ਤਿਆਰੀ ਭਾਰਤ ਨੂੰ ਲੈ ਕੇ ਹੈ ਜਦੋਂ ਕਿ ਭਾਰਤ ਦਾ ਮੁੱਖ ਧਿਆਨ ਚੀਨ ਤੇ ਹੈ। ਜਦੋਂ ਭਾਰਤ ਨੇ 1998 ਵਿੱਚ ਪਰਮਾਣੂ ਪ੍ਰੀਖਣ ਕੀਤੇ ਸਨ, ਤਾਂ ਅਟਲ ਬਿਹਾਰੀ ਵਾਜਪਾਈ ਨੇ ਬਿਲ ਕਲਿੰਟਨ ਨੂੰ ਲਿਖੇ ਇੱਕ ਪੱਤਰ ਵਿੱਚ ਇਹੀ ਗੱਲ ਕਹੀ ਸੀ।"



ਪਾਕਿਸਤਾਨ ਨੇ ਚੀਨ ਦੇ ਸਹਿਯੋਗ ਨਾਲ ਸ਼ਾਹੀਨ ਲੜੀ ਦੀਆਂ ਮਿਜ਼ਾਇਲਾਂ ਵਿਕਸਤ ਕੀਤੀਆਂ ਹਨ। ਪਾਕਿਸਤਾਨ ਦੀਆਂ ਸ਼ਾਹੀਨ ਮਿਜ਼ਾਈਲਾਂ ਵਿੱਚ ਛੋਟੀ, ਦਰਮਿਆਨੀ ਅਤੇ ਲੰਬੀ ਦੂਰੀ ਦੀ ਮਾਰ ਕਰਨ ਦੀ ਸਮਰੱਥਾ ਹੈ। ਪਾਕਿਸਤਾਨ ਐਂਟੀ-ਬੈਲਿਸਟਿਕ ਮਿਜ਼ਾਇਲ ਸਿਸਟਮ 'ਤੇ ਵੀ ਕੰਮ ਕਰ ਰਿਹਾ ਹੈ ਤਾਂ ਜੋ ਭਾਰਤ ਦੇ ਹਮਲਿਆਂ ਦਾ ਸਾਹਮਣਾ ਕੀਤਾ ਜਾ ਸਕੇ। ਹੈਰੀਸਨ ਦਾ ਕਹਿਣਾ ਹੈ ਕਿ ਪਾਕਿਸਤਾਨ ਕੋਲ ਐੱਚਕਿਊ-9ਬੀਈ ਹੈ, ਪਰ ਭਾਰਤ ਜੇਕਰ ਬ੍ਰਹਮੋਸ ਦੀ ਵਰਤੋਂ ਕਰੇਗਾ ਹੈ ਤਾਂ ਪਾਕਿਸਤਾਨ ਲਈ ਇਸ ਨੂੰ ਰੋਕਣਾ ਆਸਾਨ ਨਹੀਂ ਹੋਵੇਗਾ। ਪਾਕਿਸਤਾਨ ਸੰਸਦ ਵਿੱਚ ਬ੍ਰਹਮੋਸ ਸੁਪਰਸੋਨਿਕ ਮਿਜ਼ਾਇਲ ਨੂੰ ਲੈ ਕੇ ਵਿਰੋਧੀ ਧਿਰ ਦੇ ਸੰਸਦ ਮੈਂਬਰ ਚਿੰਤਾ ਪ੍ਰਗਟ ਕਰਦੇ ਰਹੇ ਹਨ। ਮਈ 2022 ਵਿੱਚ, ਭਾਰਤ ਨੇ ਕਿਹਾ ਕਿ ਉਸ ਦੀ ਇੱਕ ਮਿਜ਼ਾਇਲ ਗ਼ਲਤੀ ਨਾਲ ਪਾਕਿਸਤਾਨ ਵੱਲ ਦਾਗੀ ਗਈ ਸੀ। ਉਦੋਂ ਪਾਕਿਸਤਾਨ ਦੇ ਤਤਕਾਲੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਮੋਈਦ ਯੂਸਫ਼ ਨੇ ਕਿਹਾ ਸੀ, "ਇੱਕ ਸੁਪਰਸੋਨਿਕ ਪ੍ਰੋਜੈਕਟਾਈਲ 40 ਹਜ਼ਾਰ ਫੁੱਟ ਦੀ ਉਚਾਈ ਤੋਂ ਸਰਹੱਦ ਪਾਰ ਪਾਕਿਸਤਾਨ ਵਿੱਚ ਡਿੱਗਿਆ ਸੀ।" "ਮਿਜ਼ਾਇਲ ਅੰਤਰਰਾਸ਼ਟਰੀ ਅਤੇ ਘਰੇਲੂ ਵਪਾਰਕ ਏਅਰਲਾਈਨਾਂ ਦੇ ਰਸਤੇ ਦੇ ਨੇੜੇ ਤੋਂ ਲੰਘੀ। ਇਹ ਬਹੁਤ ਗ਼ੈਰ-ਜ਼ਿੰਮੇਵਾਰਾਨਾ ਹੈ ਕਿ ਪਾਕਿਸਤਾਨ ਨੂੰ ਭਾਰਤ ਨੇ ਇਸ ਬਾਰੇ ਸੂਚਿਤ ਵੀ ਨਹੀਂ ਕੀਤਾ ਸੀ।" ਪਾਕਿਸਤਾਨੀ ਅਧਿਕਾਰੀਆਂ ਨੇ ਕਿਹਾ ਸੀ ਕਿ ਇਹ ਮਿਜ਼ਾਇਲ ਭਾਰਤੀ ਸਰਹੱਦ ਤੋਂ 75 ਕਿਲੋਮੀਟਰ ਦੂਰ ਮੀਆਂ ਚਾਨੂ ਨਾਮਕ ਇੱਕ ਛੋਟੇ ਜਿਹੇ ਕਸਬੇ ਵਿਚ ਡਿੱਗੀ ਸੀ।

**ਇਸ ਵਾਰ ਕੀ ਹੋਇਆ?**

ਰਾਹੁਲ ਬੇਦੀ ਕਹਿੰਦੇ ਹਨ, "ਭਾਰਤ ਨੇ ਇਸ ਵਾਰ ਪਾਕਿਸਤਾਨ ਵਿੱਚ ਦਾਖ਼ਲ ਹੋ ਕੇ ਹਮਲਾ ਕਰਨ ਦੀ ਬਜਾਏ, ਭਾਰਤ ਨੇ ਆਪਣੇ ਹੀ ਖੇਤਰ ਤੋਂ ਹਮਲਾ ਕੀਤਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵਾਰ ਭਾਰਤ ਨੇ ਪਾਕਿਸਤਾਨ ਦੀ ਮੁੱਖ ਭੂਮੀ ਪੰਜਾਬ ਵਿੱਚ ਹਮਲਾ ਕੀਤਾ ਹੈ।" ਭਾਰਤ ਅਤੇ ਪਾਕਿਸਤਾਨ ਦੀ ਮਿਜ਼ਾਇਲ ਸਮਰੱਥਾ ਬਾਰੇ ਰਾਹੁਲ ਬੇਦੀ ਕਹਿੰਦੇ ਹਨ, "ਭਾਰਤ ਕੋਲ ਬੀਐੱਮਡੀ ਸੀਲਸ ਯਾਨਿ ਬੈਲਿਸਟਿਕ ਮਿਜ਼ਾਇਲ ਡਿਫੈਂਸ ਹੈ ਅਤੇ ਪਾਕਿਸਤਾਨ ਕੋਲ ਇਹ ਨਹੀਂ ਹੈ।" "ਹਾਲਾਂਕਿ, ਬੀਐੱਮਡੀ ਹਮੇਸ਼ਾ 100 ਫੀਸਦ ਸਫਲ ਨਹੀਂ ਹੁੰਦੀ ਹੈ। ਅਸੀਂ ਇਹ ਇਜ਼ਰਾਈਲ ਵਿੱਚ ਦੇਖਿਆ ਜਿੱਥੇ ਉਨ੍ਹਾਂ ਦਾ ਆਇਰਨ ਡੋਮ ਕੁਝ ਮਾਮਲਿਆਂ ਵਿੱਚ ਅਸਫ਼ਲ ਰਿਹਾ। ਇਸ ਦੇ ਬਾਵਜੂਦ, ਬੀਐੱਮਡੀ ਸੀਲਸ ਵੱਡੇ ਹਮਲਿਆਂ ਨੂੰ ਰੋਕਣ ਵਿੱਚ ਉਪਯੋਗੀ ਹੋਣਗੇ।" ਰਾਹੁਲ ਬੇਦੀ ਕਹਿੰਦੇ ਹਨ, "ਭਾਰਤ ਕੋਲ ਸਟ੍ਰੈਟਿਜਿਕ ਅਤੇ ਕਨਵੈਂਸ਼ਨਲ ਦੋਵੇਂ ਤਰ੍ਹਾਂ ਦੀਆਂ ਮਿਜ਼ਾਇਲਾਂ ਹਨ। ਜਿਵੇਂ ਅਗਨੀ ਇੱਕ ਸਟ੍ਰੈਟਿਜਿਕ ਮਿਜ਼ਾਇਲ ਹੈ ਅਤੇ ਬ੍ਰਹਮੋਸ ਕਨਵੈਂਸ਼ਨਲ ਹੈ।" "ਜੇਕਰ ਅਸੀਂ ਉਨ੍ਹਾਂ ਦੀ ਤੁਲਨਾ ਪਾਕਿਸਤਾਨ ਦੀਆਂ ਗੌਰੀ ਅਤੇ ਬਾਬਰ ਨਾਲ ਕਰੀਏ, ਤਾਂ ਉਹ ਮਾਰਕ ਸਮਰੱਥਾ ਵਿੱਚ ਬਹੁਤ ਅੱਗੇ ਹਨ। ਭਾਰਤ ਦੀ ਨਿਗਰਾਨੀ ਪ੍ਰਣਾਲੀ ਵਿੱਚ ਵੀ ਹੁਣ ਸੁਧਾਰ ਹੋਇਆ ਹੈ।" ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਰਾਸ਼ਟਰੀ ਸੁਰੱਖਿਆ ਕੇਂਦਰ ਦੇ ਪ੍ਰੋਫ਼ੈਸਰ ਲਕਸ਼ਮਣ ਕੁਮਾਰ ਕਹਿੰਦੇ ਹਨ, "ਭਾਰਤ ਦਾ ਏਅਰ ਡਿਫੈਂਸ ਸਿਸਟਮ ਆਕਾਸ਼ ਅਤੇ ਐੱਸ-400 ਬਹੁਤ ਕੰਮ ਨਹੀਂ ਆਏਗਾ।" "ਪਾਕਿਸਤਾਨ ਕੋਲ ਇੰਨੇ ਪ੍ਰਭਾਵਸ਼ਾਲੀ ਏਅਰ ਡਿਫੈਂਸ ਸਿਸਟਮ ਨਹੀਂ ਹਨ। ਮੈਨੂੰ ਨਹੀਂ ਲੱਗਦਾ ਕਿ ਪਾਕਿਸਤਾਨ ਭਾਰਤੀ ਫੌਜੀ ਟਿਕਾਣਿਆਂ 'ਤੇ ਹਮਲਾ ਕਰੇਗਾ। ਇਹ ਯਕੀਨੀ ਹੈ ਕਿ ਉਹ ਜਵਾਬ ਦੇਵੇਗਾ।"

# 54 ਸਾਲਾਂ ਬਾਅਦ ਲੋਕਾਂ ਨੇ ਦੇਖਿਆ 'ਬਲੈਕ ਆਊਟ'




ਕਮਲਜੀਤ ਸਿੰਘ ਬਨਵੈਤ

ਨਵੀਂ ਪੀੜ੍ਹੀ ਨੂੰ ਸ਼ਾਇਦ ਬਲੈਕ ਆਊਟ ਦਾ ਪਤਾ ਨਾ ਹੋਵੇ ਕਿ ਇਹ ਕਿਸ ਬਲਾਅ ਦਾ ਨਾਂ ਹੈ। ਜਿਨ੍ਹਾਂ ਨੇ ਚੀਨ ਨਾਲ 1962 ਤੇ ਪਾਕਿਸਤਾਨ ਨਾਲ 1965 ਤੇ 1971 ਦੀਆਂ ਜੰਗਾਂ ਦੇਖੀਆਂ ਹਨ, ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਕਿਸ ਭਾਅ ਬੀਤਦੀ ਰਹੀ ਹੈ। ਅਸੀਂ ਆਪ ਰਾਤ ਨੂੰ ਘਰਾਂ ਤੋਂ ਬਾਹਰ ਖੇਤਾਂ ਵਿੱਚ ਜਾ ਕੇ ਸੌਂਦੇ ਰਹੇ ਹਾਂ। ਬਹੁਤ ਵਾਰ ਦੋ-ਦੋ, ਤਿੰਨ-ਤਿੰਨ ਫੁੱਟ ਡੂੰਘੀਆਂ ਖਾਈਆਂ-ਖਾਲਾਂ ਪੁੱਟ ਕੇ ਵੀ ਰਾਤਾਂ ਗੁਜ਼ਾਰਨੀਆਂ ਪਈਆਂ ਸਨ। ਚਿੱਟੇ ਘਰਾਂ ਉੱਤੇ ਹਰੇ ਕੱਪੜੇ ਪਾ ਦੇਣੇ ਤਾਂ ਕਿ ਦੁਸ਼ਮਣ ਦੇ ਜਹਾਜ਼ ਦੇ ਅੱਖੀਂ ਪਿੰਡ ਨਾ ਪੈ ਜਾਣ। ਰਾਤ ਵੇਲੇ ਬੱਤੀ ਜਗਾਉਣ ਦੀ ਆਗਿਆ ਤਾਂ ਬਿਲਕੁਲ ਨਹੀਂ ਸੀ ਹੁੰਦੀ। ਕਿਤੇ ਐਮਰਜੈਂਸੀ ਨੂੰ ਹੀ ਦੀਵਾ ਬੱਤੀ ਜਗਾਉਣੇ ਤਾਂ ਘਰਾਂ ਦੇ ਬੂਹੇ-ਬਾਰੀਆਂ ਬੰਦ ਕਰਨ ਤੋਂ ਅੱਗੇ ਸ਼ੀਸ਼ਾਂ ਵਿਚ ਵੀ ਕੱਪੜੇ ਲਾਉਣੇ ਪੈਂਦੇ ਸਨ। ਹੁਣ ਜਦੋਂ ਦੁਬਾਰਾ ਪਾਕਿਸਤਾਨ ਨਾਲ ਹਾਲਾਤ ਜੰਗ ਵਾਲੇ ਬਣੇ ਹਨ ਤਾਂ ਪਿਛਲੇ ਦਿਨੀਂ ਫ਼ਿਰੋਜ਼ਪੁਰ ਦੇ ਇਕ ਖ਼ਾਸ ਏਰੀਆ ਵਿਚ ਬਲੈਕ ਆਊਟ ਮੌਕ ਡਰਿਲ ਕੀਤੀ ਗਈ ਸੀ। ਹੁਣ ਕੇਂਦਰੀ ਗ੍ਰਹਿ ਮੰਤਰਾਲੇ ਨੇ 7 ਮਈ ਨੂੰ ਦੇਸ਼ ਭਰ ਵਿਚ ਸਿਵਲ ਡਿਫੈਂਸ ਮੌਕ ਡਰਿੱਲ ਕਰਨ ਦੇ ਹੁਕਮ ਦਿੱਤੇ ਹਨ। ਇਸ ਵਿਚ ਹਵਾਈ ਹਮਲਾ ਸਾਇਰਨ ਵੱਜਣਗੇ। ਹਮਲੇ ਦੀ ਸਥਿਤੀ ਵਿਚ ਬਚਾਅ ਲਈ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਪ੍ਰੈਕਟਿਸ ਕਰਵਾਈ ਜਾਵੇਗੀ।

ਇਹੋ ਜਿਹੀ ਮੌਕ ਡਰਿੱਲ 54 ਸਾਲਾਂ ਬਾਅਦ ਪਹਿਲੀ ਵਾਰ ਹੋ ਰਹੀ ਹੈ। ਇਸ ਦਾ ਮਕਸਦ ਇਹ ਹੈ ਕਿ ਲੋਕ ਦੁਸ਼ਮਣ ਦੇ ਹਮਲੇ ਦੀ ਸਥਿਤੀ ਵਿਚ ਖ਼ੁਦ ਨੂੰ ਬਚਾਅ ਸਕਣ। ਇਕ ਹੋਰ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਰਾਜਦੂਤ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪਾਕਿਸਤਾਨ ਉੱਤੇ ਹਮਲਾ ਕੀਤਾ ਗਿਆ ਜਾਂ ਉਸ ਦੇ ਪਾਣੀ ਦੇ ਮਹੱਤਵਪੂਰਨ ਵਹਾਅ ਦੀ ਸਪਲਾਈ ਰੋਕੀ ਤਾਂ ਉਹ ਪਰਮਾਣੂ ਹਮਲੇ ਸਮੇਤ ਪੂਰੀ ਤਾਕਤ ਨਾਲ ਜਵਾਬ ਦੇਵੇਗਾ। ਮੁਹੰਮਦ ਖ਼ਾਲਿਦ ਜਮਾਲੀ ਨੇ ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਤਾਸ' ਨੂੰ ਦਿੱਤੇ ਇੰਟਰਵਿਊ ਦੌਰਾਨ ਇਹ ਟਿੱਪਣੀ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਰਵਾਇਤੀ ਤੇ ਪਰਮਾਣੂ, ਦੋਹਾਂ ਤਰ੍ਹਾਂ ਦੀ ਤਾਕਤ ਦੀ ਪੂਰੀ ਵਰਤੋਂ ਕਰੇਗਾ। ਉਸ ਨੇ ਸਿੰਧੂ ਜਲ ਸਮਝੌਤੇ ਬਾਰੇ ਇਸਲਾਮਾਬਾਦ ਦੇ ਰੁਖ਼ ਨੂੰ ਦੁਹਰਾਇਆ ਜਿਹੜਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਕੁੜੱਤਣ ਦਾ ਕਾਰਨ ਬਣਿਆ ਹੈ। ਦੂਜੇ ਬੰਨੇ ਪਹਿਲਗਾਮ ਵਿਚ ਸੈਲਾਨੀਆਂ ਉੱਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਵਧ ਰਹੇ ਤਣਾਅ ਦੌਰਾਨ ਅਮਰੀਕਾ ਤੋਂ ਬਾਅਦ ਰੂਸ ਨੇ ਵੀ ਅੱਤਵਾਦ ਖ਼ਿਲਾਫ਼ ਭਾਰਤ ਦੇ ਹੱਕ ਵਿਚ ਖੜ੍ਹੇ ਹੋਣ ਦੀ ਗੱਲ ਕਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਟੈਲੀਫੋਨ 'ਤੇ ਗੱਲ ਹੋਈ ਹੈ। ਰੂਸੀ ਰਾਸ਼ਟਰਪਤੀ ਨੇ ਅੱਤਵਾਦ ਖ਼ਿਲਾਫ਼ ਭਾਰਤ ਨੂੰ ਪੂਰੀ ਮਦਦ ਦੇਣ ਦਾ ਭਰੋਸਾ ਦਿੱਤਾ। ਭਾਰਤ ਵੱਲੋਂ ਚਿਨਾਬ ਦਰਿਆ 'ਤੇ ਬਣੇ ਬਗਲੀਹਾਰ ਡੈਮ ਤੋਂ ਪਾਕਿਸਤਾਨ ਵੱਲ ਜਾਣ ਵਾਲੇ ਪਾਣੀ ਦੇ ਵਹਾਅ ਨੂੰ ਰੋਕਣ ਦੇ ਨਾਲ-ਨਾਲ ਲਹਿੰਦੇ ਪੰਜਾਬ ਤੇ ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਕੁਝ ਹਿੱਸਿਆਂ 'ਚ ਵਿਚ ਸੰਭਾਵੀ ਪਾਣੀ ਦੇ ਸੰਕਟ ਦਾ ਡਰ ਪੈਦਾ ਹੋ ਗਿਆ ਹੈ। ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ ਹੈ।

ਪਾਕਿਸਤਾਨ ਦੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦੇ ਅਨੁਸਾਰ ਚਿਨਾਬ ਦਰਿਆ 'ਤੇ ਹੈੱਡ ਮਰਾਲਾ ਵਿਖੇ ਪਾਣੀ ਦਾ ਵਹਾਅ ਪਿਛਲੇ 24 ਘੰਟਿਆਂ ਵਿਚ 87,200 ਤੋਂ ਘਟ ਕੇ ਸਿਰਫ਼ 10,800 ਕਿਊਸਕ ਰਹਿ ਗਿਆ ਹੈ। ਅਚਾਨਕ ਗਿਰਾਵਟ ਨੇ ਪਾਣੀ ਦੀ ਗੰਭੀਰ ਕਮੀ ਦੀ ਚਿੰਤਾ ਸਾਹਮਣੇ ਲਿਆਂਦੀ ਹੈ ਜਿਸ ਨਾਲ ਜਿਹਲਮ ਤੇ ਆਲੇ-ਦੁਆਲੇ ਦੇ ਖੇਤਰਾਂ ਵਿਚ ਸਿੰਚਾਈ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਵੱਲੋਂ ਜੇਹਲਮ ਦਰਿਆ ਦੀ ਸਹਾਇਕ ਨਦੀ ਗੁਰੇਜ਼ ਘਾਟੀ ਵਿਚ ਕਿਸ਼ਨ ਗੰਗਾ ਡੈਮ ਤੋਂ ਵੀ ਪਾਣੀ ਰੋਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕਿਸ਼ਨ ਗੰਗਾ ਤੋਂ ਵਹਾਅ ਵਿਚ ਕੋਈ ਵੀ ਰੁਕਾਵਟ ਉੱਤਰੀ ਪਾਕਿਸਤਾਨ ਦੇ ਪਹਿਲਾਂ ਤੋਂ ਪਾਣੀ ਦੇ ਸੰਕਟ ਵਾਲੇ ਖੇਤਰ ਵਿਚ ਸਥਿਤੀ ਨੂੰ ਹੋਰ ਵਿਗਾੜ ਸਕਦੀ ਹੈ। ਪਾਕਿਸਤਾਨ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਨੇ ਭਾਰਤ ਦੇ ਪਾਣੀ ਦੀ ਨਾਕਾਬੰਦੀ ਨੂੰ ਜਲ ਅੱਤਵਾਦੀ ਕਾਰਵਾਈ ਕਰਾਰ ਦਿੰਦਿਆਂ ਚੇਤਾਵਨੀ ਦਿੱਤੀ ਹੈ ਕਿ ਕੌਮਾਂਤਰੀ ਸਮਝੌਤਿਆਂ ਤਹਿਤ ਪਾਕਿ ਨੂੰ ਪਾਣੀ ਦੇ ਸਹੀ ਹਿੱਸੇ ਨੂੰ ਸੀਮਤ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਜੰਗ ਦੀ ਕਾਰਵਾਈ ਵਜੋਂ ਦੇਖਿਆ ਜਾਵੇਗਾ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਪਾਣੀ ਪਾਕਿ ਦੀ ਜੀਵਨ ਰੇਖਾ ਹੈ। ਭਾਰਤ ਸੰਧੀ ਦੀ ਉਲੰਘਣਾ ਕਰ ਰਿਹਾ ਹੈ। ਪਤਾ ਤਾਂ ਇਹ ਵੀ ਲੱਗਾ ਹੈ ਕਿ ਭਾਰਤ ਵੱਲੋਂ ਪਾਕਿਸਤਾਨ ਵੱਲ ਜਾਂਦਾ ਦਰਿਆਵਾਂ ਦਾ ਪਾਣੀ ਰੋਕਣ ਦੇ ਵਿਰੋਧ ਵਿਚ ਲਾਹੌਰ ਵਿਖੇ ਕਿਸਾਨਾਂ ਨੇ ਮਰਕਜ਼ੀ ਕਿਸਾਨ ਲੀਗ ਵੱਲੋਂ ਕੱਢੇ ਗਏ ਕਿਸਾਨ ਮਾਰਚ ਵਿਚ ਵੀ ਹਿੱਸਾ ਲਿਆ। ਲਾਹੌਰ ਦੇ ਮਾਲ ਰੋਡ 'ਤੇ ਕੀਤੇ ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਮੁੰਬਈ ਹਮਲਿਆਂ ਦੇ ਸਾਜ਼ਿਸ਼ਕਾਰ ਹਾਫ਼ਿਜ਼ ਸਈਅਦ ਦੇ ਅੱਤਵਾਦੀ ਸਮੂਹ ਜਮਾਤ-ਉਦ-ਦਾਵਾ ਦੇ ਸਿਆਸੀ ਸੰਗਠਨ ਪੀਐੱਮਐੱਲ ਦੇ ਪ੍ਰਧਾਨ ਖ਼ਾਲਿਦ ਮਹਿਸੂਲ ਨੇ ਕੀਤੀ। ਉਸ ਨੇ ਵੀ ਆਪਣੇ ਭਾਸ਼ਣ ਵਿਚ ਭਾਰਤ ਨੂੰ ਪਾਕਿ ਦੇ ਪਾਣੀ ਨੂੰ ਰੋਕਣ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਚੇਤਾਵਨੀ ਦਿੱਤੀ ਹੈ। ਪਾਕਿਸਤਾਨ ਵਿਚ ਝੋਨੇ ਹੇਠਲਾ ਰਕਬਾ 21 ਫ਼ੀਸਦੀ ਘਟਣ ਦੇ ਆਸਾਰ ਬਣ ਗਏ ਹਨ।

ਪਾਣੀ ਬੰਦ ਰਿਹਾ ਤਾਂ ਚਾਰ ਦਿਨਾਂ ਬਾਅਦ 24 ਸ਼ਹਿਰਾਂ ਵਿਚ ਤਿੰਨ ਕਰੋੜ ਪਾਕਿਸਤਾਨੀ ਪਾਣੀ ਨੂੰ ਤਰਸਣਗੇ। ਚਿਨਾਬ ਨਦੀ ਵਿਚ ਪਾਣੀ ਦਾ ਪੱਧਰ ਘਟ ਕੇ 15 ਫੁੱਟ ਰਹਿ ਗਿਆ ਹੈ ਜਿਹੜਾ ਕਿ ਦੋ ਦਿਨ ਪਹਿਲਾਂ ਨਾਲੋਂ ਸੱਤ ਫੁੱਟ ਘੱਟ ਦੱਸਿਆ ਜਾਂਦਾ ਹੈ। ਪਾਕਿਸਤਾਨ ਦੀ 80 ਫ਼ੀਸਦੀ ਖੇਤੀ ਭਾਰਤ ਵੱਲੋਂ ਛੱਡੇ ਜਾਂਦੇ ਪਾਣੀ ਉੱਤੇ ਨਿਰਭਰ ਹੈ।

ਕਸ਼ਮੀਰ ਵਾਦੀ ਵਿਚ ਪੁਲਿਸ ਨੇ ਅੱਤਵਾਦੀਆਂ ਨੂੰ ਸ਼ਰਨ ਦੇਣ ਵਾਲਿਆਂ ਨਾਲ ਵੀ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਇਸੇ ਦੌਰਾਨ ਪਤਾ ਲੱਗਾ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਸੈਲਾਨੀਆਂ ਦੀ ਗਿਣਤੀ 85 ਫ਼ੀਸਦੀ ਘਟ ਗਈ ਹੈ। ਹਮਲੇ ਤੋਂ ਪਹਿਲਾਂ ਹਰ ਰੋਜ਼ 7 ਹਜ਼ਾਰ ਸੈਲਾਨੀ ਕਸ਼ਮੀਰ ਪੁੱਜਦੇ ਸਨ ਜਦਕਿ ਹੁਣ ਇਹ ਗਿਣਤੀ 1000 ਤੋਂ ਵੀ ਘਟ ਗਈ ਹੈ। ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ। ਗੱਲਬਾਤ ਨਾਲ ਵੱਡੇ ਤੋਂ ਵੱਡੇ ਮਸਲੇ ਸੁਲਝ ਜਾਂਦੇ ਹਨ। ਇਤਿਹਾਸ ਇਸ ਦਾ ਗਵਾਹ ਹੈ। ਪਹਿਲਾਂ ਵੀ ਪਾਕਿਸਤਾਨ ਅਤੇ ਭਾਰਤ ਦਰਮਿਆਨ ਦੋ ਜੰਗਾਂ ਤੋਂ ਬਾਅਦ ਤਾਣੀ ਮੇਜ਼ ਉੱਤੇ ਆ ਕੇ ਹੀ ਸੁਲਝੀ ਸੀ। ਪਰ ਇਕ ਮਜ਼ਬੂਤ ਪੱਖ ਇਹ ਵੀ ਹੈ ਕਿ ਪਾਕਿਸਤਾਨ ਦੇ ਭਾਰਤ ਪ੍ਰਤੀ ਜਿਸ ਤਰ੍ਹਾਂ ਦੇ ਬੇਈਮਾਨ ਇਰਾਦੇ ਹਨ, ਉਨ੍ਹਾਂ ਨੂੰ ਦੇਖਦੇ ਹੋਏ ਉਸ ਨੂੰ ਸਬਕ ਸਿਖਾਉਣ ਤੋਂ ਉਰੇ ਸਰਦਾ ਵੀ ਨਹੀਂ ਲੱਗਦਾ ਹੈ। ਸਿਆਸਤਦਾਨਾਂ ਦੀ ਸੌੜੀ ਰਾਜਨੀਤੀ ਵਿਚ ਖ਼ੂਨ ਆਮ, ਮਾਸੂਮ ਅਤੇ ਬੇਕਸੂਰ ਲੋਕਾਂ ਦਾ ਵਹਿ ਰਿਹਾ ਹੈ।

ਦੋਹਾਂ ਮੁਲਕਾਂ ਦੇ ਉੱਚੀ-ਸੁੱਚੀ ਸੋਚ ਵਾਲੇ ਲੋਕ ਰਿਸ਼ਤੇ ਨਿੱਘੇ ਤੇ ਦੋਸਤਾਨਾ ਲੋਚਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਦੋਹਾਂ ਦੇਸ਼ਾਂ ਦੀ ਵੰਡ ਹੋਣ ਤੋਂ ਬਾਅਦ ਵੀ ਜ਼ਮੀਨ 'ਤੇ ਲਕੀਰਾਂ ਤਾਂ ਖਿੱਚੀਆਂ ਗਈਆਂ ਹਨ ਪਰ ਉਨ੍ਹਾਂ ਦੇ ਦਿਲਾਂ ਨੂੰ ਵੰਡਿਆ ਨਹੀਂ ਜਾ ਸਕਿਆ ਹੈ। ਨਾ ਬੋਲੀ ਵੰਡੀ ਗਈ ਹੈ, ਨਾ ਸੱਭਿਆਚਾਰ ਅਤੇ ਨਾ ਹੀ ਇਕ ਦੂਜੇ ਦੇ ਦੁੱਖ-ਦਰਦ ਅੱਡ ਹੋਏ ਹਨ।

# ਪਾਕਿਸਤਾਨ ਜਿਹੀ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾਵੇ



ਜਯੋਤੀ ਮਲਹੋਤਰਾ



ਅਮਰੀਕੀਆਂ ਨੇ ਮੁੜ ਉਹ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਜੋ ਉਹ ਹਮੇਸ਼ਾ ਬਾਖ਼ੂਬੀ ਕਰਦੇ ਆ ਰਹੇ ਹਨ; ਭਾਵ, ਪਹਿਲਗਾਮ ਕਤਲੇਆਮ ਉੱਪਰ ਮੱਧ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਨਾ। ਇੱਕ ਪਾਸੇ ਉਹ ਆਖ ਰਹੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੀ ਪੂਰੀ ਹਮਾਇਤ ਹੈ ਪਰ ਨਾਲ ਹੀ ਉਹ ਪਾਕਿਸਤਾਨ ਦੀ ਬਹੁਤੀ ਆਲੋਚਨਾ ਕਰਨ ਤੋਂ ਵੀ ਬਚ ਰਹੇ ਹਨ। ਆਖ਼ਿਰਕਾਰ, ਜਿਵੇਂ ਵਾਸ਼ਿੰਗਟਨ ਡੀਸੀ ਵਿੱਚ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਜੇ ਤੁਸੀਂ ਕਿਸੇ 'ਤੇ ਹਮਲੇ ਨੂੰ ਸ਼ਹਿ ਦੇਣ ਦਾ ਦੋਸ਼ ਲਾ ਰਹੇ ਹੋ, ਤੁਸੀਂ ਉਸ ਤੋਂ ਮਦਦ ਦੀ ਉਮੀਦ ਕਿਵੇਂ ਕਰ ਸਕਦੇ ਹੋ?

ਸਿਰੇ ਦੀ ਗੱਲ ਇਹ ਹੈ, ਕੋਈ ਭੁਲੇਖਾ ਨਾ ਖਾ ਬੈਠਣਾ, ਜੰਗ ਕੋਈ ਵੀ ਨਹੀਂ ਚਾਹੁੰਦਾ। ਨਾ ਅਮਰੀਕਨ, ਨਾ ਯੂਰੋਪੀਅਨ। ਰੂਸੀਆਂ ਨੂੰ ਬਹੁਤਾ ਫ਼ਰਕ ਨਹੀਂ ਪੈਂਦਾ- ਉਹ ਤਿੰਨ ਸਾਲਾਂ ਤੋਂ ਜੰਗ ਲੜ ਰਹੇ ਹਨ ਅਤੇ ਬਹੁਤ ਸਾਰੇ ਸੈਨਿਕ ਮਰਵਾ ਬੈਠੇ ਹਨ ਪਰ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਦੇ ਇੱਕ ਹਿੱਸੇ ਨੂੰ ਵੱਢ ਮਾਰਨ ਦਾ ਤਹੱਈਆ ਕੀਤਾ ਹੋਇਆ ਹੈ। ਜਿੱਥੋਂ ਤੱਕ ਚੀਨੀਆਂ ਦਾ ਤਾਅਲੁਕ ਹੈ ਤਾਂ ਉਹ ਜੰਗ ਦੇ ਹੱਕ ਵਿੱਚ ਨਹੀਂ ਹਨ ਕਿਉਂਕਿ ਜਿਵੇਂ ਜੈਬੀਨ ਟੀ ਜੈਕਬ ਨੇ ਇਨ੍ਹਾਂ ਕਾਲਮਾਂ ਵਿੱਚ ਲਿਖਿਆ ਸੀ ਕਿ ਉਹ ਸਗੋਂ ਚਾਹੁੰਦੇ ਹੋਣਗੇ ਕਿ ਜੰਗ ਤੋਂ ਉਰੇ, ਭਾਰਤ ਤੇ ਪਾਕਿਸਤਾਨ ਵਿਚਕਾਰ ਤਣਾਅ ਜਾਰੀ ਰਹੇ ਜਿਸ ਨਾਲ ਉਹ ਹੌਲੀ-ਹੌਲੀ ਆਪੋ-ਆਪਣਾ ਸਾਹ ਸਤ ਗੁਆ ਬੈਠਣ।

ਪਹਿਲਗਾਮ ਤੋਂ ਬਾਅਦ ਦੀਆਂ ਘਟਨਾਵਾਂ ਵੀ ਯਕੀਨਨ ਗ਼ੈਰ-ਮਾਮੂਲੀ ਹਨ। ਪਹਿਲਾ, ਪਹਿਲਗਾਮ ਵਿੱਚ ਬੇਕਸੂਰ ਸਿਵਲੀਅਨ ਮਾਰੇ ਗਏ ਹਨ; 2016 ਦੇ ਉੜੀ ਅਤੇ 2019 ਦੇ ਪੁਲਵਾਮਾ ਹਮਲੇ ਵੇਲੇ ਸੁਰੱਖਿਆ ਕਰਮੀਆਂ ਦੀਆਂ ਜਾਨਾਂ ਗਈਆਂ ਸਨ। ਭਾਰਤ ਨੇ ਅਸਲ ਕੰਟਰੋਲ ਰੇਖਾ ਦੇ ਪਾਰ 'ਸਰਜੀਕਲ ਸਟ੍ਰਾਈਕ' ਕਰ ਕੇ ਉੜੀ ਹਮਲੇ ਅਤੇ ਬਾਲਾਕੋਟ ਵਿੱਚ ਦਹਿਸ਼ਤਗਰਦਾਂ ਦੇ ਕੈਂਪ 'ਤੇ ਹਵਾਈ ਹਮਲਾ ਕਰ ਕੇ ਪੁਲਵਾਮਾ ਹਮਲੇ ਦਾ ਜਵਾਬ ਦਿੱਤਾ ਸੀ। ਦੂਜਾ, ਭਾਰਤ ਤੇ ਪਾਕਿਸਤਾਨ ਵਿਚਕਾਰ ਪਹਿਲਾਂ ਹੋਈਆਂ ਸਾਰੀਆਂ ਜੰਗਾਂ ਵਿੱਚ ਭਾਰਤ ਨੇ ਜਿੱਤ ਹਾਸਲ ਕੀਤੀ ਸੀ ਹਾਲਾਂਕਿ ਗੋਲੀਬਾਰੀ ਦੀ ਸ਼ੁਰੂਆਤ ਕਦੇ ਵੀ ਭਾਰਤ ਨੇ ਨਹੀਂ ਕੀਤੀ ਸੀ।

ਐਤਕੀਂ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ ਬਹੁਤ ਜ਼ਿਆਦਾ ਪ੍ਰਚਾਰਿਆ ਹੈ। ਇਹ ਵਾਅਦਾ ਕਰਨਾ ਕਿ ਜਿਨ੍ਹਾਂ ਨੇ ਇਹ ਹਮਲਾ ਕੀਤਾ ਹੈ, ਉਨ੍ਹਾਂ ਦਹਿਸ਼ਤਗਰਦਾਂ ਨੂੰ ਲੱਭਣ ਲਈ ਦੁਨੀਆ ਦੇ ਆਖ਼ਿਰੀ ਕੋਨੇ ਤੱਕ ਜਾਵਾਂਗੇ, ਤੋਂ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਇਹ ਕਹਿਣਾ ਕਿ "ਚੁਨ ਚੁਨ ਕੇ ਜਵਾਬ ਦੀਆ ਜਾਏਗਾ", ਤੋਂ ਜਾਪਦਾ ਹੈ ਕਿ ਸਰਕਾਰ ਬਦਲਾ ਲਵੇਗੀ।

ਸਾਫ਼ ਜ਼ਾਹਿਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਪਾਕਿਸਤਾਨ ਦਾ ਵਿਹਾਰ ਹਮੇਸ਼ਾ ਲਈ ਬਦਲਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਅਤੇ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਜਪਾ ਤੇ ਕਾਂਗਰਸ ਦੀਆਂ ਦੋਵੇਂ ਸਰਕਾਰਾਂ ਨੇ ਕਈ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਸੀ। ਕਾਰਗਿਲ ਵਿੱਚ ਲੜਾਈ ਲੜਨ ਤੋਂ ਲੈ ਕੇ ਆਗਰਾ ਵਿੱਚ ਪਰਵੇਜ਼ ਮੁਸ਼ੱਰਫ਼ ਨੂੰ ਵਾਰਤਾ ਲਈ ਸੱਦਣਾ ਪਰ ਫਿਰ ਉਸ ਨਾਲ ਵਿਆਪਕ ਸਮਝੌਤਾ ਕਰਨ ਤੋਂ ਪੈਰ ਪਿਛਾਂਹ ਖਿੱਚ ਲੈਣੇ, ਮੁੰਬਈ ਹਮਲੇ ਤੋਂ ਬਾਅਦ ਸਬੰਧ ਤੋੜ ਲੈਣ ਅਤੇ ਫਿਰ ਦਿੱਲੀ ਤੋਂ ਵਿਸ਼ੇਸ਼ ਉਡਾਣ ਰਾਹੀਂ ਵਿਦੇਸ਼ ਮੰਤਰੀ ਨੂੰ ਰਾਵਲਪਿੰਡੀ ਭੇਜਣਾ- ਪਿਛਲੇ ਕਰੀਬ 30 ਸਾਲਾਂ ਦੌਰਾਨ ਲਗਭਗ ਸਭ ਕੁਝ ਅਜ਼ਮਾ ਕੇ ਦੇਖਿਆ ਗਿਆ ਹੈ। ਸਵਾਲ ਇਹ ਹੈ ਕਿ ਪਾਕਿਸਤਾਨ ਜਿਹੀ ਸਮੱਸਿਆ ਨੂੰ ਕਿਵੇਂ ਸੁਲਝਾਇਆ ਜਾਵੇ?

ਹਰੇਕ ਪ੍ਰਧਾਨ ਮੰਤਰੀ ਨੂੰ ਇਸ ਸਵਾਲ ਨਾਲ ਜੂਝਣਾ ਪਿਆ ਹੈ ਤੇ ਇਵੇਂ ਹੀ ਮੋਦੀ ਵੀ ਇਹ ਸਮਝਦੇ ਹਨ ਕਿ ਜਿਵੇਂ ਉਹ ਆਪਣੇ ਪੱਛਮੀ ਗੁਆਂਢੀ ਨਾਲ ਸਿੱਝਣਗੇ, ਉਸ ਨਾਲ ਉਨ੍ਹਾਂ ਦੀ ਵਿਰਾਸਤ ਉੱਪਰ ਅਸਰ ਪਵੇਗਾ। ਉਨ੍ਹਾਂ 2014 ਵਿੱਚ ਨਾ ਕੇਵਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਦਿੱਲੀ ਸੱਦ ਕੇ ਹੱਥ ਮਿਲਾਉਣ ਨਾਲ ਸ਼ੁਰੂਆਤ ਕਰਨ ਦੀ ਕੋਸ਼ਿਸ਼ ਕੀਤੀ ਸੀ ਸਗੋਂ 2015 ਵਿੱਚ ਉਨ੍ਹਾਂ ਨੂੰ ਮਿਲਣ ਵੀ ਪਹੁੰਚ ਗਏ ਸਨ। ਅਗਲੇ ਕੁਝ ਦਿਨ ਅਤੇ ਹਫ਼ਤੇ ਉਨ੍ਹਾਂ ਲਈ ਬਹੁਤ ਭਾਰੀ ਗੁਜ਼ਰੇ ਸਨ।

ਅਮਰੀਕੀ ਕਾਰਕ ਬਹੁਤ ਅਹਿਮ ਹੈ। ਉਹ ਇਕਮਾਤਰ ਸ਼ਕਤੀ ਹੈ ਜੋ ਭਾਰਤ ਤੇ ਪਾਕਿਸਤਾਨ, ਦੋਵਾਂ ਤੋਂ ਅਹਿਮ ਖ਼ਰੀਦਦਾਰੀ ਕਰਦੀ ਹੈ ਤੇ ਟਰੰਪ ਪ੍ਰਸ਼ਾਸਨ ਦਾ ਦੋਵਾਂ ਧਿਰਾਂ ਨਾਲ ਚੰਗਾ ਰਾਬਤਾ ਹੋਣ ਕਰ ਕੇ ਠੰਢ-ਠੰਢਾਅ ਹੋਣ ਦੀ ਆਸ ਰੱਖੀ ਜਾਂਦੀ ਹੈ ਪਰ ਤੱਥ ਇਹ ਹੈ ਕਿ ਕੋਈ ਵੀ ਵਿਸ਼ੇਸ਼ ਅਮਰੀਕੀ ਦੂਤ ਆਪਣਾ ਸੂਟਕੇਸ ਭਰ ਕੇ ਨਵੀਂ ਦਿੱਲੀ ਤੇ ਇਸਲਾਮਾਬਾਦ ਲਈ ਰਵਾਨਾ ਨਹੀਂ ਹੋਇਆ- ਹਾਲਾਂਕਿ ਨਵੀਂ ਦਿੱਲੀ ਜ਼ਾਹਿਰਾ ਤੌਰ 'ਤੇ ਤੀਜੀ ਧਿਰ ਦੇ ਵਿਚਾਰ ਨੂੰ ਰੱਦ ਕਰਦੀ ਰਹੀ ਹੈ ਪਰ ਇਸ ਤੋਂ ਸੰਕੇਤ ਮਿਲਦਾ ਹੈ ਕਿ ਵਾਸ਼ਿੰਗਟਨ ਡੀਸੀ ਸਾਹਮਣੇ ਹੋਰ ਬਹੁਤ ਸਾਰੇ ਖਲਾਰੇ ਪਏ ਹੋਏ ਹਨ ਜਿਨ੍ਹਾਂ ਵਿੱਚ ਭਾਰਤ ਅਤੇ ਦੁਨੀਆ ਦੇ ਕਈ ਹੋਰ ਦੇਸ਼ਾਂ ਨਾਲ ਕੀਤੀਆਂ ਜਾਣ ਵਾਲੀਆਂ ਵਪਾਰ ਸੰਧੀਆਂ ਦਾ ਮਾਮਲਾ ਸ਼ਾਮਿਲ ਹੈ।

ਦਰਅਸਲ, ਇਹ ਤਵੱਕੋ ਕੀਤੀ ਜਾ ਰਹੀ ਹੈ ਕਿ ਭਾਰਤ ਹੀ ਉਹ ਦੇਸ਼ ਹੈ ਜਿਸ ਵਲੋਂ ਸਭ ਤੋਂ ਪਹਿਲਾਂ ਅਮਰੀਕਾ ਨਾਲ ਦੁਵੱਲੀ ਵਪਾਰ ਸੰਧੀ ਸਹੀਬੰਦ ਕੀਤੀ ਜਾ ਸਕਦੀ ਹੈ। ਇਸ ਨਾਲ ਕੁਝ ਹੱਦ ਤੱਕ ਆਰਥਿਕ ਬੇਚੈਨੀ ਸ਼ਾਂਤ ਹੋ ਸਕਦੀ ਹੈ ਜਿਸ ਨੂੰ ਲੈ ਕੇ ਪਹਿਲਗਾਮ ਹਮਲੇ ਤੋਂ ਪਹਿਲਾਂ ਬਹੁਤ ਚਰਚਾ ਚੱਲ ਰਹੀ ਸੀ। ਫਿਰ ਡੋਨਲਡ ਟਰੰਪ ਦੀਆਂ ਪਹਿਲਗਾਮ ਬਾਰੇ ਸ਼ੁਰੂਆਤੀ ਟਿੱਪਣੀਆਂ ਵੱਲ ਗ਼ੌਰ ਕਰੋ, ਉਨ੍ਹਾਂ ਹਫ਼ਤਾ ਕੁ ਪਹਿਲਾਂ ਪੱਤਰਕਾਰਾਂ ਨੂੰ ਕਿਹਾ ਸੀ, "ਮੈਂ ਭਾਰਤ ਦੇ ਬਹੁਤ ਕਰੀਬ ਹਾਂ ਤੇ ਜਿਵੇਂ ਤੁਸੀਂ ਜਾਣਦੇ ਹੋ, ਮੈਂ ਪਾਕਿਸਤਾਨ ਦੇ ਵੀ ਬਹੁਤ ਨੇੜੇ ਹਾਂ; ਤੇ ਉਹ ਪਿਛਲੇ ਹਜ਼ਾਰ ਸਾਲ ਤੋਂ ਕਸ਼ਮੀਰ ਵਿੱਚ ਲੜਦੇ ਰਹੇ ਹਨ ਅਤੇ ਆਉਣ ਵਾਲੇ ਹਜ਼ਾਰ ਸਾਲ ਤੱਕ ਜਾਂ ਇਸ ਤੋਂ ਵੀ ਜ਼ਿਆਦਾ ਅਰਸੇ ਤੱਕ ਲੜਦੇ ਰਹਿਣਗੇ…।"

ਉਂਝ, ਜਿਵੇਂ ਹੀ ਦਿੱਲੀ ਦਾ ਮੁਹਾਵਰਾ ਤੇਜ਼ ਹੋਇਆ ਜਿਸ ਨਾਲ ਦੇਸ਼ ਭਰ ਵਿੱਚ ਗ਼ਮਗੀਨ ਪਰਿਵਾਰਾਂ ਦੇ ਦੁੱਖ ਦੀ ਗੂੰਜ ਪਈ ਤਾਂ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਦੀਆਂ ਸੰਜੀਦੀਆਂ ਟਿੱਪਣੀਆਂ ਤੋਂ 1999 ਦੀ ਕਾਰਗਿਲ ਜੰਗ ਵੇਲੇ ਬਿਲ ਕਲਿੰਟਨ ਦੀ ਘਬਰਾਹਟ ਦੀ ਅੱਕਾਸੀ ਹੋ ਗਈ ਜਦੋਂ ਉਨ੍ਹਾਂ ਕਿਹਾ ਸੀ ਕਿ ਇਹ ਟਕਰਾਅ ਪਰਮਾਣੂ ਭੜਕਾਹਟ ਵਿੱਚ ਬਦਲ ਸਕਦਾ ਹੈ।

ਲੰਘੇ ਵੀਰਵਾਰ ਫੌਕਸ ਨਿਊਜ਼ 'ਤੇ ਵੈਂਸ ਦੀਆਂ ਟਿੱਪਣੀਆਂ ਉਸੇ ਅਤੀਤ ਦੀ ਯਾਦ ਕਰਾਉਂਦੀਆਂ ਹਨ। ਉਨ੍ਹਾਂ ਕਿਹਾ, "ਯਕੀਨਨ, ਮੈਂ ਇਸ ਗੱਲ ਨੂੰ ਲੈ ਕੇ ਚਿੰਤਤ ਹਾਂ ਕਿ ਦੋ ਪਰਮਾਣੂ ਸ਼ਕਤੀਆਂ ਵਿਚਕਾਰ ਕਿਸੇ ਵੀ ਸਮੇਂ ਯੁੱਧ ਭੜਕ ਸਕਦਾ ਹੈ।" ਉਨ੍ਹਾਂ ਅੱਗੇ ਕਿਹਾ, "ਸਾਨੂੰ ਉਮੀਦ ਹੈ ਕਿ ਭਾਰਤ ਇਸ ਹਮਲੇ 'ਤੇ ਇਸ ਢੰਗ ਨਾਲ ਪ੍ਰਤੀਕਿਰਿਆ ਕਰੇਗਾ ਕਿ ਕੋਈ ਵਡੇਰਾ ਖੇਤਰੀ ਟਕਰਾਅ ਸ਼ੁਰੂ ਨਾ ਹੋ ਸਕੇ… ਤੇ ਸਾਨੂੰ ਇਹ ਵੀ ਉਮੀਦ ਹੈ ਕਿ ਪਾਕਿਸਤਾਨ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਭਾਰਤ ਨਾਲ ਸਹਿਯੋਗ ਕਰ ਕੇ ਇਹ ਯਕੀਨੀ ਬਣਾਵੇ ਕਿ ਉਨ੍ਹਾਂ ਦਹਿਸ਼ਤਗਰਦਾਂ ਦੀ ਤਲਾਸ਼ ਕੀਤੀ ਜਾਵੇ ਤੇ ਉਨ੍ਹਾਂ ਨਾਲ ਸਿੱਝਿਆ ਜਾਵੇ ਜੋ ਕਦੇ ਕਦਾਈਂ ਉਨ੍ਹਾਂ ਦੇ ਖੇਤਰ ਵਿੱਚ ਵਿਚਰਦੇ ਹਨ…।"

ਇਸ ਨੂੰ ਕੀ ਆਖਿਆ ਜਾਵੇ, ਅੱਧਾ ਭਰਿਆ ਹੋਇਆ ਜਾਂ ਅੱਧਾ ਖਾਲੀ ਗਲਾਸ? ਦੋਵੇਂ ਧਿਰਾਂ ਨਾਲ ਖੇਡਣ ਵਾਲੀਆਂ ਸਾਰੀਆਂ ਵੱਡੀਆਂ ਸ਼ਕਤੀਆਂ ਵਾਂਗ ਹੀ ਵੈਂਸ ਨੇ ਭਾਰਤ ਨਾਲ ਹਮਦਰਦੀ ਵੀ ਜਤਾ ਦਿੱਤੀ ਪਰ ਨਾਲ ਧੀਰਜ ਰੱਖਣ ਦੀ ਨਸੀਹਤ ਵੀ ਦੇ ਦਿੱਤੀ। ਇਸੇ ਦੌਰਾਨ ਉਹ ਪਾਕਿਸਤਾਨ ਨੂੰ ਕਹਿ ਰਹੇ ਨੇ ਕਿ ਭਾਰਤ ਨਾਲ ਸਹਿਯੋਗ ਕਰੇ ਜਦੋਂਕਿ ਉਨ੍ਹਾਂ ਕੌਮਾਂਤਰੀ ਜਾਂਚ ਦੀ ਮੰਗ ਤੋਂ ਦੂਰੀ ਬਣਾਈ ਹੋਈ ਹੈ ਜਿਸ ਦੀ ਪਾਕਿਸਤਾਨ ਮੰਗ ਕਰ ਰਿਹਾ ਹੈ। ਉਂਝ, ਇਹ ਗੱਲ ਵੀ ਦੇਖਣ ਵਾਲੀ ਹੈ ਕਿ ਵੈਂਸ ਇਸ ਗੱਲ ਦੇ ਕਾਇਲ ਨਹੀਂ ਕਿ ਦਹਿਸ਼ਤਗਰਦ ਹਮੇਸ਼ਾ ਪਾਕਿਸਤਾਨੀ ਜ਼ਮੀਨ ਤੋਂ ਅਪਰੇਟ ਕਰਦੇ ਹਨ, ਉਹ "ਕਦੇ ਕਦਾਈਂ" ਕਹਿ ਰਹੇ ਹਨ।

ਜਿੱਥੋਂ ਤੱਕ ਅਰਬ ਜਗਤ ਦਾ ਤਾਅਲੁਕ ਹੈ, ਪਿਛਲੇ ਦਸ ਦਿਨਾਂ ਵਿਚ ਸਾਊਦੀ ਅਰਬ ਦੀ ਪ੍ਰਤੀਕਿਰਿਆ ਕਾਫ਼ੀ ਉੱਘੜ ਕੇ ਸਾਹਮਣੇ ਆਈ ਹੈ- ਯਾਦ ਰੱਖੋ ਕਿ ਜਦੋਂ ਕਤਲੇਆਮ ਹੋਇਆ ਸੀ, ਉਦੋਂ ਪ੍ਰਧਾਨ ਮੰਤਰੀ ਮੋਦੀ ਰਿਆਧ ਪਹੁੰਚੇ ਹੋਏ ਸਨ। ਉਸ ਸਮੇਂ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਅਤੇ ਮੋਦੀ ਦੇ ਸਾਂਝੇ ਬਿਆਨ ਵਿੱਚ ਸਰਹੱਦ ਪਾਰ ਦਹਿਸ਼ਤਗਰਦੀ ਦੀ ਨਿਖੇਧੀ ਕੀਤੀ ਗਈ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਕਿਸੇ ਵੀ ਕਿਸਮ ਦੀ ਦਹਿਸ਼ਤੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਹੁਣ ਪਾਕਿਸਤਾਨ ਇਹ ਚਾਹੁੰਦਾ ਸੀ ਕਿ ਮਾਮਲੇ ਦਾ ਕੌਮਾਂਤਰੀਕਰਨ ਕੀਤਾ ਜਾਵੇ; ਇਸ ਦੇ ਨਾਲ ਹੀ ਉਸ ਨੇ ਆਪਣੀਆਂ ਰੱਖਿਆ ਤਿਆਰੀਆਂ ਤੇਜ਼ ਕਰ ਦਿੱਤੀਆਂ ਅਤੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ। ਸਾਊਦੀ ਅਰਬ ਨੇ ਕਿਹਾ ਹੈ ਕਿ ਦੋਵਾਂ ਦੇਸ਼ਾਂ ਨੂੰ ਤਣਾਅ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਆਪਣੇ ਆਪਸੀ ਵਿਵਾਦ ਕੂਟਨੀਤਕ ਢੰਗਾਂ ਨਾਲ ਸੁਲਝਾਉਣੇ ਚਾਹੀਦੇ ਹਨ। ਹੁਣ ਕੀ ਹੋਵੇਗਾ? ਦੁਨੀਆ ਦੇ ਆਗੂ ਪ੍ਰਧਾਨ ਮੰਤਰੀ ਮੋਦੀ ਨੂੰ ਭਾਵੇਂ ਕੁਝ ਵੀ ਕਹਿਣ ਪਰ ਉਹ ਅਤੇ ਉਨ੍ਹਾਂ ਦੀ ਸਰਕਾਰ ਨੇ ਕੌਮਾਂਤਰੀ ਭਾਈਚਾਰੇ, ਖ਼ਾਸਕਰ ਅਮਰੀਕੀਆਂ ਨੂੰ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਪਾਕਿਸਤਾਨ ਦੋਸ਼ੀਆਂ ਖ਼ਿਲਾਫ਼ ਝਟਪਟ ਕਾਰਵਾਈ ਨਹੀਂ ਕਰਦਾ ਤਾਂ ਭਾਰਤ ਕੋਲ ਮਾਮਲਾ ਆਪਣੇ ਹੱਥਾਂ ਵਿੱਚ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੋਵੇਗਾ। ਸਵਾਲ ਇਹ ਹੈ ਕਿ ਭਾਰਤ ਕਿੰਨਾ ਕੁ ਸਮਾਂ ਇੰਤਜ਼ਾਰ ਕਰਨ ਲਈ ਤਿਆਰ ਹੈ ਅਤੇ ਕੀ ਮੌਨਸੂਨ, ਸਮਾਂ-ਸੀਮਾ ਦੇ ਫ਼ੈਸਲੇ ਦਾ ਮੌਕਾ ਦੇਵੇਗੀ? ਇਸ ਸਬੰਧ ਵਿੱਚ ਅਗਲੇ ਕੁਝ ਦਿਨ ਅਤੇ ਹਫ਼ਤੇ ਅਹਿਮ ਹੋਣਗੇ।

# ਹਮਲੇ ਦੀ ਜਾਣਕਾਰੀ ਦੇਣ ਵਾਲੀਆਂ ਫੌਜੀ ਅਧਿਕਾਰੀ

**ਕਰਨਲ ਸੋਫ਼ੀਆ ਕੁਰੈਸ਼ੀ**

ਕਰਨਲ ਸੋਫ਼ੀਆ ਕੁਰੈਸ਼ੀ ਭਾਰਤੀ ਫ਼ੌਜ ਦੀ ਇੱਕ ਅਧਿਕਾਰੀ ਹੈ। ਸਾਲ 2016 ਵਿੱਚ, ਬਹੁ-ਰਾਸ਼ਟਰੀ ਫੀਲਡ ਸਿਖਲਾਈ ਅਭਿਆਸ ਭਾਰਤੀ ਸ਼ਹਿਰ ਪੁਣੇ ਵਿੱਚ ਹੋਇਆ ਸੀ। ਐਫਟੀਐਕਸ ਦੇ 'ਫੋਰਸ 18' ਵਿੱਚ ਆਸਿਆਨ ਪਲੱਸ ਦੇਸ਼ ਸ਼ਾਮਲ ਸਨ। ਇਹ ਭਾਰਤੀ ਧਰਤੀ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਜ਼ਮੀਨੀ ਫੌਜੀ ਅਭਿਆਸ ਸੀ। ਇਸ ਵਿੱਚ 40 ਸੈਨਿਕਾਂ ਦੀ ਭਾਰਤੀ ਫੌਜ ਦੀ ਟੁਕੜੀ ਦੀ ਅਗਵਾਈ ਸਿਗਨਲ ਕੋਰ ਦੀ ਮਹਿਲਾ ਅਧਿਕਾਰੀ ਲੈਫਟੀਨੈਂਟ ਕਰਨਲ ਸੋਫ਼ੀਆ ਕੁਰੈਸ਼ੀ ਨੇ ਕੀਤੀ ਸੀ। ਉਸ ਸਮੇਂ, ਉਨ੍ਹਾਂ ਨੂੰ ਇੰਨੇ ਵੱਡੇ ਬਹੁ-ਰਾਸ਼ਟਰੀ ਅਭਿਆਸ ਵਿੱਚ ਭਾਰਤੀ ਫੌਜ ਦੀ ਸਿਖਲਾਈ ਟੀਮ ਦੀ ਅਗਵਾਈ ਕਰਨ ਵਾਲੀ ਪਹਿਲੀ ਮਹਿਲਾ ਅਧਿਕਾਰੀ ਬਣਨ ਦਾ ਦੁਰਲੱਭ ਮਾਣ ਪ੍ਰਾਪਤ ਹੋਇਆ ਸੀ।



ਕੁਰੈਸ਼ੀ ਗੁਜਰਾਤ ਤੋਂ ਹਨ। ਉਨ੍ਹਾਂ ਨੇ ਬਾਇ ਕੈਮਿਸਟ੍ਰੀ ਵਿੱਚ ਪੋਸਟ ਗ੍ਰੇਜੂਏਟ ਕੀਤੀ ਹੈ। ਕੁਰੈਸ਼ੀ ਇੱਕ ਫੌਜੀ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਦਾਦਾ ਜੀ ਭਾਰਤੀ ਫੌਜ ਵਿੱਚ ਸਨ। ਉਨ੍ਹਾਂ ਦਾ ਵਿਆਹ ਮੈਕੇਨਾਈਜ਼ਡ ਇਨਫੈਂਟਰੀ ਦੇ ਇੱਕ ਅਧਿਕਾਰੀ ਨਾਲ ਹੋਇਆ ਹੈ। ਸੋਫ਼ੀਆ ਕੁਰੈਸ਼ੀ ਸਾਲ 1999 ਵਿੱਚ 17 ਸਾਲ ਦੀ ਉਮਰ ਵਿੱਚ ਸ਼ੌਰਟ ਸਰਵਿਸ ਕਮਿਸ਼ਨ ਰਾਹੀਂ ਭਾਰਤੀ ਫੌਜ ਵਿੱਚ ਆਏ ਸਨ। ਉਨ੍ਹਾਂ ਨੇ ਛੇ ਸਾਲਾਂ ਲਈ ਸੰਯੁਕਤ ਰਾਸ਼ਟਰ ਸ਼ਾਂਤੀ ਸੈਨਾ ਵਿੱਚ ਵੀ ਕੰਮ ਕੀਤਾ ਹੈ। ਇਸ ਵਿੱਚ 2006 ਵਿੱਚ ਕਾਂਗੋ ਵਿੱਚ ਇੱਕ ਮਹੱਤਵਪੂਰਨ ਦੌਰਾ ਸ਼ਾਮਲ ਸੀ। ਉਸ ਵੇਲੇ ਉਨ੍ਹਾਂ ਦੀ ਮੁੱਖ ਭੂਮਿਕਾ ਸ਼ਾਂਤੀ ਕਾਰਜਾਂ ਵਿੱਚ ਸਿਖਲਾਈ ਨਾਲ ਸਬੰਧਤ ਯੋਗਦਾਨ ਦੇਣ ਦੀ ਸੀ।

ਕਰਨਲ ਸੋਫ਼ੀਆ ਦੇ ਪਿਤਾ ਤਾਜ ਮੁਹੰਮਦ ਕੁਰੈਸ਼ੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, "ਅਸੀਂ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ। ਮੈਨੂੰ ਮਾਣ ਹੈ ਕਿ ਮੇਰੀ ਧੀ ਨੇ ਦੇਸ਼ ਲਈ ਕੁਝ ਕੀਤਾ ਹੈ। ਅਸੀਂ ਰਾਸ਼ਟਰ ਪ੍ਰਤੀ ਸਮਰਪਿਤ ਹਾਂ। ਪਹਿਲਾਂ ਅਸੀਂ ਭਾਰਤੀ ਹਾਂ ਅਤੇ ਫਿਰ ਹਿੰਦੂ ਅਤੇ ਮੁਸਲਮਾਨ।" ਕਰਨਲ ਸੋਫੀਆ ਦੀ ਫੌਜ ਵਿੱਚ ਭਰਤੀ ਹੋਣ ਦੀ ਪ੍ਰੇਰਨਾ ਬਾਰੇ ਗੱਲ ਕਰਦੇ ਹੋਏ, ਉਨ੍ਹਾਂ ਦੇ ਪਿਤਾ ਨੇ ਕਿਹਾ, "ਉਹ ਹਮੇਸ਼ਾ ਫੌਜ ਵਿੱਚ ਸ਼ਾਮਲ ਹੋਣਾ ਚਾਹੁੰਦੀ ਸੀ। ਉਨ੍ਹਾਂ ਨੇ ਕਿਹਾ ਕਿ ਸਾਡੇ ਪਰਿਵਾਰ ਦਾ ਕੋਈ ਭਰਾ ਫੌਜ ਵਿੱਚ ਨਹੀਂ ਜਾ ਰਿਹਾ ਹੈ, ਕੀ ਮੈਨੂੰ ਜਾਣਾ ਚਾਹੀਦਾ ਹੈ!? ਤਾਂ ਮੈਂ ਤੁਰੰਤ ਹਾਂ ਕਹਿ ਦਿੱਤੀ ਅਤੇ ਉਨ੍ਹਾਂ ਦਾ ਫੌਜ ਵਿੱਚ ਸਲੈਕਸ਼ਨ ਹੋ ਗਿਆ।"

ਜਦੋਂ ਕਰਨਲ ਸੋਫੀਆ ਨੇ ਮੀਡੀਆ ਨਾਲ ਆਪ੍ਰੇਸ਼ਨ ਸਿੰਦੂਰ ਬਾਰੇ ਗੱਲ ਕੀਤੀ, ਤਾਂ ਉਨ੍ਹਾਂ ਦੇ ਪਿਤਾ ਨੇ ਆਪਣੇ ਮਨ ਵਿੱਚ ਆਈਆਂ ਕਈ ਭਾਵਨਾਵਾਂ ਬਾਰੇ ਗੱਲ ਕਰਦਿਆਂ ਕਿਹਾ, "ਮੈਨੂੰ ਉਸ ਪਲ ਮਾਣ ਮਹਿਸੂਸ ਹੋਇਆ। ਮੈਨੂੰ ਲੱਗਾ ਕਿ ਮੇਰੀ ਧੀ ਨੇ ਵੀ ਆਪਣੇ ਦੇਸ਼ ਲਈ ਕੁਝ ਕੀਤਾ ਹੈ।"

**ਵਿਓਮਿਕਾ ਸਿੰਘ**

ਵਿੰਗ ਕਮਾਂਡਰ ਵਿਓਮਿਕਾ ਸਿੰਘ ਦੂਜੀ ਅਧਿਕਾਰੀ ਸਨ ਜਿਨ੍ਹਾਂ ਨੇ ਮੀਡੀਆ ਨੂੰ ਫੌਜ ਦੇ ਆਪ੍ਰੇਸ਼ਨ ਸਿੰਦੂਰ ਬਾਰੇ ਜਾਣਕਾਰੀ ਦਿੱਤੀ। ਵਿ ਮਿਕਾ ਸਿੰਘ ਭਾਰਤੀ ਹਵਾਈ ਸੈਨਾ ਵਿੱਚ ਇੱਕ ਹੈਲੀਕਾਪਟਰ ਪਾਇਲਟ ਹੈ। ਰਿਪੋਰਟਾਂ ਅਨੁਸਾਰ, ਉਹ ਹਮੇਸ਼ਾ ਪਾਇਲਟ ਬਣਨਾ ਚਾਹੁੰਦੇ ਸਨ। ਉਨ੍ਹਾਂ ਦੇ ਨਾਮ ਦਾ ਅਰਥ ਹੈ 'ਅਸਮਾਨ ਨਾਲ ਜੁੜਨ ਵਾਲਾ' ਅਤੇ ਇਸ ਨਾਮ ਨੇ ਉਨ੍ਹਾਂ ਦੀ ਇੱਛਾ ਨੂੰ ਆਕਾਰ ਦਿੱਤਾ। ਵਿ ਮਿਕਾ ਸਿੰਘ ਨੈਸ਼ਨਲ ਕੈਡੇਟ ਕੋਰ ਯਾਨਿ ਐਨਸੀਸੀ ਵਿੱਚ ਸਨ ਅਤੇ ਉਨ੍ਹਾਂ ਨੇ ਇੰਜੀਨੀਅਰਿੰਗ ਕੀਤੀ ਹੈ। ਉਨ੍ਹਾਂ ਨੂੰ 2019 ਵਿੱਚ ਭਾਰਤੀ ਹਵਾਈ ਸੈਨਾ ਦੀ ਫਲਾਇੰਗ ਬ੍ਰਾਂਚ ਵਿੱਚ ਪਾਇਲਟ ਵਜੋਂ ਸਥਾਈ ਕਮਿਸ਼ਨ ਮਿਲਿਆ। ਵਿਓਮਿਕਾ ਸਿੰਘ ਨੇ 2500 ਘੰਟੇ ਤੋਂ ਵੱਧ ਸਮਾਂ ਉਡਾਣ ਭਰੀ ਹੈ। ਉਨ੍ਹਾਂ ਨੇ ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬੀ ਭਾਰਤ ਵਿੱਚ ਮੁਸ਼ਕਲ ਹਾਲਾਤਾਂ ਵਿੱਚ ਚੇਤਕ ਅਤੇ ਚੀਤਾ ਵਰਗੇ ਹੈਲੀਕਾਪਟਰ ਉਡਾਏ ਹਨ। ਉਨ੍ਹਾਂ ਨੇ ਕਈ ਬਚਾਅ ਕਾਰਜਾਂ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਵਿੱਚੋਂ ਇੱਕ ਕਾਰਵਾਈ ਨਵੰਬਰ 2020 ਵਿੱਚ ਅਰੁਣਾਚਲ ਪ੍ਰਦੇਸ਼ ਵਿੱਚ ਹੋਈ ਸੀ।

## ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ, ਡਾਕਟਰ 24 ਘੰਟੇ ਡਿਊਟੀ ਲਈ ਰਹਿਣਗੇ ਤਿਆਰ

ਸ੍ਰੀਨਗਰ- ਭਾਰਤ ਨੇ ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਆਪ੍ਰੇਸ਼ਨ ਸਿੰਦੂਰ ਚਲਾਇਆ ਹੈ। ਇਸ ਦੇ ਤਹਿਤ ਪਾਕਿਸਤਾਨ ਅਤੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ ਕੇ) ਵਿੱਚ ਮਿਜ਼ਾਈਲਾਂ ਨਾਲ ਹਮਲਾ ਕਰਕੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ। ਇੱਕ ਸਾਂਝੇ ਆਪ੍ਰੇਸ਼ਨ ਵਿੱਚ ਭਾਰਤੀ ਫੌਜ ਅਤੇ ਹਵਾਈ ਸੈਨਾ ਨੇ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੇ ਹੈਡਕੁਆਰਟਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਟਿਕਾਣਿਆਂ ਨੂੰ ਪਾਕਿਸਤਾਨ ਦੇ ਸਭ ਤੋਂ ਵੱਡੇ ਅੱਤਵਾਦੀ ਆਗੂਆਂ ਹਾਫਿਜ਼ ਸਈਦ ਅਤੇ ਮਸੂਦ ਅਜ਼ਹਰ ਦਾ ਅਜਿੱਤ ਕਿਲ੍ਹਾ ਮੰਨਿਆ ਜਾਂਦਾ ਸੀ। ਸਰਕਾਰ ਨੇ ਇਸ ਕਾਰਵਾਈ ਦੌਰਾਨ ਮਾਰੇ ਗਏ ਅੱਤਵਾਦੀਆਂ ਦੀ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਹੈ ਪਰ ਮੀਡੀਆ ਰਿਪੋਰਟਾਂ ਵਿੱਚ ਉਨ੍ਹਾਂ ਦੀ ਗਿਣਤੀ 70 ਤੋਂ ਵੱਧ ਦੱਸੀ ਗਈ ਹੈ।

ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਬਾਅਦ, ਕੇਂਦਰ ਸਰਕਾਰ ਨੇ ਅੱਜ ਇੱਕ ਸਰਬ-ਪਾਰਟੀ ਮੀਟਿੰਗ ਬੁਲਾਈ ਹੈ, ਜਿਸ ਵਿੱਚ ਸਾਰੀਆਂ ਧਿਰਾਂ ਨੂੰ ਪਾਕਿਸਤਾਨ ਵਿਰੁੱਧ ਭਾਰਤ ਦੇ ਫੌਜੀ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਸਰਹੱਦੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ 'ਤੇ ਵੀ ਚਰਚਾ ਕੀਤੀ ਜਾਵੇਗੀ। ਸਾਬਕਾ ਸੈਨਿਕ ਅਤੇ ਐਕਸ-ਸਰਵਿਸਮੈਨ ਲੀਗ ਡੋਡਾ ਦੇ ਜ਼ਿਲ੍ਹਾ ਪ੍ਰਧਾਨ ਰਾਜ ਸਿੰਘ ਚੜਕ ਨੇ ਕਿਹਾ ਕਿ 22 ਅਪ੍ਰੈਲ ਦੇ ਅੱਤਵਾਦੀ ਹਮਲੇ ਤੋਂ ਬਾਅਦ ਸਾਰੇ ਭਾਰਤੀਆਂ ਦਾ ਖੂਨ ਉਬਲ ਰਿਹਾ ਸੀ। ਮੋਦੀ ਸਰਕਾਰ ਨੇ ਫੈਸਲਾ ਲਿਆ ਅਤੇ 14 ਦਿਨਾਂ ਦੇ ਅੰਦਰ ਸਾਡੀਆਂ ਹਥਿਆਰਬੰਦ ਫੌਜਾਂ ਨੇ ਬਦਲਾ ਲੈ ਲਿਆ। ਸਾਬਕਾ ਸੈਨਿਕ ਦੁਬਾਰਾ ਆਪਣੀਆਂ ਵਰਦੀਆਂ ਪਹਿਨਣ ਅਤੇ ਦੇਸ਼ ਦੀ ਸੇਵਾ ਕਰਨ ਲਈ ਤਿਆਰ ਹਨ। ਚੰਡੀਗੜ੍ਹ ਵਿੱਚ ਤਾਇਨਾਤ ਸਾਰੇ ਮੈਡੀਕਲ ਅਫਸਰਾਂ ਅਤੇ ਇੰਚਾਰਜ ਸਟਾਫ ਦੀਆਂ ਛੁੱਟੀਆਂ ਅਗਲੇ ਹੁਕਮਾਂ ਤੱਕ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੀਆਂ ਗਈਆਂ ਹਨ। ਮੈਡੀਕਲ ਅਧਿਕਾਰੀਆਂ ਅਤੇ ਸਟਾਫ਼ ਨੂੰ ਵੀ 24/7 ਐਮਰਜੈਂਸੀ ਡਿਊਟੀ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਜੇਕਰ ਕਿਤੇ ਵੀ ਅਤੇ ਕਿਸੇ ਵੀ ਸਮੇਂ ਡਿਊਟੀ ਲਈ ਬੁਲਾਇਆ ਜਾਂਦਾ ਹੈ, ਤਾਂ ਉਹਨਾਂ ਨੂੰ ਤੁਰੰਤ ਡਿਊਟੀ ਲਈ ਰਿਪੋਰਟ ਕਰਨੀ ਚਾਹੀਦੀ ਹੈ।

# ਮਸ਼ੀਨਰੀ ਵਧਣ ਦੇ ਬਾਵਜੂਦ ਗੁਆਚ ਰਿਹਾ ਹੈ ਪੁਰਾਣੇ ਵੇਲਿਆਂ ਦਾ ਸਕੂਨ

**ਅਮਰੀਕ ਸਿੰਘ ਦਿਆਲ**

ਅਜੋਕੇ ਸਮੇਂ ਵਿਚ ਹਰ ਕੋਈ ਸਮੇਂ ਦੀ ਘਾਟ ਹੋਣ ਦੀ ਮਜਬੂਰੀ ਪ੍ਰਗਟ ਕਰ ਰਿਹਾ ਹੈ। ਜੇਕਰ ਦੇਖਿਆ ਜਾਵੇ ਤਾਂ ਸਮੇਂ ਦੇ ਉਹੀ 24 ਘੰਟੇ ਹਨ ਜੋ ਮੁੱਢ-ਕਦੀਮ ਤੋਂ ਚਲੇ ਆ ਰਹੇ ਹਨ। ਨਾ ਵਧਿਆ ਹੈ, ਨਾ ਘਟਿਆ ਹੈ। ਸਮੇਂ ਦੀ ਤੋਰ ਨੇ ਇਸ ਦੀ ਗਿਣਤੀ-ਮਿਣਤੀ ਜ਼ਰੂਰ ਬਦਲ ਦਿੱਤੀ ਹੈ। ਮਸ਼ੀਨਰੀ ਵਧਣ ਦੇ ਬਾਵਜੂਦ ਦੌੜ-ਭੱਜ ਵਧੀ ਹੈ, ਘਟੀ ਨਹੀਂ। ਲੋਕ ਚਾਰਦੀਵਾਰੀਆਂ 'ਚ ਕੈਦ ਹੋ ਕੇ ਵੀ ਵਿਹਲੇ ਨਹੀਂ ਹਨ। ਹਰ ਕੋਈ ਸਮੇਂ ਦੀ ਘਾਟ ਦੀ ਮਜਬੂਰੀ ਦੱਸ ਰਿਹਾ ਹੈ। ਕਹਿੰਦੇ ਹਨ ਕਿ ਜਦੋਂ ਘੜੀ ਕਿਸੇ-ਕਿਸੇ ਕੋਲ ਸੀ, ਉਦੋਂ ਸਮਾਂ ਸਾਰਿਆਂ ਕੋਲ ਹੁੰਦਾ ਸੀ। ਹੁਣ ਜਦੋਂ ਘੜੀ ਸਾਰਿਆਂ ਕੋਲ ਹੈ ਤਾਂ ਸਮਾਂ ਕਿਸੇ ਕੋਲ ਨਹੀਂ।

ਸੰਨ 1996 ਵਿਚ ਇਹ ਖ਼ਬਰ ਪੜ੍ਹੀ ਸੀ ਕਿ ਅਜਿਹੇ ਫੋਨ ਆ ਜਾਣਗੇ ਕਿ ਪਤਾ ਲੱਗ ਜਾਇਆ ਕਰੇਗਾ ਕਿ ਬੰਦਾ ਕਿੱਥੇ ਹੈ। ਥੋੜ੍ਹੇ ਸਮੇਂ ਵਿਚ ਹੀ ਮੋਬਾਈਲ ਹੱਥਾਂ ਵਿਚ ਆ ਗਿਆ। ਪਹਿਲਾਂ-ਪਹਿਲ ਮੋਬਾਈਲ ਚੋਣਵੇਂ ਲੋਕਾਂ ਕੋਲ ਆਇਆ। ਸੁਣਨ ਦੇ ਵੀ ਪੈਸੇ ਲੱਗਦੇ ਸਨ। ਫਿਰ ਚੋਣਵੇਂ ਪਰਿਵਾਰਾਂ ਤੱਕ ਪਹੁੰਚ ਬਣੀ। ਪਰਿਵਾਰ ਤੋਂ ਬਾਅਦ ਹਰ ਜੀਅ ਦੇ ਖੀਸੇ ਦਾ ਸ਼ਿੰਗਾਰ ਬਣ ਗਿਆ। ਕੋਰੋਨਾ ਕਾਲ ਦੌਰਾਨ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਵੀ ਮੋਬਾਈਲ ਨੂੰ ਸੰਭਾਲਣੀ ਪਈ। ਸ਼ੁਰੂਆਤੀ ਦੌਰ ਵਿਚ ਟਾਵਰ ਘੱਟ ਹੋਣ ਕਾਰਨ ਕਮਰੇ ਤੋਂ ਬਾਹਰ ਪੌੜੀਆਂ ਚੜ੍ਹ ਕੇ ਸੁਣਨਾ ਪੈਂਦਾ।

ਇਕ ਵਾਰ ਇਕ ਮਿੱਤਰ ਨੇ ਬੜਾ ਖ਼ੁਸ਼ ਹੋ ਕੇ ਦੱਸਿਆ ਕਿ ਯਾਰ, ਸਾਡੇ ਤਾਂ ਟਾਵਰ ਨੇੜੇ ਹੈ। ਰਜਾਈ 'ਚ ਲੰਮੇ ਪਏ ਕਲੀਅਰ ਗੱਲ ਹੋ ਜਾਂਦੀ ਹੈ। ਫਿਰ ਹੌਲੀ-ਹੌਲੀ ਕਸਬਿਆਂ ਤੋਂ ਹੁੰਦੇ ਹੋਏ ਪਿੰਡਾਂ ਵਿਚ ਟਾਵਰਾਂ ਦਾ ਜਾਲ਼ ਵਿਛ ਗਿਆ। ਗੱਲਬਾਤ ਸੁਣਨ ਦੇ ਅਦਾਨ-ਪ੍ਰਦਾਨ ਤੋਂ ਬਾਅਦ ਫੋਟੋ, ਵੀਡੀ ਜ਼, ਆਪਣੀ ਮਨਪਸੰਦ ਭਾਸ਼ਾ ਵਿਚ ਟਾਈਪਿੰਗ, ਬੈਂਕਾਂ ਦੀ ਸਹੂਲਤਾਂ, ਬਹੁ-ਭਾਂਤੀ ਐਪਸ ਰਾਹੀਂ ਨਾ-ਗਿਣੀਆਂ ਜਾ ਸਕਣ ਵਾਲੀਆਂ ਸਹੂਲਤਾਂ ਮਿਲਣ ਲੱਗੀਆਂ। ਇਨ੍ਹਾਂ ਸਹੂਲਤਾਂ ਦੇ ਨਾਲ-ਨਾਲ ਹਰ ਵਰਗ ਲਈ ਤਿਆਰ ਕੀਤੀਆਂ ਰੀਲ੍ਹਾਂ ਨੇ ਕੋਲ ਬੈਠਾ ਬੰਦਾ ਵੀ ਦੂਰ ਕਰ ਦਿੱਤਾ। ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਜਦੋਂ 1996 ਵਿਚ ਖ਼ਬਰ ਪੜ੍ਹੀ ਸੀ ਕਿ ਅਜਿਹੇ ਫੋਨ ਆਉਣ ਨਾਲ ਨਜ਼ਦੀਕੀਆਂ ਵਧਣਗੀਆਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਫੋਨਾਂ ਨੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਰਾਹੀਂ ਦੂਰ-ਦੁਰਾਡੇ ਬੈਠੇ ਲੋਕਾਂ ਨੂੰ ਨੇੜੇ ਲਿਆਂਦਾ ਹੈ। ਆਪਸੀ ਸੰਪਰਕ ਵਧਿਆ ਹੈ।

ਕੋਈ ਵੇਲਾ ਸੀ ਕਿ ਪੀਸੀਓ ਦਾ ਮਾਲਕ ਹੋਣਾ ਵੀ ਵੱਡੀ ਗੱਲ ਹੁੰਦੀ ਸੀ। ਲੰਮੀਆਂ ਕਤਾਰਾਂ ਵਿਚ ਖੜ੍ਹ ਕੇ ਲੋਕ ਵਾਰੀ ਦੀ ਉਡੀਕ ਕਰਦੇ। ਇਕਹਿਰੀਆਂ ਲਾਈਨਾਂ ਹੋਣ ਕਾਰਨ ਲੰਮੀ ਟੂੰ-ਟੂੰ-ਟੂੰ ਦੀ ਆਵਾਜ਼ ਤੋਂ ਬਾਅਦ ਕਿਤੇ ਜਾ ਕੇ ਫੋਨ ਮਿਲਦਾ। ਕਿਸੇ ਸਮੇਂ ਪੀਸੀਓ ਦਾ ਮਾਲਕ ਰਿਹਾ ਵਿਅਕਤੀ ਜੋ ਹੁਣ ਹੋਰ ਕੰਮ ਕਰਦਾ ਹੈ, ਪੁਰਾਣੀਆਂ ਗੱਲਾਂ ਦੱਸ ਰਿਹਾ ਸੀ। ਹਾਲੇ ਪਿੰਡਾਂ ਤੱਕ ਲੈਂਡਲਾਈਨ ਫੋਨ ਨਹੀਂ ਸਨ ਪਹੁੰਚੇ। ਵਿਦੇਸ਼ਾਂ ਤੋਂ ਉਸ ਦੇ ਸ਼ਹਿਰ ਵਿਚ ਸਥਿਤ ਪੀਸੀ 'ਤੇ ਫੋਨ ਆਉਂਦਾ ਸੀ ਕਿ ਅਗਲੇ ਐਤਵਾਰ ਸਵੇਰੇ ਐਨੇ ਵਜੇ ਮੈਂ ਫੋਨ ਕਰੂੰਗਾ, ਮੇਰੇ ਘਰ ਸੁਨੇਹਾ ਪੁੱਜਦਾ ਕਰ ਦਿਉ ਕਿ ਉਹ ਦਿੱਤੇ ਸਮੇਂ ਅਨੁਸਾਰ ਫੋਨ ਸੁਣ ਲੈਣ। ਉਹ ਸੁਨੇਹਾ ਪਹੁੰਚਾਉਣ ਦੇ ਨਾਲ-ਨਾਲ ਸਕੂਟਰ ਦੇ ਤੇਲ ਦੇ ਪੈਸੇ ਵੀ ਵਸੂਲ ਕਰਦਾ ਸੀ। ਉਸ ਨੇ ਇਹ ਵੀ ਦੱਸਿਆ ਕਿ ਉਸ ਨੇ ਪੰਜ ਸੈਟ ਵੀਸੀਆਰ ਵੀ ਰੱਖੇ ਹੋਏ ਸਨ ਜੋ ਹਰ ਵਕਤ ਕਿਰਾਏ 'ਤੇ ਚੜ੍ਹੇ ਰਹਿੰਦੇ ਸਨ।



ਸ਼ਾਇਦ ਤੁਹਾਨੂੰ ਸਾਰਿਆਂ ਨੂੰ ਯਾਦ ਹੋਵੇ ਜਦੋਂ ਵਿਆਹਾਂ ਦੀ ਵੀਡੀ ਗ੍ਰਾਫੀ ਸ਼ੁਰੂ ਹੋਈ ਤਾਂ ਵੀਡੀਓ ਵਾਲੀਆਂ ਕੈਸੇਟਾਂ ਤਿਆਰ ਹੁੰਦੀਆਂ ਸਨ। ਕਿਰਾਏ ਦੇ ਵੀਸੀਆਰ ਰਾਹੀਂ ਰਿਸ਼ਤੇਦਾਰੀ ਵਿਚ ਘੁੰਮਦੀ ਕੈਸੇਟ ਦੀ ਵਾਰੀ ਨਹੀਂ ਸੀ ਆਉਂਦੀ ਹੁੰਦੀ। ਦੇਖਦੇ ਵੀ ਇਕੱਠੇ ਬੈਠ ਕੇ ਸੀ ਤੇ ਸਮਾਂ ਵੀ ਖੁੱਲ੍ਹਾ ਹੁੰਦਾ ਸੀ। ਅਧਿਆਪਕ ਆਪਣੇ ਵਿਹਲੇ ਪੀਰੀਅਡ ਦੌਰਾਨ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ-ਚਰਚਾ ਕਰਦੇ ਹੁੰਦੇ ਸਨ।

ਮਰਗ ਦੀ ਦਰੀ 'ਤੇ ਕਿਸੇ ਨਾ ਕਿਸੇ ਵਿਸ਼ੇ ਨੂੰ ਲੈ ਕੇ ਲੰਮੀ ਗੱਲਬਾਤ ਹੁੰਦੀ ਸੀ। ਇਸ ਗੱਲਬਾਤ ਦੀ ਲੜੀ ਦਾ ਮੋਹਰੀ ਹਰ ਪਿੰਡ ਵਿਚ ਕੋਈ ਚੋਣਵਾਂ ਬੰਦਾ ਹੁੰਦਾ। ਇਸ ਤੋਂ ਇਲਾਵਾ ਇਕ-ਦੋ ਅਖ਼ਬਾਰਾਂ ਵੀ ਮੰਗਵਾ ਲਈਆਂ ਜਾਂਦੀਆਂ। ਹੁਣ ਦੇਖਦੇ ਹਾਂ ਕਿ ਇੱਕਾ-ਦੁੱਕਾ ਨੂੰ ਛੱਡ ਕੇ ਜ਼ਿਆਦਾਤਰ ਲੋਕ ਮੋਬਾਈਲ ਦੀ ਸਕਰੀਨ 'ਤੇ ਠੂੰਗਾਂ ਮਾਰਦੇ ਦਿਖਾਈ ਦਿੰਦੇ ਹਨ। ਸਕੂਲ ਤੋਂ ਵਾਪਸੀ ਘਰ ਪਹੁੰਚਣ ਵੇਲੇ ਬੱਚੇ ਪਾਣੀ-ਧਾਣੀ ਤੋਂ ਪਹਿਲਾਂ ਵਰਦੀ ਬਦਲਣ ਸਾਰ ਇੱਥੋਂ ਤੱਕ ਕਿ ਵਰਦੀ ਬਦਲਦੇ-ਬਦਲਦੇ ਮੋਬਾਈਲ ਨਾਲ ਜੁੜ ਜਾਂਦੇ ਹਨ।

ਹੁਣ ਆਮ ਦੇਖਦੇ ਹਾਂ ਕਿ ਜਦੋਂ ਵੀ ਚਾਰ ਬੰਦੇ ਇਕੱਠੇ ਬੈਠਦੇ ਹਨ, ਉਨ੍ਹਾਂ ਵਿੱਚੋਂ ਉਹੀ ਵਿਚਾਰ-ਚਰਚਾ ਕਰਦੇ ਨਜ਼ਰ ਆਉਣਗੇ ਜਿਨ੍ਹਾਂ ਕੋਲ ਸਮਾਰਟ/ਟੱਚ ਫੋਨ ਨਹੀਂ। ਜਿਨ੍ਹਾਂ ਕੋਲ ਹਨ, ਉਹ ਘੜੀ-ਮੁੜੀ ਉਹਦੇ 'ਤੇ ਹੀ ਨਜ਼ਰ ਰੱਖੀ ਰੱਖਣਗੇ। ਜੇਕਰ ਕੋਈ ਇਕੱਠੇ ਬੈਠਿਆਂ ਕੋਈ ਗੱਲ ਪੁੱਛ ਵੀ ਲਏ ਤਾਂ ਅਗਲਾ ਬੇਧਿਆਨਾ ਜਿਹਾ ਪਹਿਲਾਂ ਤਾਂ ਹੈਂ-ਹੈਂ ਕਰਦਾ ਹੈ, ਫਿਰ ਕਿਤੇ ਅੱਧ-ਪਚੱਧਾ ਜਿਹਾ ਜਵਾਬ ਦੇ ਕੇ ਧੌਣ ਮੋਬਾਈਲ ਵੱਲ ਸੁੱਟ ਲੈਂਦਾ ਹੈ।

ਇਸ ਨੇੜਤਾ ਨਾਲ਼ ਰਿਸ਼ਤੇ ਮਜ਼ਬੂਤ ਨਹੀਂ ਹੋਏ ਸਗੋਂ ਰਸਮੀ ਜਿਹੇ ਬਣ ਕੇ ਰਹਿ ਗਏ ਹਨ। ਚਾਰਦੀਵਾਰੀ ਅਤੇ ਗੇਟਾਂ ਅੰਦਰ ਬੰਦ ਸਾਡੇ ਕੋਲ ਵਿਹਲ ਨਹੀਂ। ਖੁੱਲ੍ਹੀਆਂ ਤੇ ਵਿਹਲੀਆਂ ਗੱਲਾਂ ਜੋ ਮਨ ਨੂੰ ਸਕੂਨ ਦਿੰਦੀਆਂ ਹਨ, ਸਾਡੀ ਹੁਣ ਵਾਲੀ ਸੱਭਿਅਤਾ ਵਿਚ ਸ਼ਾਮਲ ਨਹੀਂ। ਇਕ ਵਾਰ ਸੈਮੀਨਾਰ ਦੌਰਾਨ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਨੇ ਨਿੱਕੀ ਜਿਹੀ ਕਹਾਣੀ ਸੁਣਾਈ ਸੀ ਜੋ ਆਪਜੀ ਨਾਲ ਸਾਂਝੀ ਕਰ ਰਿਹਾ ਹਾਂ।

ਇਕ ਦੋ-ਤਾਰਾ ਵਜਾਉਣ ਵਾਲਾ ਹਰ ਹਫ਼ਤੇ ਇਕ ਪਿੰਡ ਵਿਚ ਆਇਆ ਕਰਦਾ ਸੀ। ਉਸ ਪਿੰਡ ਦੇ ਇਕ ਵਿਅਕਤੀ ਨੂੰ ਦੋ-ਤਾਰਾ ਵਜਾਉਣ ਵਾਲਾ ਅਕਸਰ ਕਹਿੰਦਾ ਕਿ ਕੁਝ ਵਿਹਲ ਕੱਢ ਕੇ ਦੋ-ਤਾਰੇ ਦੀ ਧੁਨ ਸੁਣ ਲਓ। ਉਹ ਵਿਅਕਤੀ ਹਰ ਵਾਰ ਦੋ-ਤਾਰਾ ਵਜਾਉਣ ਵਾਲੇ ਦੀ ਤਲੀ 'ਤੇ ਕੁਝ ਪੈਸੇ ਰੱਖ ਕੇ ਕਹਿ ਛੱਡਦਾ ਕਿ ਮੇਰੇ ਕੋਲ ਵਿਹਲ ਨਹੀਂ, ਅਗਲੇ ਹਫ਼ਤੇ ਆ ਜਾਵੀਂ। ਇਹ ਸਿਲਸਿਲਾ ਕਈ ਹਫ਼ਤੇ ਚੱਲਦਾ ਰਿਹਾ।

ਇਕ ਹਫ਼ਤੇ ਜਦੋਂ ਦੋ-ਤਾਰਾ ਵਜਾਉਣ ਵਾਲਾ ਪਿੰਡ ਪਹੁੰਚਿਆ ਤਾਂ ਉਹ ਵਿਅਕਤੀ ਉੱਪਰ ਵਾਲਿਆਂ ਵਿਚ ਸ਼ੁਮਾਰ ਹੋ ਚੁੱਕਾ ਸੀ। ਦੋ-ਤਾਰਾ ਵਜਾਉਣ ਵਾਲਾ ਸਿੱਧਾ ਸਿਵਿਆਂ ਵਿਚ ਪਹੁੰਚ ਗਿਆ। ਇਹ ਕਹਿ ਕੇ ਲੱਗਾ ਦੋ-ਤਾਰਾ ਵਜਾਉਣ, ਅਖੇ ਹੁਣ ਸੁਣ ਲਓ ਆਰਾਮ ਨਾਲ, ਹੁਣ ਤਾਂ ਵਿਹਲ ਹੀ ਵਿਹਲ ਹੈ। ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ "ਪੁਰਾਣੇ ਪੰਜਾਬ ਨੂੰ ਅਵਾਜ਼ਾਂ" ਵਿਚਲੀਆਂ ਸਤਰਾਂ ਧਿਆਨ ਖਿੱਚਦੀਆਂ ਹਨ :

ਅੰਬਾਂ ਦੇ ਬੂਰ ਪਏ ਕਿਰਦੇ ਬੇਬੱਸ ਹੋ,  
ਕੋਈ ਸੋਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,  
ਇਹ ਕੀ ਹੈ ਮੁਰਦਿਹਾਣ ਜਿਹੀ?  
ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,  
ਕੁਝ ਉਧਲਣ-ਉਧਾਲਣ ਜਿਹਾ ਬਸ ਲੱਗਦਾ।  
ਉਹ ਜੰਞਾਂ ਕਿੱਥੇ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,  
ਦੱਸੋ ਨਾ! ਕਿੱਥੇ ਟੁਰ ਗਿਆ ਸਾਰਾ?

ਅਸੀਂ ਸ਼ਾਇਦ ਇਹ ਸਮਝਦੇ ਹਾਂ ਕਿ ਸਭ ਸਾਡੀ ਮੁੱਠੀ ਵਿਚ ਆ ਗਿਆ ਹੈ ਪਰ ਇਹ ਨਹੀਂ ਪਤਾ ਕਿ ਅਸੀਂ ਵੀ ਇਸ ਦੀ ਮੁੱਠੀ ਵਿਚ ਆ ਗਏ ਹਾਂ। 'ਮਿੰਟ ਦੀ ਵਿਹਲ ਨਹੀਂ, ਟਕੇ ਦੀ ਸੇਲ ਨਹੀਂ' ਵਾਲੀ ਸਥਿਤੀ ਬਣੀ ਹੋਈ ਹੈ। ਜੇ ਸਰਸਰੀ ਦੇਖਿਆ ਜਾਵੇ ਤਾਂ ਇਸ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ ਰਿਹਾ ਪਰ ਆਪਣੀ ਸਿਹਤ ਤੇ ਰਿਸ਼ਤਿਆਂ ਦੀ ਕੀਮਤ ਵੀ ਤਾਂ ਇਕ ਪੱਖ ਹੈ ਜੋ ਵਿਚਾਰਨਾ ਬਣਦਾ ਹੈ। ਅਜੋਕੇ ਸਮੇਂ ਵਿਚ ਬੰਦੇ ਕੋਲ ਆਰਾਮ ਕਰਨ ਦਾ ਸਮਾਂ ਵੀ ਨਹੀਂ।

ਪ੍ਰਸਿੱਧ ਲੇਖਕ ਡਾ। ਨਰਿੰਦਰ ਸਿੰਘ ਕਪੂਰ ਦੀ ਗੱਲ ਬੜੀ ਵਜ਼ਨਦਾਰ ਹੈ। "ਹਰ ਕੋਈ ਥੱਕਿਆ ਹੋਇਆ, ਚਿੰਤਤ ਅਤੇ ਮਾਯੂਸ ਹੈ। ਕਿਸੇ ਨੇ ਪੁੱਛਿਆ : ਆਰਾਮ ਕਰਨਾ ਚਾਹੁੰਦਾ ਹਾਂ, ਕਿੱਥੇ ਜਾਵਾਂ? ਜਵਾਬ ਮਿਲਿਆ: ਕਿਧਰੇ ਜਾਣ ਦੀ ਲੋੜ ਨਹੀਂ, ਆਪਣੇ ਘਰ ਵਿਚ ਹੀ ਆਰਾਮ ਕੀਤਾ ਜਾ ਸਕਦਾ ਹੈ। ਅਖ਼ਬਾਰ ਬੰਦ ਕਰ ਦਿਉ, ਫੋਨ ਸਵਿੱਚ ਆਫ ਕਰ ਦਿਉ, ਕੰਪਿਊਟਰ ਪਰੇ ਰੱਖ ਦਿਉ, ਟੈਲੀਵਿਜ਼ਨ ਦਾ ਪਲੱਗ ਕੱਢ ਦਿਉ, ਆਰਾਮ ਸ਼ੁਰੂ ਹੋ ਜਾਵੇਗਾ।" ਪਰ ਅਜੋਕੇ ਮਨੁੱਖ ਨੂੰ ਪਰੇਸ਼ਾਨ ਹੋਣ ਦੀ ਇੰਨੀ ਆਦਤ ਪੈ ਗਈ ਹੈ ਕਿ ਉਹ ਆਰਾਮ ਤੋਂ ਵੀ ਝੱਟ ਪਰੇਸ਼ਾਨ ਹੋ ਜਾਂਦਾ ਹੈ।

# ਨੈਸ਼ਨਲ ਹੈਰਾਲਡ ਕੇਸ ਵਿਚ ਮੀਡੀਆ ਟ੍ਰਾਇਲ

**ਅਸ਼ਵਨੀ ਕੁਮਾਰ**



ਨੈਸ਼ਨਲ ਹੈਰਾਲਡ ਕੇਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਸ੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰਨਾਂ ਖ਼ਿਲਾਫ਼ ਤਥਾਕਥਿਤ ਮਨੀ ਲਾਂਡਰਿੰਗ ਅਤੇ ਜਨਤਕ ਸੰਪਤੀ ਦੀ ਅਪਰਾਧਿਕ ਦੁਰਵਰਤੋਂ ਕਰਨ ਲਈ ਚਾਰਜਸ਼ੀਟ ਦਾਇਰ ਕਰਨ ਤੋਂ ਕਾਂਗਰਸ ਅਤੇ ਇਸ ਦੇ ਹਮਦਰਦਾਂ ਵਲੋਂ ਦੇਸ਼ ਵਿਆਪੀ ਰੋਸ ਮੁਜ਼ਾਹਰੇ ਕੀਤੇ ਗਏ ਹਨ। ਉਹ ਇਸ ਫ਼ੌਜਦਾਰੀ ਕੇਸ ਨੂੰ ਤੱਥਾਂ ਅਤੇ ਕਾਨੂੰਨੀ ਨੁਕਤਾ ਨਿਗਾਹ ਤੋਂ ਹੀਣਾ ਅਤੇ ਬੱਜਰ ਸਿਆਸੀ ਬਦਲਾਖੋਰੀ ਦੇ ਰੂਪ ਵਿਚ ਦੇਖਦੇ ਹਨ। ਮੁੱਖ ਵਿਰੋਧੀ ਪਾਰਟੀ ਵਲੋਂ ਕੀਤੇ ਰੋਸ ਮੁਜ਼ਾਹਰਿਆਂ ਦੀ ਪ੍ਰਤੀਕਿਰਿਆ ਵਜੋਂ ਸੱਤਾਧਾਰੀ ਪਾਰਟੀ ਨੇ ਵੀ ਇਸ ਦੇ ਖ਼ਿਲਾਫ਼ ਮੁਜ਼ਾਹਰੇ ਕੀਤੇ ਹਨ।

ਭਾਜਪਾ ਦੀ ਤਰਫ਼ੋਂ ਸਾਬਕਾ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਵਿਸ਼ੇਸ਼ ਪ੍ਰੈੱਸ ਕਾਨਫਰੰਸ ਵਿਚ ਦੋਸ਼ ਲਾਇਆ ਕਿ ਮੁਲਜ਼ਮਾਂ ਨੇ ਧੋਖਾਧੜੀ ਰਾਹੀਂ ਜਨਤਕ ਸੰਪਤੀ ਦੀ ਦੁਰਵਰਤੋਂ ਕੀਤੀ ਸੀ ਅਤੇ ਹੁਣ ਉਹ ਈਡੀ ਨੂੰ ਡਰਾਉਣਾ ਚਾਹੁੰਦੇ ਹਨ। ਸਾਬਕਾ ਮੰਤਰੀ ਨੇ ਚੋਣਵੇਂ ਢੰਗ ਨਾਲ ਲੀਕ ਕੀਤੇ ਕੁਝ ਵੇਰਵਿਆਂ ਦੇ ਲਿਹਾਜ਼ ਨਾਲ ਇਸਤਗਾਸਾ ਦੇ ਕੇਸ ਦੀ ਵਜਾਹਤ ਕਰਦਿਆਂ ਸਵਾਲ ਪੁੱਛਿਆ: "ਜੇ ਹਜ਼ਾਰਾਂ ਕਰੋੜ ਰੁਪਏ ਦੀ ਜਨਤਕ ਸੰਪਤੀ ਦੀ ਦੁਰਵਰਤੋਂ ਕੀਤੀ ਗਈ ਹੈ ਤਾਂ ਤੁਸੀਂ ਰੋਸ ਕਿਉਂ ਦਿਖਾ ਰਹੇ ਹੋ ਅਤੇ ਇਸ ਨੂੰ ਬਦਲਾਖੋਰੀ ਕਿਉਂ ਕਹਿ ਰਹੇ ਹੋ?" ਰਿਪੋਰਟ ਮੁਤਾਬਿਕ ਭਾਜਪਾ ਬੁਲਾਰੇ ਨੇ ਇਹ ਵੀ ਆਖਿਆ ਕਿ ਕਿਸੇ ਨੂੰ ਵੀ ਲੁੱਟਣ ਦਾ ਲਾਇਸੈਂਸ ਨਹੀਂ ਮਿਲਿਆ ਹੋਇਆ।" ਇਕ ਹੋਰ ਕੈਬਨਿਟ ਮੰਤਰੀ ਨੇ ਜ਼ੋਰ-ਸ਼ੋਰ ਨਾਲ ਆਖਿਆ, "ਇਹ ਧੋਖਾਧੜੀ, ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਕਾਰੋਬਾਰ ਦਾ ਸਿੱਧ ਪੱਧਰਾ ਕੇਸ ਹੈ।"

ਸਾਫ਼ ਜ਼ਾਹਿਰ ਹੈ ਕਿ 8 ਮਈ ਨੂੰ ਚਾਰਜਸ਼ੀਟ ਦਾ ਨੋਟਿਸ ਲੈਣ ਮੌਕੇ ਸੁਣੇ ਜਾਣ ਦੇ ਮੌਕਾ ਅਤੇ ਕਿਸੇ ਮੁਕੱਦਮੇ ਤੋਂ ਬਿਨਾਂ ਹੀ ਮੁਲਜ਼ਮਾਂ ਨੂੰ ਮੀਡੀਆ ਰਾਹੀਂ ਭੰਡਿਆ ਗਿਆ ਹੈ। ਕੇਸ ਦੇ ਮੁਕੱਦਮੇ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਨੇ ਆਖਿਆ ਕਿ 'ਕਾਰਵਾਈ ਦੌਰਾਨ ਕਿਸੇ ਵੀ ਪੜਾਅ 'ਤੇ ਸੁਣੇ ਜਾਣ ਦਾ ਹੱਕ ਵਾਜਿਬ ਮੁਕੱਦਮੇ ਵਿਚ ਜਾਨ ਪਾਉਂਦਾ ਹੈ।' ਇਸ ਲਈ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰਕਾਰ ਦੇ ਬੁਲਾਰਿਆਂ ਦਾ ਇਹ ਨਿਰਣਾ ਕੱਢ ਲੈਣਾ ਕਿ ਮੁਲਜ਼ਮਾਂ ਨੇ ਕਰੋੜਾਂ ਰੁਪਏ ਦੀ ਸੰਪਤੀ ਹਥਿਆ ਲਈ ਸੀ, ਉਦਾਰ ਲੋਕਤੰਤਰ ਅਤੇ ਸੰਵਿਧਾਨਕ ਨਿਆਂ ਦੇ ਪ੍ਰਥਮ ਅਸੂਲਾਂ ਦੀ ਅਵੱਗਿਆ ਬਣਦੀ ਹੈ।

ਸਰਕਾਰ ਦੇ ਸੀਨੀਅਰ ਨੁਮਾਇੰਦਿਆਂ ਵਲੋਂ ਫੌਜਦਾਰੀ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਿਆਸੀ ਵਿਰੋਧੀਆਂ ਖ਼ਿਲਾਫ਼ ਅਜਿਹੀ ਤੋਹਮਤਬਾਜ਼ੀ ਨਾਲ ਉਨ੍ਹਾਂ ਖ਼ਿਲਾਫ਼ ਅਖ਼ਬਾਰਾਂ, ਇਲੈਕਟ੍ਰੌਨਿਕ ਅਤੇ ਸੋਸ਼ਲ ਮੀਡੀਆ 'ਤੇ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਸ ਨਾਲ ਕਈ ਪੱਖਾਂ ਤੋਂ ਇਨਸਾਫ਼ ਦੇ ਰਾਹ ਵਿਚ ਰੁਕਾਵਟ ਬਣ ਸਕਦੀ ਹੈ। ਭਾਜਪਾ ਵਲੋਂ ਉਸ ਸਮੇਂ ਜਦੋਂ ਅਜੇ ਮੁਕੱਦਮੇ ਦੀ ਕਾਰਵਾਈ ਸ਼ੁਰੂਆਤੀ ਪੜਾਅ 'ਤੇ ਹੈ, ਵਾਰ-ਵਾਰ ਇਹ ਦਾਅਵਾ ਕਰਨਾ ਕਿ ਮੁਲਜ਼ਮਾਂ ਨੇ ਧੋਖਾਧੜੀ, ਫਰਾਡ, ਦੁਰਵਰਤੋਂ ਅਤੇ ਕਾਲੇ ਧਨ ਨੂੰ ਸਫੇਦ ਬਣਾਉਣ ਦਾ ਕੰਮ ਕੀਤਾ ਹੈ ਤਾਂ ਇਸ ਨਾਲ ਮੁਲਜ਼ਮਾਂ ਪ੍ਰਤੀ ਵੈਰਭਾਵੀ ਜਨਤਕ ਧਾਰਨਾ ਪੈਦਾ ਕਰਨ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਨਿਆਂਇਕ ਕਾਰਵਾਈ ਦਾ ਜ਼ਿੰਮਾ ਸੌਂਪਿਆ ਗਿਆ ਹੈ, ਉਨ੍ਹਾਂ ਦਾ ਨਿਰਣਾ ਪ੍ਰਭਾਵਿਤ ਹੋ ਸਕਦਾ ਹੈ।


ਸ਼ਿਕਾਇਤ ਦੇ ਚੋਣਵੇਂ ਹਿੱਸਿਆਂ 'ਤੇ ਮੀਡੀਆ ਵਿਚ ਵਿਆਪਕ ਚਰਚਾ, ਜਿਨ੍ਹਾਂ ਦਾ ਨਿਆਂਇਕ ਨੋਟਿਸ ਅਜੇ ਲਿਆ ਜਾਣਾ ਹੈ ਤੇ ਜਿਸ ਲਈ ਕੇਸ 8 ਮਈ ਤੱਕ ਮੁਲਤਵੀ ਕੀਤਾ ਗਿਆ ਹੈ, ਮੁਲਜ਼ਮਾਂ ਨੂੰ ਸੰਭਾਵੀ ਤੌਰ 'ਤੇ ਨੁਕਸਾਨ ਪਹੁੰਚਾ ਸਕਦੀ ਹੈ। ਸਰਵਉੱਚ ਅਦਾਲਤ ਦੇ ਕਈ ਫੈਸਲਿਆਂ 'ਚ ਇਸ ਦੀ ਮਨਾਹੀ ਹੈ (ਸਹਾਰਾ, 2013 ਤੇ ਮਨੂ ਸ਼ਰਮਾ, 2010) ਆਦਿ। ਮਨੂ ਸ਼ਰਮਾ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ, '...ਇਕ ਮੁਲਜ਼ਮ ਦੀ ਬੇਗੁਨਾਹੀ ਦੀ ਸੰਭਾਵਨਾ ਕਾਨੂੰਨੀ ਧਾਰਨਾ ਹੈ ਅਤੇ ਮੀਡੀਆ ਟ੍ਰਾਇਲ ਦੀ ਪ੍ਰਕਿਰਿਆ ਰਾਹੀਂ ਇਸ ਨੂੰ ਦਹਿਲੀਜ਼ 'ਤੇ ਹੀ ਖ਼ਤਮ ਨਹੀਂ ਕਰ ਦੇਣਾ ਚਾਹੀਦਾ...' ਤੇ ਸਹਾਰਾ ਕੇਸ ਵਿਚ ਸੰਵਿਧਾਨਕ ਬੈਂਚ ਨੇ ਫੈਸਲਾ ਸੁਣਾਇਆ ਸੀ ਕਿ 'ਪ੍ਰਤੱਖ ਇਨਸਾਫ਼ ਦੀ ਧਾਰਨਾ ਦਾ ਬੇਗੁਨਾਹੀ ਦੀ ਸੰਭਾਵਨਾ ਨਾਲ ਸੰਤੁਲਨ ਬਣਾਉਣਾ ਜ਼ਰੂਰੀ ਹੈ ਜਿਸ ਨੂੰ ਹੁਣ ਮਨੁੱਖੀ ਅਧਿਕਾਰ ਵਜੋਂ ਮਾਨਤਾ ਹਾਸਲ ਹੈ...।'

ਕੇਸ ਨਾਲ ਸਬੰਧਿਤ ਮੀਡੀਆ ਗੱਲਬਾਤ 'ਚ ਸੱਤਾਧਾਰੀ ਧਿਰ ਦੇ ਸੀਨੀਅਰ ਮੈਂਬਰਾਂ ਦੇ ਦੂਸ਼ਣਬਾਜ਼ੀ ਵਾਲੇ ਸੁਰ ਤੇ ਰੁਖ਼, ਮੁਲਜ਼ਮਾਂ ਤੋਂ ਨਿਰਪੱਖ ਸੁਣਵਾਈ ਤੇ ਸੰਭਾਵੀ ਬੇਗੁਨਾਹੀ ਸਾਬਿਤ ਕਰਨ ਦਾ ਹੱਕ ਖੋਹ ਰਹੇ ਹਨ। ਇਸ ਨਾਲ ਸਾਖ਼, ਨਿੱਜਤਾ ਤੇ ਮਰਿਆਦਾ ਦੇ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਵੀ ਪ੍ਰਭਾਵਿਤ ਹੋ ਰਹੇ ਹਨ। ਅਪਰਾਧਿਕ ਕਸੂਰ ਦੀ ਨਿਆਂਇਕ ਪੁਸ਼ਟੀ ਤੋਂ ਬਿਨਾਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਨਿੰਦਣ 'ਚ ਸੰਜਮ ਵਰਤਣ ਨਾਲ ਯਕੀਨੀ ਬਣੇਗਾ ਕਿ ਸਿਆਸੀ ਧਿਰਾਂ, ਜੋ ਜਮਹੂਰੀਅਤ ਦੀ ਜੀਵਨ ਰੇਖਾ ਵੀ ਹਨ, ਤੇ ਉਨ੍ਹਾਂ ਦੇ ਨੇਤਾ ਕਾਨੂੰਨ ਅਨੁਸਾਰ ਸੁਣਵਾਈ ਤੋਂ ਬਿਨਾਂ ਹੀ ਬਦਨਾਮ ਨਾ ਹੋਣ (ਧਾਰਾ 21)। ਇਸ ਨਾਲ ਸਾਰੀਆਂ ਰਾਜਨੀਤਕ ਧਿਰਾਂ ਦਾ ਸੱਤਾਧਾਰੀਆਂ ਦੀ ਬਦਲਾਖੋਰੀ ਵਾਲੀ ਬਿਰਤੀ ਤੋਂ ਬਚਾਅ ਹੋਵੇਗਾ ਤੇ ਲੋਕਤੰਤਰੀ ਵਚਨਬੱਧਤਾ ਦਾ ਮਿਆਰ ਉੱਚਾ ਹੋਵੇਗਾ।

ਇਸ ਤੋਂ ਪਹਿਲਾਂ ਕਿ ਸਾਡਾ ਲੋਕਤੰਤਰ ਅੰਦਰੋ-ਅੰਦਰੀ ਬੇਕਾਰ ਤੇ ਕਮਜ਼ੋਰ ਹੋਵੇ ਅਤੇ ਰਾਸ਼ਟਰ ਦੇ ਮੂਲ ਆਦਰਸ਼ ਕੁਮਲਾਉਣ, ਨੈਸ਼ਨਲ ਹੈਰਾਲਡ ਕੇਸ ਹਰੇਕ ਨੂੰ ਬਰਾਬਰ ਇਨਸਾਫ਼ ਦੇਣ ਦੇ ਆਦਰਸ਼ ਪ੍ਰਤੀ ਸਾਡੀ ਵਚਨਬੱਧਤਾ ਦੀ ਪਰਖ਼ ਬਣਨਾ ਚਾਹੀਦਾ ਹੈ। ਇਹ ਕੇਸ ਪ੍ਰਕਿਰਿਆਤਮਕ ਇਨਸਾਫ਼ ਦੀ ਪਵਿੱਤਰਤਾ, ਨਿਆਂਇਕ ਪ੍ਰਕਿਰਿਆ ਦੀ ਅਖੰਡਤਾ ਤੇ ਨਿਰਪੱਖ ਸੁਣਵਾਈ ਰਾਹੀਂ ਸੰਵਿਧਾਨਕ ਵਾਅਦੇ ਦੀ ਪਰਖ਼ ਸਾਬਿਤ ਹੋਵੇਗਾ ਅਤੇ ਇਲਜ਼ਾਮਾਂ ਦੁਬਾਰਾ ਚੱਲਦੀ ਮੁਕੱਦਮੇਬਾਜ਼ੀ ਖ਼ਿਲਾਫ਼ ਜਾਵੇਗਾ। ਜਿਸ ਤਰ੍ਹਾਂ ਜਸਟਿਸ ਡੀਵਾਈ ਚੰਦਰਚੂੜ ਨੇ ਸਾਨੂੰ ਭੀਮਾ-ਕੋਰੇਗਾ ' ਕੇਸ ਵਿਚ ਆਪਣੀ ਭਾਵਪੂਰਨ ਅਸਹਿਮਤੀ ਵਿਚ ਚੇਤੇ ਕਰਾਇਆ ਸੀ ਕਿ ਮੀਡੀਆ ਅਜ਼ਮਾਇਸ਼ਾਂ ਅਸਲ ਵਿਚ, ਖਾਸ ਤੌਰ 'ਤੇ ਅਪਰਾਧਿਕ ਕੇਸਾਂ 'ਚ ਵਿਅਕਤੀ ਦੀ ਸਵਾਧੀਨਤਾ ਤੇ ਆਜ਼ਾਦੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ।

ਨੈਸ਼ਨਲ ਹੈਰਾਲਡ ਕੇਸ ਬੁਨਿਆਦੀ ਮਹੱਤਵ ਦੇ ਕਈ ਸਵਾਲ ਚੁੱਕਦਾ ਹੈ। ਅਜਿਹੇ ਦੌਰ ਵਿਚ ਜਿੱਥੇ 'ਗੱਪਸ਼ੱਪ ਹੀ ਸਚਾਈ ਦਾ ਸਿਧਾਂਤ ਬਣ ਚੁੱਕੀ ਹੈ', ਕੀ ਇਹ ਜ਼ਰੂਰੀ ਹੈ ਕਿ ਮੁਲਜ਼ਮ ਦਾ ਨਿਆਂਇਕ ਤੌਰ 'ਤੇ ਕਸੂਰ ਲੱਭਣ ਤੋਂ ਪਹਿਲਾਂ ਹੀ ਉਸ ਨੂੰ ਲੋਕਾਂ 'ਚ ਨਿੰਦਿਆ ਜਾਵੇ? ਕੀ ਕਿਸੇ ਦਾ ਅਪਰਾਧਿਕ ਗੁਨਾਹ ਸਾਬਿਤ ਹੋਏ ਬਿਨਾਂ ਮੀਡੀਆ 'ਚ ਉਸ ਬਾਰੇ ਬੇਲਗਾਮ ਜਨਤਕ ਚਰਚਾ ਦੀ ਇਜਾਜ਼ਤ ਹੋਣੀ ਚਾਹੀਦੀ ਹੈ? ਇਹ ਇਨਸਾਫ਼ ਤੇ ਮਰਿਆਦਾ ਦੀ ਭਾਵਨਾ ਦੇ ਉਲਟ ਹੈ। ਕੀ ਧਾਰਨਾ ਦੇ ਸਿਆਸੀ ਯੁੱਧ ਜਿੱਤਣ ਲਈ ਅਪਰਾਧਿਕ ਮੁਕੱਦਮਿਆਂ 'ਚ ਸਚਾਈ ਲੱਭਣ ਵਾਲੀ ਢੁਕਵੀਂ ਕਾਨੂੰਨੀ ਕਾਰਵਾਈ ਦੇ ਆਦਰਸ਼ਾਂ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ, ਰਾਜਨੀਤਕ ਸਹੂਲਤ ਤੇ ਸੰਵਿਧਾਨਕ ਸਿਧਾਂਤਾਂ ਵਿਚਾਲੇ ਲੈਣ-ਦੇਣ ਕਰ ਕੇ? ਉਨ੍ਹਾਂ ਮੁਲਜ਼ਮਾਂ ਲਈ ਕੀ ਉਪਾਅ ਹੈ, ਜੇ ਕੋਈ ਹੈ ਵੀ ਤਾਂ, ਜਿਹੜੇ ਸਜ਼ਾ ਮਿਲਣ ਤੋਂ ਪਹਿਲਾਂ ਹੀ ਸਾਡੇ ਅਪਰਾਧਿਕ ਨਿਆਂ ਢਾਂਚੇ ਦੀਆਂ ਦਮਨਕਾਰੀ ਨੀਤੀਆਂ ਤੇ ਸਦੀਵੀ ਮੁਕੱਦਮਿਆਂ ਦਾ ਸ਼ਿਕਾਰ ਬਣਦੇ ਹਨ। ਇਹ ਸਵਾਲ ਦੇਸ਼ ਦੀ ਜ਼ਮੀਰ 'ਚ ਬਿਲਕੁਲ ਜਿਊਂਦੇ ਰਹਿਣੇ ਚਾਹੀਦੇ ਹਨ ਅਤੇ ਤਾਕਤ ਦੀ ਵਰਤੋਂ ਕਰਦਿਆਂ ਸਭਿਅਕ ਬਣੇ ਰਹਿਣ ਲਈ ਪ੍ਰੇਰਨਾ ਦੇ ਤੌਰ 'ਤੇ ਸਾਹਮਣੇ ਆਉਣੇ ਚਾਹੀਦੇ ਹਨ। ਕੇਵਲ ਤਾਂ ਹੀ ਅਸੀਂ ਨਿਰਪੱਖ ਸਮਾਜ ਦਾ ਸੰਵਿਧਾਨਕ ਵਾਅਦਾ ਪੂਰਾ ਕਰ ਸਕਾਂਗੇ, ਜਿਸ ਵਿੱਚ ਇਨਸਾਫ਼ ਸੱਤਾਧਾਰੀਆਂ ਦਾ ਗ਼ੁਲਾਮ ਨਹੀਂ ਹੈ। ਲੋਕਤੰਤਰੀ ਤੌਰ-ਤਰੀਕੇ ਦਾ ਵੱਖਰਾ ਗੁਣ ਹੈ ਕਿ ਇਹ ਸੱਤਾ ਨੂੰ ਨਿਰਪੱਖਤਾ ਤੇ ਨਿਆਂ ਦੀ ਸਮਾਜਿਕ ਭਾਵਨਾ ਦੇ ਅਧੀਨ ਰੱਖਦਾ ਹੈ। ਕਾਨੂੰਨੀ ਪ੍ਰਕਿਰਿਆਵਾਂ ਦੀ ਸ਼ੁੱਧਤਾ ਵੀ ਇਸੇ ਤਰ੍ਹਾਂ ਇਹ ਯਕੀਨੀ ਬਣਾਉਣ 'ਚ ਹੈ ਕਿ ਕਾਨੂੰਨ ਦੀ ਕਠੋਰਤਾ ਇਨਸਾਫ਼ ਦੀ ਮੌਤ ਦੀ ਵਜ੍ਹਾ ਨਾ ਬਣੇ। ਘਟਨਾਵਾਂ ਭਵਿੱਖ ਨੂੰ ਆਕਾਰ ਦਿੰਦੀਆਂ ਤੇ ਪਰਿਭਾਸ਼ਤ ਕਰਦੀਆਂ ਹਨ, ਉਮੀਦ ਹੈ ਕਿ ਨੈਸ਼ਨਲ ਹੈਰਾਲਡ ਕੇਸ ਕਾਨੂੰਨ ਦੇ ਰਾਜ ਪ੍ਰਤੀ ਰਾਸ਼ਟਰ ਦੀ ਵਚਨਬੱਧਤਾ ਦੀ ਪੁਸ਼ਟੀ ਦਾ ਮੌਕਾ ਬਣੇਗਾ ਤੇ ਪੱਖਪਾਤੀ ਰਾਜਨੀਤੀ ਦੀਆਂ ਸੀਮਾਵਾਂ ਤੈਅ ਕਰੇਗਾ।

# ਸੱਪ ਕੱਟਣ ਦੀ ਦਵਾਈ ਬਣਾਉਣ ਲਈ 200 ਵਾਰ ਡੰਗ ਮਰਵਾਇਆ



ਵਿਗਿਆਨੀਆਂ ਦਾ ਕਹਿਣਾ ਹੈ ਕਿ ਇੱਕ ਅਮਰੀਕੀ ਵਿਅਕਤੀ, ਜਿਸ ਨੇ ਲਗਭਗ ਦੋ ਦਹਾਕਿਆਂ ਤੱਕ ਜਾਣਬੁੱਝ ਕੇ ਆਪਣੇ ਆਪ ਨੂੰ ਸੱਪ ਦੇ ਜ਼ਹਿਰ ਦਾ ਟੀਕਾ ਲਗਾਇਆ, ਉਸ ਦੇ ਖੂਨ ਨਾਲ ਇੱਕ "ਬੇਮਿਸਾਲ" ਐਂਟੀਵੇਨਮ ਬਣਾਇਆ ਗਿਆ ਹੈ - ਭਾਵ ਜ਼ਹਿਰ ਦੀ ਦਵਾਈ। ਟਿਮ ਫ੍ਰਾਈਡ ਦੇ ਖੂਨ ਵਿੱਚ ਪਾਏ ਜਾਣ ਵਾਲੇ ਐਂਟੀਬਾਡੀਜ਼ ਨੂੰ ਜਾਨਵਰਾਂ ਦੇ ਟੈਸਟਾਂ ਵਿੱਚ ਕਈ ਕਿਸਮਾਂ ਦੀਆਂ ਘਾਤਕ ਖੁਰਾਕਾਂ ਤੋਂ ਬਚਾਉਣ ਵਾਲੇ ਸਾਬਿਤ ਹੋਏ ਹਨ।

ਮੌਜੂਦਾ ਇਲਾਜਾਂ ਦਾ ਅਜਿਹੇ ਜ਼ਹਿਰੀਲੇ ਸੱਪਾਂ ਦੀ ਖਾਸ ਕਿਸਮਾਂ ਨਾਲ ਮੇਲ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਕਿਸੇ ਨੂੰ ਵੀ ਡੰਗਿਆ ਹੈ। ਪਰ ਫ੍ਰਾਈਡ ਦਾ 18 ਸਾਲਾਂ ਦਾ ਮਿਸ਼ਨ ਸਾਰੀਆਂ ਕਿਸਮਾਂ ਦੇ ਸੱਪਾਂ ਦੇ ਡੰਗਣ ਕਾਰਨ ਫੈਲਣ ਵਾਲੇ ਜ਼ਹਿਰ ਦੀ ਕਾਟ (ਯੂਨੀਵਰਸਲ ਐਂਟੀਵੇਨਮ) ਲੱਭਣ ਵਿੱਚ ਇੱਕ ਮਹੱਤਵਪੂਰਨ ਕਦਮ ਹੋ ਸਕਦਾ ਹੈ। ਇੱਕ ਸਾਲ ਵਿੱਚ ਸੱਪਾਂ ਦੇ ਡੰਗਣ ਕਾਰਨ 14,000 ਲੋਕਾਂ ਦੀ ਜਾਨ ਜਾਂਦੀ ਹੈ ਅਤੇ ਤਿੰਨ ਗੁਣਾ ਤੋਂ ਜ਼ਿਆਦਾ ਲੋਕਾਂ ਦੇ ਅੰਗ ਕੱਟਣ ਦੀ ਲੋੜ ਪੈਂਦੀ ਹੈ ਜਾਂ ਉਨ੍ਹਾਂ ਨੂੰ ਸਥਾਈ ਅਪੰਗਤਾ ਹੋ ਜਾਂਦੀ ਹੈ।



### 200 ਵਾਰ ਸੱਪ ਤੋਂ ਡੰਗ ਮਰਵਾਇਆ

ਫ੍ਰਾਈਡ ਨੇ ਕੁੱਲ ਮਿਲਾ ਕੇ 200 ਵਾਰ ਸੱਪ ਤੋਂ ਡੰਗ ਮਰਵਾਇਆ ਹੈ ਅਤੇ ਦੁਨੀਆਂ ਦੇ ਕੁਝ ਸਭ ਤੋਂ ਘਾਤਕ ਸੱਪਾਂ - ਜਿਨ੍ਹਾਂ ਵਿੱਚ ਮਾਂਬਾ, ਕੋਬਰਾ, ਤਾਈਪਾਨ ਅਤੇ ਕਰੇਟ ਸ਼ਾਮਲ ਹਨ - ਤੋਂ ਤਿਆਰ ਕੀਤੇ ਜ਼ਹਿਰ ਦੇ 700 ਤੋਂ ਵੱਧ ਟੀਕੇ ਲਗਾਏ ਹਨ। ਫ੍ਰਾਈਡ ਇੱਕ ਸਾਬਕਾ ਟਰੱਕ ਮਕੈਨਿਕ ਹਨ, ਉਹ ਸ਼ੁਰੂ ਵਿੱਚ ਸੱਪਾਂ ਨੂੰ ਸੰਭਾਲਣ ਵੇਲੇ ਆਪਣੇ ਆਪ ਨੂੰ ਬਚਾਉਣ ਲਈ ਆਪਣੀ ਪ੍ਰਤੀਰੋਧਕ ਸ਼ਕਤੀ ਵਧਾਉਣਾ ਚਾਹੁੰਦੇ ਸਨ ਅਤੇ ਯੂਟਿਊਬ 'ਤੇ ਆਪਣੇ ਕਾਰਨਾਮਿਆਂ ਦਾ ਦਸਤਾਵੇਜ਼ੀਕਰਨ ਕਰਦੇ ਸਨ।

ਪਰ ਉਨ੍ਹਾਂ ਨੇ ਕਿਹਾ ਕਿ ਸ਼ੁਰੂ ਵਿੱਚ ਉਨ੍ਹਾਂ ਦੀ ਹਾਲਤ "ਪੂਰੀ ਤਰ੍ਹਾਂ ਖਰਾਬ" ਹੋ ਗਈ ਸੀ, ਜਦੋਂ ਦੋ ਕੋਬਰਾ ਦੇ ਡੰਗਣ ਨਾਲ ਉਹ ਕੋਮਾ ਵਿੱਚ ਚਲੇ ਗਏ ਸਨ। ਉਨ੍ਹਾਂ ਕਿਹਾ, "ਮੈਂ ਮਰਨਾ ਨਹੀਂ ਚਾਹੁੰਦਾ ਸੀ। ਮੈਂ ਕੰਮ ਨਹੀਂ ਗੁਆਉਣਾ ਚਾਹੁੰਦਾ ਸੀ।" ਫ੍ਰਾਈਡ ਕਹਿੰਦੇ ਹਨ ਕਿ ਉਨ੍ਹਾਂ ਦਾ ਮੰਤਵ ਹੈ ਕਿ ਦੁਨੀਆਂ ਨੂੰ ਅਜਿਹੇ ਮਾਮਲਿਆਂ 'ਚ ਬਿਹਤਰ ਇਲਾਜ ਮਿਲ ਸਕੇ। ਆਪਣੀ ਗੱਲ ਨੂੰ ਸਮਝਾਉਂਦਿਆਂ ਉਹ ਕਹਿੰਦੇ ਹਨ, "ਇਹ ਇੱਕ ਜੀਵਨ ਸ਼ੈਲੀ ਬਣ ਗਈ ਅਤੇ ਮੈਂ ਜਿੰਨਾ ਜ਼ੋਰ ਲਗਾ ਸਕਦਾ ਸੀ ਲਗਾਉਂਦਾ ਰਿਹਾ - ਉਨ੍ਹਾਂ ਲੋਕਾਂ ਲਈ ਜੋ ਸ਼ਾਇਦ ਮੇਰੇ ਤੋਂ 8,000 ਮੀਲ ਦੂਰ ਹਨ ਅਤੇ ਸੱਪ ਦੇ ਡੰਗ ਨਾਲ ਮਰ ਜਾਂਦੇ ਹਨ"।

ਵਰਤਮਾਨ ਵਿੱਚ ਐਂਟੀਵੇਨਮ ਨੂੰ, ਘੋੜਿਆਂ ਵਰਗੇ ਜਾਨਵਰਾਂ ਵਿੱਚ ਸੱਪ ਦੇ ਜ਼ਹਿਰ ਦੀਆਂ ਛੋਟੀਆਂ ਖੁਰਾਕਾਂ ਦੇ ਟੀਕੇ ਲਗਾ ਕੇ ਬਣਾਇਆ ਜਾਂਦਾ ਹੈ। ਉਨ੍ਹਾਂ ਦਾ ਇਮਿਊਨ ਸਿਸਟਮ ਐਂਟੀਬਾਡੀਜ਼ ਪੈਦਾ ਕਰਕੇ ਜ਼ਹਿਰ ਨਾਲ ਲੜਦਾ ਹੈ ਅਤੇ ਫਿਰ ਇਨ੍ਹਾਂ ਐਂਟੀਬਾਡੀਜ਼ ਨੂੰ ਥੈਰੇਪੀ ਵਜੋਂ ਵਰਤਣ ਲਈ ਇਕੱਠਾ ਕੀਤਾ ਜਾਂਦਾ ਹੈ। ਪਰ ਜ਼ਹਿਰ ਅਤੇ ਐਂਟੀਵੇਨਮ (ਜ਼ਹਿਰ ਦੀ ਕਾਟ) ਬਹੁਤੇ ਨੇੜਲੀ ਕਿਸਮ ਦੇ ਹੋਣੇ ਚਾਹੀਦੇ ਹਨ, ਕਿਉਂਕਿ ਵੱਖ-ਵੱਖ ਪ੍ਰਜਾਤੀਆਂ ਦੇ ਜ਼ਹਿਰ ਵਿੱਚ ਮੌਜੂਦ ਪਦਾਰਥ ਵੱਖੋ-ਵੱਖਰੇ ਹੋ ਸਕਦੇ ਹਨ।ਇੱਕੋ ਪ੍ਰਜਾਤੀ ਦੇ ਅੰਦਰ ਵੀ ਵਿਆਪਕ ਵਿਭਿੰਨਤਾ ਹੁੰਦੀ ਹੈ- ਭਾਰਤ ਵਿੱਚ ਸੱਪਾਂ ਤੋਂ ਬਣਿਆ ਐਂਟੀਵੇਨਮ ਸ਼੍ਰੀਲੰਕਾ ਵਿੱਚ ਉਸੇ ਪ੍ਰਜਾਤੀ ਦੇ ਜ਼ਹਿਰ ਵਿਰੁੱਧ ਘੱਟ ਪ੍ਰਭਾਵਸ਼ਾਲੀ ਹੈ। ਖੋਜਕਰਤਾਵਾਂ ਦੀ ਇੱਕ ਟੀਮ ਨੇ ਇੱਕ ਕਿਸਮ ਦੀ ਇਮਿਊਨ ਡਿਫੈਂਸ ਦੀ ਖੋਜ ਸ਼ੁਰੂ ਕੀਤੀ ਜਿਸਨੂੰ ਵਿਆਪਕ ਤੌਰ 'ਤੇ ਨਿਊਟਰਲਾਈਜ਼ਿੰਗ ਐਂਟੀਬਾਡੀਜ਼ ਕਿਹਾ ਜਾਂਦਾ ਹੈ। ਕਿਸੇ ਜ਼ਹਿਰ ਦੇ ਉਸ ਹਿੱਸੇ ਨੂੰ ਟਾਰਗੇਟ ਕਰਨ ਦੀ ਬਜਾਏ ਜੋ ਇਸਨੂੰ ਵਿਲੱਖਣ ਬਣਾਉਂਦਾ ਹੈ, ਉਹ ਉਨ੍ਹਾਂ ਹਿੱਸਿਆਂ ਨੂੰ ਟਾਰਗੇਟ ਕਰਦੇ ਹਨ ਜੋ ਜ਼ਹਿਰ ਦੀਆਂ ਸਾਰੀਆਂ ਕਿਸਮਾਂ ਵਿੱਚ ਆਮ ਹਨ।

ਇਸੇ ਦੌਰਾਨ ਬਾਇ ਟੈਕ ਕੰਪਨੀ ਸੈਂਟੀਵੈਕਸ ਦੇ ਮੁੱਖ ਕਾਰਜਕਾਰੀ ਡਾਕਟਰ ਜੈਕਬ ਗਲੈਨਵਿਲ, ਟਿਮ ਫ੍ਰਾਈਡ ਨੂੰ ਮਿਲੇ। ਡਾਕਟਰ ਜੈਕਬ ਕਹਿੰਦੇ ਹਨ, "ਮੈਂ ਤੁਰੰਤ ਸੋਚਿਆ ਕਿ 'ਜੇਕਰ ਦੁਨੀਆਂ ਵਿੱਚ ਕਿਸੇ ਨੇ ਵੀ ਵਿਆਪਕ ਤੌਰ 'ਤੇ ਨਿਊਟਰਲਾਈਜ਼ਿੰਗ ਐਂਟੀਬਾਡੀਜ਼ ਵਿਕਸਤ ਕੀਤੇ ਹਨ, ਤਾਂ ਇਹ ਉਹੀ ਵਿਅਕਤੀ ਹੋ ਸਕਦਾ ਹੈ' ਅਤੇ ਇਸ ਲਈ ਮੈਂ ਉਨ੍ਹਾਂ ਨੂੰ ਸੰਪਰਕ ਕੀਤਾ।" ਉਨ੍ਹਾਂ ਕਿਹਾ, "ਪਹਿਲੀ ਹੀ ਕਾਲ ਵਿੱਚ ਮੈਂ ਕਿਹਾ, 'ਇਹ ਸੁਣਨ 'ਚ ਅਜੀਬ ਲੱਗ ਸਕਦਾ ਹੈ, ਪਰ ਮੈਨੂੰ ਤੁਹਾਡਾ ਥੋੜ੍ਹਾ ਜਿਹਾ ਖੂਨ ਚਾਹੀਦਾ ਹੈ।" ਫ੍ਰਾਈਡ ਵੀ ਸਹਿਮਤ ਹੋ ਗਏ ਅਤੇ ਕੰਮ ਨੂੰ ਨੈਤਿਕ ਪ੍ਰਵਾਨਗੀ ਦੇ ਦਿੱਤੀ ਗਈ ਕਿਉਂਕਿ ਅਧਿਐਨ ਵਿੱਚ ਸਿਰਫ਼ ਉਨ੍ਹਾਂ ਦੇ ਖੂਨ ਦੇ ਨਮੂਨੇ ਲਏ ਜਾਣੇ ਸਨ, ਨਾ ਕਿ ਉਨ੍ਹਾਂ ਨੂੰ ਹੋਰ ਜ਼ਹਿਰ ਦਿੱਤਾ ਜਾਣਾ ਸੀ।

### ਖੋਜ ਲਈ ਧਰਤੀ ਦੇ ਸਭ ਤੋਂ ਖਤਰਨਾਕ ਸੱਪ ਚੁਣੇ ਗਏ

ਖੋਜ ਇਲਾਪਿਡਸ 'ਤੇ ਕੇਂਦ੍ਰਿਤ ਸੀ, ਜੋ ਕਿ ਜ਼ਹਿਰੀਲੇ ਸੱਪਾਂ ਦੇ ਦੋ ਪਰਿਵਾਰਾਂ ਵਿੱਚੋਂ ਇੱਕ ਹਨ - ਜਿਵੇਂ ਕਿ ਕੋਰਲ ਸੱਪ, ਮਾਂਬਾ, ਕੋਬਰਾ, ਟਾਈਪਾਨ ਅਤੇ ਕਰੇਟ। ਇਲਾਪਿਡਸ ਮੁੱਖ ਤੌਰ 'ਤੇ ਆਪਣੇ ਜ਼ਹਿਰ ਵਿੱਚ ਨਿਊਰੋਟੌਕਸਿਨ ਦੀ ਵਰਤੋਂ ਕਰਦੇ ਹਨ, ਜੋ ਉਨ੍ਹਾਂ ਦੇ ਸ਼ਿਕਾਰ ਨੂੰ ਅਧਰੰਗ ਕਰ ਦਿੰਦੇ ਹਨ ਅਤੇ ਜਦੋਂ ਇਹ ਸਾਹ ਲੈਣ ਲਈ ਲੋੜੀਂਦੀਆਂ ਮਾਸਪੇਸ਼ੀਆਂ ਨੂੰ ਰੋਕ ਦਿੰਦਾ ਹੈ ਤਾਂ ਘਾਤਕ ਸਾਬਿਤ ਹੁੰਦਾ ਹੈ।

ਖੋਜਕਰਤਾਵਾਂ ਨੇ ਵਿਸ਼ਵ ਸਿਹਤ ਸੰਗਠਨ ਦੁਆਰਾ ਧਰਤੀ 'ਤੇ ਮੌਜੂਦ ਸਭ ਤੋਂ ਘਾਤਕ ਸੱਪਾਂ ਵਿੱਚੋਂ ਪਛਾਣੇ ਗਏ 19 ਇਲਾਪਿਡਸ ਨੂੰ ਚੁਣਿਆ। ਫਿਰ ਉਨ੍ਹਾਂ ਨੇ ਬਚਾਅ ਦੇ ਉਪਾਅ ਲੱਭਣ ਲਈ ਫ੍ਰਾਈਡ ਦੇ ਖੂਨ ਦੀ ਜਾਂਚ ਸ਼ੁਰੂ ਕੀਤੀ। ਉਨ੍ਹਾਂ ਦੇ ਕੰਮ, ਜਰਨਲ ਸੈੱਲ ਵਿੱਚ ਵਿਸਤ੍ਰਿਤ ਤੌਰ 'ਤੇ ਮੌਜੂਦ ਹਨ। ਇਸ ਦੌਰਾਨ ਉਨ੍ਹਾਂ ਨੇ ਦੋ ਵਿਆਪਕ ਤੌਰ 'ਤੇ ਜ਼ਹਿਰ ਨੂੰ ਬੇਅਸਰ ਕਰਨ ਵਾਲੇ ਐਂਟੀਬਾਡੀਜ਼ ਦੀ ਪਛਾਣ ਕੀਤੀ ਜੋ ਨਿਊਰੋਟੌਕਸਿਨ ਦੇ ਦੋ ਵਰਗਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਨਿਊਰੋਟੌਕਸਿਨ ਦੇ ਇੱਕ ਤੀਸਰੇ ਵਰਗ ਨੂੰ ਨਿਸ਼ਾਨਾ ਬਣਾਉਣ ਲਈ, (ਐਂਟੀਵੈਨਮ ਕਾਕਟੇਲ ਬਣਾਉਣ ਲਈ) ਉਨ੍ਹਾਂ ਨੇ ਇਸ ਨੂੰ ਇੱਕ ਦਵਾਈ ਵਿੱਚ ਵੀ ਸ਼ਾਮਲ ਕੀਤਾ। ਉਨ੍ਹਾਂ ਕਿਹਾ ਕਿ ਇਹ "ਸੰਭਾਵਤ ਤੌਰ 'ਤੇ ਇਲਾਪਿਡਸ ਦੇ ਇੱਕ ਪੂਰੇ ਸਮੂਹ ਨੂੰ ਕਵਰ ਕਰਦਾ ਹੈ, ਜਿਸ ਲਈ ਕੋਈ ਮੌਜੂਦਾ ਐਂਟੀਵੇਨਮ ਨਹੀਂ ਹੈ"।

### ਪ੍ਰਯੋਗ 'ਚ ਕੀ ਸਾਹਮਣੇ ਆਇਆ

ਚੂਹਿਆਂ 'ਤੇ ਕੀਤੇ ਗਏ ਪ੍ਰਯੋਗਾਂ ਵਿੱਚ, ਕਾਕਟੇਲ ਦਾ ਮਤਲਬ ਸੀ ਕਿ ਜਾਨਵਰ ਜ਼ਹਿਰੀਲੇ ਸੱਪਾਂ ਦੀਆਂ 19 ਕਿਸਮਾਂ ਵਿੱਚੋਂ 13 ਵਿੱਚੋਂ ਘਾਤਕ ਖੁਰਾਕਾਂ ਤੋਂ ਸੁਰੱਖਿਅਤ ਬਚ ਗਏ। ਉਨ੍ਹਾਂ ਨੂੰ ਬਾਕੀ ਛੇ ਦੇ ਵਿਰੁੱਧ ਅੰਸ਼ਕ ਸੁਰੱਖਿਆ ਮਿਲੀ। ਡਾਕਟਰ ਗਲੈਨਵਿਲ ਦੇ ਅਨੁਸਾਰ, ਸੁਰੱਖਿਆ ਦੀ ਵਿਆਪਕਤਾ "ਬੇਮਿਸਾਲ" ਹੈ। ਮਾਹਿਰਾਂ ਦੀ ਟੀਮ ਐਂਟੀਬਾਡੀਜ਼ ਨੂੰ ਹੋਰ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਦੇਖਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਚੌਥਾ ਹਿੱਸਾ ਜੋੜਨ ਨਾਲ ਇਲਾਪਿਡ ਸੱਪ ਦੇ ਜ਼ਹਿਰ ਤੋਂ ਪੂਰੀ ਸੁਰੱਖਿਆ ਮਿਲ ਸਕਦੀ ਹੈ।

ਸੱਪਾਂ ਦਾ ਦੂਜਾ ਵਰਗ - ਵਾਈਪਰ ਹੈ ਜੋ ਨਿਊਰੋਟੌਕਸਿਨ ਦੀ ਬਜਾਏ ਹੀਮੋਟੌਕਸਿਨ 'ਤੇ ਜ਼ਿਆਦਾ ਨਿਰਭਰ ਕਰਦੇ ਹਨ, ਜੋ ਖੂਨ 'ਤੇ ਹਮਲਾ ਕਰਦੇ ਹਨ। ਕੁੱਲ ਮਿਲਾ ਕੇ ਸੱਪ ਦੇ ਜ਼ਹਿਰ ਵਿੱਚ ਜ਼ਹਿਰ ਦੇ ਲਗਭਗ ਇੱਕ ਦਰਜਨ ਵਿਆਪਕ ਵਰਗ ਹਨ, ਜਿਸ ਵਿੱਚ ਸਾਈਟੋਟੌਕਸਿਨ ਵੀ ਸ਼ਾਮਲ ਹਨ, ਜੋ ਸਿੱਧੇ ਤੌਰ 'ਤੇ ਸਰੀਰ ਦੇ ਸੈੱਲਾਂ ਨੂੰ ਮਾਰਦੇ ਹਨ।ਕੋਲੰਬੀਆ ਯੂਨੀਵਰਸਿਟੀ ਦੇ ਖੋਜਕਰਤਾਵਾਂ ਵਿੱਚੋਂ ਇੱਕ, ਪ੍ਰੋਫੈਸਰ ਪੀਟਰ ਕਵਾਂਗ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਅਗਲੇ 10 ਜਾਂ 15 ਸਾਲਾਂ ਵਿੱਚ ਸਾਡੇ ਕੋਲ ਉਨ੍ਹਾਂ ਜ਼ਹਿਰੀਲੇ ਵਰਗਾਂ ਵਿੱਚੋਂ ਹਰੇਕ ਦੇ ਵਿਰੁੱਧ ਕੁਝ ਪ੍ਰਭਾਵਸ਼ਾਲੀ ਹੋਵੇਗਾ।" ਫ੍ਰਾਈਡ ਦੇ ਖੂਨ ਦੇ ਨਮੂਨਿਆਂ ਦੀ ਮਦਦ ਨਾਲ ਇਹ ਕੰਮ ਜਾਰੀ ਹੈ।

ਪ੍ਰੋਫੈਸਰ ਕਵਾਂਗ ਨੇ ਕਿਹਾ, "ਟਿਮ ਦੇ ਐਂਟੀਬਾਡੀਜ਼ ਸੱਚਮੁੱਚ ਬਹੁਤ ਹੀ ਅਸਾਧਾਰਨ ਹਨ - ਉਨ੍ਹਾਂ ਨੇ ਆਪਣੇ ਇਮਿਊਨ ਸਿਸਟਮ ਨੂੰ (ਸੱਪਾਂ ਦੇ ਜ਼ਹਿਰ ਖ਼ਿਲਾਫ਼) ਇਹ ਬਹੁਤ, ਬਹੁਤ ਵਿਆਪਕ ਮਾਨਤਾ ਪ੍ਰਾਪਤ ਕਰਨਾ ਸਿਖਾਇਆ ਹੈ।" ਅੰਤਮ ਉਮੀਦ ਇਹ ਹੈ ਕਿ ਜਾਂ ਤਾਂ ਇੱਕ ਸਿੰਗਲ ਐਂਟੀਵੇਨਮ ਹੋਵੇ ਜੋ ਸਾਰੇ ਜ਼ਹਿਰਾਂ ਖ਼ਿਲਾਫ਼ ਕੰਮ ਕਰੇ ਜਾਂ ਫਿਰ ਇੱਕ ਟੀਕਾ ਇਲਾਪਿਡਜ਼ ਲਈ ਅਤੇ ਇੱਕ ਟੀਕਾ ਵਾਈਪਰਾਂ ਲਈ ਹੋਵੇ।

ਪ੍ਰੋਫੈਸਰ ਨਿੱਕ ਕੇਸਵੈੱਲ, ਲਿਵਰਪੂਲ ਸਕੂਲ ਆਫ਼ ਟ੍ਰੌਪਿਕਲ ਮੈਡੀਸਨ ਵਿਖੇ ਸੱਪ ਦੇ ਕੱਟਣ ਸਬੰਧੀ ਰਿਸਰਚ ਅਤੇ ਇੰਟਰਵੈਂਸ਼ਨ ਸੈਂਟਰ ਦੇ ਮੁਖੀ ਹਨ। ਉਨ੍ਹਾਂ ਕਿਹਾ ਕਿ ਰਿਪੋਰਟ ਕੀਤੀ ਗਈ ਸੁਰੱਖਿਆ ਦੀ ਵਿਸ਼ਾਲਤਾ "ਨਿਸ਼ਚਤ ਤੌਰ 'ਤੇ ਨਵੀਂ" ਹੈ ਅਤੇ "ਇੱਕ ਮਜ਼ਬੂਤ ਸਬੂਤ" ਪ੍ਰਦਾਨ ਕਰਦੀ ਹੈ ਕਿ ਇਹ ਇੱਕ ਸੰਭਵ ਪਹੁੰਚ ਹੈ। "ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਕੰਮ ਇਸ ਖੇਤਰ ਨੂੰ ਇੱਕ ਦਿਲਚਸਪ ਦਿਸ਼ਾ ਵਿੱਚ ਅੱਗੇ ਵਧਾਉਂਦਾ ਹੈ।" ਪਰ ਉਨ੍ਹਾਂ ਚੇਤਾਵਨੀ ਵੀ ਦਿੱਤੀ ਕਿ "ਬਹੁਤ ਸਾਰਾ ਕੰਮ ਕਰਨਾ ਅਜੇ ਬਾਕੀ ਹੈ" ਅਤੇ ਐਂਟੀਵੇਨਮ ਨੂੰ ਲੋਕਾਂ ਵਿੱਚ ਵਰਤਣ ਤੋਂ ਪਹਿਲਾਂ ਅਜੇ ਵੀ ਵਿਆਪਕ ਟੈਸਟਿੰਗ ਦੀ ਲੋੜ ਹੈ। ਪਰ ਫ੍ਰਾਈਡ ਕਹਿੰਦੇ ਹਨ ਇਸ ਪੜਾਅ 'ਤੇ ਪਹੁੰਚਣਾ "ਮੈਨੂੰ ਚੰਗਾ ਮਹਿਸੂਸ ਕਰਵਾਉਂਦਾ ਹੈ"। ਉਹ ਕਹਿੰਦੇ ਹਨ, "ਮੈਂ ਮਨੁੱਖਤਾ ਲਈ ਕੁਝ ਚੰਗਾ ਕਰ ਰਿਹਾ ਹਾਂ ਅਤੇ ਇਹ ਮੇਰੇ ਲਈ ਬਹੁਤ ਮਹੱਤਵਪੂਰਨ ਹੈ। ਮੈਨੂੰ ਇਸ 'ਤੇ ਮਾਣ ਹੈ। ਇਹ ਬਹੁਤ ਵਧੀਆ ਹੈ।

# ਕੀੜੀਆਂ ਨੂੰ ਘਰੋਂ ਭਜਾਉਣ ਲਈ ਅਪਨਾਓ ਇਹ 5 ਘਰੇਲੂ ਨੁਸਖੇ

ਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਇਹ ਮੌਸਮ ਨਾ ਸਿਰਫ਼ ਕਈ ਸਿਹਤ ਸਮੱਸਿਆਵਾਂ ਨੂੰ ਨਾਲ ਲਿਆਉਂਦਾ ਹੈ, ਸਗੋਂ ਘਰ ਵਿਚ ਮੱਛਰਾਂ ਤੇ ਹੋਰ ਕੀੜੇ-ਮਕੌੜਿਆਂ ਦਾ ਆਉਣਾ ਵੀ ਸ਼ੁਰੂ ਹੋ ਜਾਂਦਾ ਹੈ। ਇਸ ਦੌਰਾਨ ਕੀੜੀਆਂ ਵੀ ਆਉਣ ਲੱਗਦੀਆਂ ਹਨ। ਹਾਲਾਂਕਿ ਇਨ੍ਹਾਂ ਦਾ ਆਉਣਾ ਆਮ ਹੈ, ਪਰ ਇਹ ਖਾਣ-ਪੀਣ ਦੀਆਂ ਚੀਜ਼ਾਂ ਨੂੰ ਖਰਾਬ ਕਰ ਦਿੰਦੀਆਂ ਹਨ, ਜਿਸ ਨਾਲ ਸਮੱਸਿਆ ਵੱਧ ਸਕਦੀ ਹੈ।



ਕੀੜੀਆਂ ਕਈ ਵਾਰੀ ਕੱਪੜਿਆਂ 'ਚ ਵੀ ਵੜ ਜਾਂਦੀਆਂ ਹਨ, ਜਿਸ ਨਾਲ ਇਨ੍ਹਾਂ ਨੂੰ ਪਹਿਨਣ 'ਤੇ ਕੱਟ ਸਕਦੀਆਂ ਹਨ। ਇਸ ਨਾਲ ਸਕਿੰਨ ਨੂੰ ਨੁਕਸਾਨ ਪਹੁੰਚ ਸਕਦਾ ਹੈ। ਕਿਹਾ ਜਾਂਦਾ ਹੈ ਕਿ ਜੇ ਘਰ 'ਚ ਸਾਫ਼-ਸਫਾਈ ਰੱਖੀ ਜਾਵੇ ਤਾਂ ਕੀੜੀਆਂ ਦਾ ਆਉਣਾ ਘਟ ਸਕਦਾ ਹੈ। ਖਾਣ-ਪੀਣ ਦੀਆਂ ਚੀਜ਼ਾਂ ਨੂੰ ਢਕ ਕੇ ਰੱਖਣਾ ਚਾਹੀਦਾ ਹੈ। ਇਸ ਦੇ ਬਾਵਜੂਦ ਜੇਕਰ ਕੀੜੀਆਂ ਘਰ 'ਚੋਂ ਗਾਇਬ ਨਹੀਂ ਹੋ ਰਹੀਆਂ ਤਾਂ ਅਸੀਂ ਤੁਹਾਨੂੰ ਕੁਝ ਘਰੇਲੂ ਨੁਸਖੇ ਦੱਸ ਰਹੇ ਹਾਂ ਜੋ ਬਹੁਤ ਲਾਭਦਾਇਕ ਹੋ ਸਕਦੇ ਹਨ। ਆ ਜਾਣੀਏ ਕੀੜੀਆਂ ਨੂੰ ਘਰੋਂ ਭਜਾਉਣ ਦੇ ਕੁਝ ਘਰੇਲੂ ਨੁਸਖਿਆਂ ਬਾਰੇ:

### ਨਿੰਬੂ ਤੇ ਪਾਣੀ ਦੀ ਸਪਰੇਅ

ਨਿੰਬੂ ਦੀ ਖੁਸ਼ਬੂ ਤੇ ਉਸਦਾ ਖੱਟਾਪਣ ਕੀੜੀਆਂ ਨੂੰ ਬਿਲਕੁਲ ਪਸੰਦ ਨਹੀਂ ਆਉਂਦਾ। ਇਸ ਲਈ, ਤੁਸੀਂ ਸਪਰੇਅ ਬੋਤਲ 'ਚ ਪਾਣੀ ਭਰ ਲ ਤੇ ਉਸ ਵਿਚ ਨਿੰਬੂ ਦਾ ਰਸ ਮਿਲਾ ਕੇ ਕੀੜੀਆਂ ਦੇ ਆਉਣ ਵਾਲੇ ਰਸਤੇ, ਕੋਣਿਆਂ ਤੇ ਬੂਹੇ-ਬਾਰੀਆਂ 'ਤੇ ਸਪਰੇਅ ਕਰ ਦਿਉ। ਇਹ ਉਪਾਅ ਕੁਦਰਤੀ ਹੈ ਤੇ ਰਸੋਈ 'ਚ ਵੀ ਆਸਾਨੀ ਨਾਲ ਵਰਤਿਆ ਜਾ ਸਕਦਾ ਹੈ। ਇਸਨੂੰ ਰੋਜ਼ਾਨਾ ਕਰਨਾ ਪਵੇਗਾ ਤਾਂ ਜੋ ਸਾਰੀਆਂ ਕੀੜੀਆਂ ਘਰੋਂ ਦੂਰ ਚਲੀਆਂ ਜਾਣ।

### ਸਿਰਕਾ ਵੀ ਕਾਰਗਰ

ਚਿੱਟਾ ਸਿਰਕਾ ਵੀ ਕੀੜਈਆਂ ਨੂੰ ਭਜਾਉਣ 'ਚ ਬੇਹੱਦ ਅਸਰਦਾਰ ਹੁੰਦਾ ਹੈ। ਬਰਾਬਰ ਮਾਤਰਾ 'ਚ ਪਾਣੀ ਤੇ ਸਿਰਕਾ ਮਿਲਾ ਕੇ ਸਪਰੇਅ ਬੋਤਲ 'ਚ ਭਰ ਲ । ਫਿਰ ਜਿੱਥੇ-ਜਿੱਥੇ ਕੀੜੀਆਂ ਨਜ਼ਰ ਆਉਂ-ਦੀਆਂ ਹਨ ਜਾਂ ਜਿਨ੍ਹਾਂ ਰਸਤੇ ਕੀੜੀਆਂ ਆਉਂਦੀਆਂ ਹਨ, ਉਥੇ ਇਸਨੂੰ ਸਪਰੇਅ ਕਰ ਦਿ । ਇਸ ਨਾਲ ਉਨ੍ਹਾਂ ਦੀ ਖੁਸ਼ਬੂ ਦੀ ਲਾਈਨ ਟੁੱਟ ਜਾਂਦੀ ਹੈ ਤੇ ਉਹ ਦੁਬਾਰਾ ਉਸ ਰਸਤੇ ਨਹੀਂ ਆਉਂਦੀਆਂ।

### ਹਿੰਗ ਦਾ ਪਾਣੀ

ਇਕ ਗਿਲਾਸ ਕੋਸੇ ਪਾਣੀ 'ਚ ਲਗਪਗ ਅੱਧਾ ਚਮਚ ਹਿੰਗ ਦਾ ਪਾਊਡਰ ਮਿਲਾ ਲ । ਹੁਣ ਜਿੱਥੇ ਕੀੜੀਆਂ ਦਾ ਆਉਣਾ-ਜਾਣਾ ਜ਼ਿਆਦਾ ਹੁੰਦਾ ਹੈ, ਉਥੇ ਇਸਨੂੰ ਸਪਰੇਅ ਕਰ ਦਿਉ। ਇਸਨੂੰ ਦਿਨ ਵਿਚ ਇਕ ਦੋ ਵਾਰੀ ਦੁਹਰਾਉਣਾ ਹੈ, ਜਦ ਤਕ ਕੀੜੀਆਂ ਪੂਰੀ ਤਰ੍ਹਾਂ ਚਲੀਆਂ ਨਾ ਜਾਣ।

### ਦਾਲਚੀਨੀ ਜਾਂ ਲੌਂਗ ਰੱਖੋ

ਤੁਹਾਨੂੰ ਦੱਸ ਦਈਏ ਕਿ ਕੀੜੀਆਂ ਨੂੰ ਤੇਜ਼ ਖੁਸ਼ਬੂ ਵਾਲੀਆਂ ਚੀਜ਼ਾਂ ਪਸੰਦ ਨਹੀਂ ਆਉਂਦੀਆਂ। ਇਸ ਲਈ, ਤੁਸੀਂ ਜਿੱਥੋਂ ਕੀੜੀਆਂ ਆਉਂਦੀਆਂ ਹਨ, ਉਨ੍ਹਾਂ ਰਸਤਿਆਂ 'ਤੇ ਦਾਲਚੀਨੀ ਦੀ ਸਟਿੱਕ ਜਾਂ ਪਾਊਡਰ ਅਤੇ ਲੌਂਗ ਵੀ ਰੱਖ ਸਕਦੇ ਹੋ। ਇਸ ਨਾਲ ਨਾ ਸਿਰਫ਼ ਕੀੜੀਆਂ ਦੂਰ ਰਹਿਣਗੀਆਂ, ਸਗੋਂ ਘਰ 'ਚ ਹਲਕੀ-ਹਲਕੀ ਖੁਸ਼ਬੂ ਵੀ ਬਣੀ ਰਹੇਗੀ।

### ਘਰ ਨੂੰ ਸਾਫ਼ ਤੇ ਸੁੱਕਾ ਰੱਖੋ

ਕੀੜੀਆਂ ਅਕਸਰ ਉਥੇ ਆਉਂਦੀਆਂ ਹਨ ਜਿੱਥੇ ਗੰਦਗੀ ਹੁੰਦੀ ਹੈ। ਇਸ ਲਈ, ਘਰ ਨੂੰ ਸਾਫ਼ ਤੇ ਸੁੱਕਾ ਰੱਖੋ। ਰੋਜ਼ਾਨਾ ਝਾੜੂ-ਪੋਚਾ ਕਰੋ। ਧਿਆਨ ਰੱਖੋ ਕਿ ਖਾਣ-ਪੀਣ ਦੀਆਂ ਚੀਜ਼ਾਂ ਢੱਕ ਕੇ ਰੱਖੀਆਂ ਹੋਣ।

# ਤਣਾਅ ਹੋਰ ਵਧਣ ਕਾਰਨ ਪਾਕਿ ਦੀ ਆਰਥਿਕਤਾ ਹੋ ਜਾਵੇਗੀ ਬਰਬਾਦ- ਮੂਡੀਜ਼



ਨਵੀਂ ਦਿੱਲੀ- ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਹੋਰ ਵਧਣ ਨਾਲ ਭਾਰਤ ’ਚ ਕੋਈ ਵੱਡਾ ਆਰਥਿਕ ਅੜਿੱਕਾ ਪੈਦਾ ਨਹੀਂ ਹੋਵੇਗਾ ਪਰ ਪਾਕਿਸਤਾਨ ਨੂੰ ਝਟਕਾ ਲੱਗ ਸਕਦਾ ਹੈ ਕਿਉਂਕਿ ਉਸ ਦਾ ਵਿਦੇਸ਼ੀ ਮੁਦਰਾ ਭੰਡਾਰ ਦਬਾਅ ਹੇਠ ਆ ਸਕਦਾ ਹੈ। ਇਸ ਕਾਰਨ ਉਸ ਦੀ ਵਿਕਾਸ ਦਰ ’ਤੇ ਅਸਰ ਪੈ ਸਕਦਾ ਹੈ। ਰੇਟਿੰਗ ਏਜੰਸੀ ਮੂਡੀਜ਼ ਨੇ ‘ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਨਾਲ ਪਾਕਿਸਤਾਨ ਦੀ ਵਿਕਾਸ ਦਰ ’ਤੇ ਅਸਰ’ ਸਿਰਲੇਖ ਨਾਲ ਸੋਮਵਾਰ ਨੂੰ ਰਿਪੋਰਟ ਜਾਰੀ ਕੀਤੀ ਹੈ। ਇਸ ’ਚ ਕਿਹਾ ਗਿਆ ਹੈ ਕਿ ਉਸ ਨੂੰ ਭਾਰਤ ਦੀਆਂ ਆਰਥਿਕ ਗਤੀਵਿਧੀਆਂ ’ਚ ਕੋਈ ਵੱਡਾ ਅੜਿੱਕਾ ਖੜ੍ਹਾ ਹੋਣ ਦੇ ਆਸਾਰ ਨਹੀਂ ਦਿਖਦੇ ਹਨ ਕਿਉਂਕਿ ਪਾਕਿਸਤਾਨ ਨਾਲ ਉਸ ਦੇ ਆਰਥਿਕ ਸਬੰਧ ਬਹੁਤ ਨਿਗੂਣੇ (ਸਾਲ 2024 ’ਚ ਭਾਰਤ ਦੀ ਕੁਲ ਬਰਾਮਦਾਂ ’ਚ ਉਸ ਦੀ ਹਿੱਸੇਦਾਰੀ 015 ਫ਼ੀਸਦ ਤੋਂ ਵੀ ਘੱਟ ਰਹੀ) ਹਨ। ਉਂਜ ਇਸ ’ਤੇ ਵਿਚਾਰ ਕਰਨ ਦੀ ਲੋੜ ਹੈ ਕਿ ਪਾਕਿਸਤਾਨ ਦੇ ਆਰਥਿਕ ਹਾਲਾਤ ’ਚ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਵਿਕਾਸ ਦਰ ਹੌਲੀ-ਹੌਲੀ ਵਧ ਰਹੀ ਹੈ। ਮੂਡੀਜ਼ ਨੇ ਕਿਹਾ, “ਤਣਾਅ ਲਗਾਤਾਰ ਵਧਣ ਨਾਲ ਪਾਕਿਸਤਾਨ ਦੀ ਬਾਹਰੀ ਵਿੱਤੀ ਫੰਡਿੰਗ ਤੱਕ ਪਹੁੰਚ ’ਚ ਰੁਕਾਵਟ ਪੈਦਾ ਹੋ ਸਕਦੀ ਹੈ ਅਤੇ ਉਸ ਦੇ ਵਿਦੇਸ਼ੀ ਮੁੰਦਰਾ ਭੰਡਾਰ ’ਤੇ ਦਬਾਅ ਪੈ ਸਕਦਾ ਹੈ ਜੋ ਅਗਲੇ ਕੁਝ ਸਾਲਾਂ ਲਈ ਉਸ ਦੀਆਂ ਕਰਜ਼ਾ ਭੁਗਤਾਨ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਪੱਧਰ ਤੋਂ ਬਹੁਤ ਘੱਟ ਹੈ।” ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦਾ ਕਾਰਜਕਾਰੀ ਬੋਰਡ 9 ਮਈ ਨੂੰ ਪਾਕਿਸਤਾਨੀ ਅਧਿਕਾਰੀਆਂ ਨਾਲ ਮਿਲਣ ਵਾਲਾ ਹੈ।

# ਅਫ਼ਰੀਕਾ ਦੇ ਇੱਕ ਟਾਪੂ 'ਤੇ ਕੈਦ ਰਹਿ ਕੇ ਨੈਪੋਲੀਅਨ ਨੇ ਆਖ਼ਰੀ ਦਿਨ ਕਿਵੇਂ ਲੰਘਾਏ

ਵਾਟਰਲੂ ਦੀ ਲੜਾਈ ਵਿੱਚ ਹਾਰ ਤੋਂ ਬਾਅਦ, ਨੈਪੋਲੀਅਨ ਨੂੰ ਲੱਗਾ ਕਿ ਉਨ੍ਹਾਂ ਦਾ ਯੂਰਪ ਵਿੱਚ ਕੋਈ ਭਵਿੱਖ ਨਹੀਂ ਹੈ। ਉਨ੍ਹਾਂ ਨੇ ਅਮਰੀਕਾ ਜਾਣ ਦਾ ਫ਼ੈਸਲਾ ਕੀਤਾ। ਪਰ ਬ੍ਰਿਟਿਸ਼ ਜਲ ਸੈਨਾ ਦੇ ਜਹਾਜ਼ਾਂ ਨੇ ਫਰਾਂਸ ਦੇ ਅਟਲਾਂਟਿਕ ਤੱਟ ਨੂੰ ਇਸ ਤਰ੍ਹਾਂ ਘੇਰ ਲਿਆ ਸੀ ਕਿ ਉੱਥੋਂ ਬਚਣਾ ਲਗਭਗ ਅਸੰਭਵ ਸੀ। ਨੈਪੋਲੀਅਨ ਨੇ ਫ਼ੈਸਲਾ ਕੀਤਾ ਕਿ ਉਹ ਬ੍ਰਿਟਿਸ਼ ਨੇਵੀ ਅੱਗੇ ਆਤਮ ਸਮਰਪਣ ਕਰ ਦੇਣਗੇ ਅਤੇ ਬ੍ਰਿਟੇਨ ਵਿੱਚ ਸਿਆਸੀ ਸ਼ਰਨ ਲੈ ਲੈਣਗੇ, ਪਰ ਬ੍ਰਿਟੇਨ ਨੈਪੋਲੀਅਨ ਨੂੰ ਕੋਈ ਰਿਆਇਤ ਦੇਣ ਦੇ ਇਰਾਦੇ ਨਹੀਂ ਰੱਖਦਾ ਸੀ।

ਏਐੱਮ ਬ੍ਰੈਡਲੀ ਆਪਣੀ ਕਿਤਾਬ 'ਨੈਪੋਲੀਅਨ ਇਨ ਕੈਰੀਕੇਚਰ 1795-1821' ਵਿੱਚ ਲਿਖਦੇ ਹਨ, "ਬ੍ਰਿਟਿਸ਼ ਜਨਤਾ ਦੀਆਂ ਨਜ਼ਰਾਂ ਵਿੱਚ, ਨੈਪੋਲੀਅਨ ਇੱਕ ਪੀੜਤ ਨਾਲੋਂ ਵੱਧ ਇੱਕ ਅਪਰਾਧੀ ਸਨ। ਉੱਥੋਂ ਦੇ ਕਾਰਟੂਨਿਸਟ ਉਨ੍ਹਾਂ ਨੂੰ ਪਿੰਜਰੇ ਵਿੱਚ ਬੰਦ ਜਾਨਵਰ ਵਾਂਗ ਦਿਖਾ ਰਹੇ ਸਨ।" ਆਮ ਰਾਇ ਇਹ ਸੀ ਕਿ ਜੇਕਰ ਉਨ੍ਹਾਂ ਨੂੰ ਇੰਗਲੈਂਡ ਵਿੱਚ ਰੱਖਿਆ ਗਿਆ, ਤਾਂ ਉਹ ਦੇਸ ਦੀ ਸੁਰੱਖਿਆ ਲਈ ਇੱਕ ਵੱਡੀ ਚੁਣੌਤੀ ਪੈਦਾ ਕਰ ਦੇਣਗੇ। ਜੇਕਰ ਉਨ੍ਹਾਂ ਨੂੰ ਬਰਤਾਨਵੀਂ ਧਰਤੀ 'ਤੇ ਜਾਂ ਕਿਸੇ ਨੇੜਲੇ ਦੇਸ ਵਿੱਚ ਰੱਖਿਆ ਗਿਆ, ਤਾਂ ਉਹ ਭਵਿੱਖ ਵਿੱਚ ਵਿਦਰੋਹ ਦਾ ਕੇਂਦਰ ਬਣ ਸਕਦੇ ਹਨ।"



### ਨੈਪੋਲੀਅਨ ਨੂੰ ਸੇਂਟ ਹੇਲੇਨਾ ਭੇਜਣ ਦਾ ਫ਼ੈਸਲਾ

ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਸੇਂਟ ਹੇਲੇਨਾ ਵਿੱਚ ਰੱਖਣ ਦਾ ਫੈਸਲਾ ਕੀਤਾ, ਇਹ ਇਲਾਕਾ ਦੁਨੀਆਂ ਤੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਸੀ। ਇਹ ਪੱਛਮੀ ਅਫ਼ਰੀਕਾ ਦਾ ਇਕ ਟਾਪੂ ਸੀ, ਜਿਸ ਉੱਤੇ ਬ੍ਰਿਟੇਨ ਦਾ ਕਬਜ਼ਾ ਸੀ। ਇਹ ਜਗ੍ਹਾ, ਮੁੱਖ ਭੂਮੀ ਯਾਨੀ ਬਰਤਾਨੀਆਂ ਤੋਂ ਘੱਟੋ-ਘੱਟ 1200 ਕਿਲੋਮੀਟਰ ਦੂਰ ਸੀ। ਬ੍ਰਾਇਨ ਅਨਵਿਨ ਆਪਣੀ ਕਿਤਾਬ 'ਟੈਰੀਬਲ ਐਕਸਾਈਲ, ਦਿ ਲਾਸਟ ਡੇਜ਼ ਆਫ਼ ਨੈਪੋਲੀਅਨ ਆਨ ਸੇਂਟ ਹੇਲੇਨਾ' ਵਿੱਚ ਲਿਖਦੇ ਹਨ, "ਸੇਂਟ ਹੇਲੇਨਾ ਭਾਰਤ 'ਤੇ ਸ਼ਾਸ਼ਨ ਕਰਨ ਵਾਲੀ ਈਸਟ ਇੰਡੀਆ ਕੰਪਨੀ ਦੇ ਜਹਾਜ਼ਾਂ ਲਈ ਇੱਕ ਪ੍ਰਮੁੱਖ ਆਰਾਮ ਸਥਾਨ ਸੀ। ਇਹ ਇੱਕ ਤਰ੍ਹਾਂ ਦੀ ਬਰਤਾਨਵੀ ਛਾਉਣੀ ਸੀ, ਜਿਸ ਵਿੱਚ ਤਕਰੀਬਨ 5000 ਲੋਕ ਰਹਿੰਦੇ ਸਨ।" "ਉਨ੍ਹਾਂ ਵਿੱਚੋਂ ਕੁਝ ਮੈਡਾਗਾਸਕਰ ਦੇ ਗੁਲਾਮ ਅਤੇ ਚੀਨ ਦੇ ਮਜ਼ਦੂਰ ਸਨ, ਜੋ ਹਰ ਸਾਲ ਇੱਥੋਂ ਲੰਘਣ ਵਾਲੇ ਤਕਰੀਬਨ ਇੱਕ ਹਜ਼ਾਰ ਜਹਾਜ਼ਾਂ ਦੀ ਦੇਖਭਾਲ ਕਰਦੇ ਸਨ।"

### ਨੈਪੋਲੀਅਨ ਦੇ ਨਾਲ 27 ਲੋਕ ਸੇਂਟ ਹੇਲੇਨਾ ਗਏ ਸਨ

31 ਜੁਲਾਈ, 1815 ਨੂੰ, ਐਡਮਿਰਲ ਲਾਰਡ ਕੀਥ ਨੇ ਨੈਪੋਲੀਅਨ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੂੰ ਸੇਂਟ ਹੇਲੇਨਾ ਵਿੱਚ ਜੰਗੀ ਕੈਦੀ ਵਜੋਂ ਰੱਖਿਆ ਜਾਵੇਗਾ। ਨੈਪੋਲੀਅਨ ਨੇ ਇਸਦਾ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਇਹ ਸੋਚ ਕੇ ਮੂਰਖ ਬਣਾਇਆ ਗਿਆ ਸੀ ਕਿ ਉਨ੍ਹਾਂ ਨੂੰ ਇੰਗਲੈਂਡ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਹ ਖ਼ਬਰ ਸੁਣ ਕੇ, ਉਹ ਆਪਣੇ ਜਹਾਜ਼ ਦੇ ਕੈਬਿਨ ਵਿੱਚ ਚਲੇ ਗਏ ਅਤੇ ਤਿੰਨ ਦਿਨਾਂ ਤੱਕ ਬਾਹਰ ਨਹੀਂ ਆਏ। ਚੌਥੇ ਦਿਨ ਉਨ੍ਹਾਂ ਬ੍ਰਿਟਿਸ਼ ਸਰਕਾਰ ਨੂੰ ਇੱਕ ਰਸਮੀ ਪੱਤਰ ਲਿਖਿਆ, ਜਿਸ ਵਿੱਚ ਆਪਣਾ ਵਿਰੋਧ ਪ੍ਰਗਟ ਕੀਤਾ ਸੀ। ਐਡਮ ਜ਼ੇਮੋਵਸਕੀ ਆਪਣੀ ਕਿਤਾਬ 'ਨੈਪੋਲੀਅਨ ਦਿ ਮੈਨ ਬਿਹਾਈਂਡ ਦਿ ਮਿਥ' ਵਿੱਚ ਲਿਖਦੇ ਹਨ, "ਕੁੱਲ ਮਿਲਾ ਕੇ, 27 ਲੋਕਾਂ ਨੂੰ ਨੈਪੋਲੀਅਨ ਨਾਲ ਸੇਂਟ ਹੇਲੇਨਾ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।" "ਜਦੋਂ ਉਹ ਜਹਾਜ਼ 'ਤੇ ਚੜ੍ਹੇ, ਤਾਂ ਨੈਪੋਲੀਅਨ ਅਤੇ ਉਨ੍ਹਾਂ ਦੇ ਸਾਥੀਆਂ ਦੇ ਸਾਮਾਨ ਦੀ ਤਲਾਸ਼ੀ ਲਈ ਗਈ। ਉਨ੍ਹਾਂ ਕੋਲੋਂ ਬਹੁਤ ਸਾਰੀ ਦੌਲਤ ਬਰਾਮਦ ਹੋਈ।" "ਨੈਪੋਲੀਅਨ ਨੂੰ ਪਹਿਲਾਂ ਹੀ ਇਸ ਗੱਲ ਦਾ ਸ਼ੱਕ ਸੀ, ਇਸ ਲਈ ਉਨ੍ਹਾਂ ਆਪਣੇ ਸਾਥੀਆਂ ਦੇ ਕੱਪੜਿਆਂ ਦੀਆਂ ਪੇਟੀਆਂ ਵਿੱਚ ਉਨ੍ਹਾਂ ਦੀ ਕਮਰ ਦੁਆਲੇ ਸੋਨੇ ਦੇ ਸਿੱਕੇ ਬੰਨ੍ਹ ਦਿੱਤੇ ਸਨ।" ਇਸ ਲੰਬੇ ਸਫ਼ਰ ਦੌਰਾਨ, ਉਨ੍ਹਾਂ ਸਮੁੰਦਰੀ ਯਾਤਰਾ ਦੀਆਂ ਮੁਸ਼ਕਲਾਂ ਦਾ ਬਿਹਤਰੀਨ ਤਰੀਕੇ ਨਾਲ ਸਾਹਮਣਾ ਕੀਤਾ। ਉਨ੍ਹਾਂ ਆਪਣੇ ਕੈਬਿਨ ਵਿੱਚ ਰਹਿ ਕੇ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਨੇ ਮਲਾਹਾਂ ਨਾਲ ਗੱਲ ਕੀਤੀ ਅਤੇ ਆਪਣੀ ਅੰਗਰੇਜ਼ੀ ਸੁਧਾਰਨ ਦੀ ਕੋਸ਼ਿਸ਼ ਵੀ ਕੀਤੀ। 24 ਅਕਤੂਬਰ ਨੂੰ ਉਨ੍ਹਾਂ ਨੇ ਆਪਣੀ ਮੰਜ਼ਿਲ, ਸੇਂਟ ਹੇਲੇਨਾ ਵੇਖੀ।

### ਨੈਪੋਲੀਅਨ ਅਤੇ ਅੰਗਰੇਜ਼ਾ ਦੇ ਵਿਗੜੇ ਸਬੰਧ

ਇਸ ਟਾਪੂ ਦਾ ਖੇਤਰਫਲ 122 ਵਰਗ ਕਿਲੋਮੀਟਰ ਸੀ। ਇਸ ਟਾਪੂ ਦੀ ਖੋਜ ਪੁਰਤਗਾਲੀਆਂ ਨੇ 1502 ਵਿੱਚ ਕੀਤੀ ਸੀ। 1815 ਵਿੱਚ, ਇੱਥੇ 3,395 ਯੂਰਪੀਅਨ, 218 ਸਿਆਹਫ਼ਾਮ ਗੁਲਾਮ, 489 ਚੀਨ ਵਾਸੀ ਅਤੇ 116 ਭਾਰਤੀ ਅਤੇ ਮਲੇਸ਼ੀਅਨ ਰਹਿੰਦੇ ਸਨ। ਇੱਥੇ ਇੱਕ ਫੌਜੀ ਗਵਰਨਰ ਰਾਜ ਕਰਦਾ ਸੀ ਅਤੇ ਬਰਤਾਨਵੀ ਫ਼ੌਜ ਦੀ ਇੱਕ ਛੋਟੀ ਜਿਹੀ ਟੁਕੜੀ ਇੱਥੇ ਤੈਨਾਤ ਸੀ। ਨੈਪੋਲੀਅਨ ਨੂੰ ਪਹਿਲਾਂ ਇੱਕ ਅੰਗਰੇਜ਼ੀ ਅਸਟੇਟ 'ਦ ਬ੍ਰਾਇਰ' ਵਿੱਚ ਰੱਖਿਆ ਗਿਆ ਸੀ। ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਲੌਂਗਵੁੱਡ ਹਾਊਸ ਵਿੱਚ ਸ਼ਿਫਟ ਕਰ ਦਿੱਤਾ ਗਿਆ। ਬ੍ਰਾਇਨ ਅਨਵਿਨ ਲਿਖਦੇ ਹਨ, "ਨੈਪੋਲੀਅਨ ਨੂੰ ਉੱਥੇ ਸਖ਼ਤ ਨਿਗਰਾਨੀ ਹੇਠ ਰੱਖਿਆ ਗਿਆ ਸੀ। ਜੇਕਰ ਉਹ ਬਗ਼ੀਚੇ ਵਿੱਚ ਵੀ ਜਾਂਦੇ ਤਾਂ ਇੱਕ ਬ੍ਰਿਟਿਸ਼ ਸਿਪਾਹੀ ਹਮੇਸ਼ਾ ਉਨ੍ਹਾਂ ਦੇ ਨਾਲ ਹੁੰਦਾ ਸੀ।" "ਜਦੋਂ ਹਡਸਨ ਲੋਅ ਨੂੰ ਸੇਂਟ ਹੇਲੇਨਾ ਦਾ ਗਵਰਨਰ ਬਣਾਇਆ ਗਿਆ, ਤਾਂ ਨੈਪੋਲੀਅਨ 'ਤੇ ਪਾਬੰਦੀਆਂ ਹੋਰ ਵਧ ਗਈਆਂ। 1816 ਤੱਕ, ਬ੍ਰਿਟਿਸ਼ ਨੌਕਰਸ਼ਾਹੀ ਨਾਲ ਉਨ੍ਹਾਂ ਦੇ ਸਬੰਧ ਤਣਾਅਪੂਰਨ ਹੋ ਗਏ।" ਜਦੋਂ ਅੰਗਰੇਜ਼ਾਂ ਨੇ ਉਨ੍ਹਾਂ ਲਈ ਇੱਕ ਨਵੀਂ ਰਿਹਾਇਸ਼ ਬਣਾਉਣੀ ਸ਼ੁਰੂ ਕੀਤੀ, ਤਾਂ ਨੈਪੋਲੀਅਨ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਸੇਂਟ ਹੇ-ਲੇਨਾ ਵਿੱਚ ਹੀ ਬਿਤਾਉਣੀ ਪਵੇਗੀ।

### ਸੈਰ ਅਤੇ ਤਾਸ਼ ਦੀ ਖੇਡ

ਨੈਪੋਲੀਅਨ ਆਪਣਾ ਜ਼ਿਆਦਾਤਰ ਸਮਾਂ ਲੌਂਗਵੁੱਡ ਹਾਊਸ ਵਿੱਚ ਪੜ੍ਹਾਈ ਵਿੱਚ ਬਿਤਾਉਂਦੇ ਸਨ। ਉਹ ਯੂਰਪ ਤੋਂ ਆਉਣ ਵਾਲੇ ਜਹਾਜ਼ਾਂ ਦੀ ਉਡੀਕ ਕਰਦੇ ਰਹਿੰਦੇ ਸਨ ਤਾਂ ਜੋ ਉੱਥੋਂ ਆਉਣ ਵਾਲੀਆਂ ਕਿਤਾਬਾਂ ਪ੍ਰਾਪਤ ਕਰ ਸਕਣ। ਨੈਪੋਲੀਅਨ ਦਾ ਦੂਜਾ ਸ਼ੌਕ ਉਨ੍ਹਾਂ ਨੂੰ ਮਿਲਣ ਆਉਣ ਵਾਲੇ ਲੋਕਾਂ ਦੀ ਵਧੀਆ ਖਾਣੇ ਅਤੇ ਸ਼ਰਾਬ ਨਾਲ ਮਹਿਮਾਨ ਨਿਵਾਜ਼ੀ ਕਰਨਾ ਸੀ। ਜਾਂ ਪਾਲ ਬਰਤੂ ਨੈਪੋਲੀਅਨ ਦੀ ਜੀਵਨੀ ਵਿੱਚ ਲਿਖਦੇ ਹਨ, "ਨੈਪੋਲੀਅਨ ਹਮੇਸ਼ਾ ਮਹਿਮਾਨ ਨਿਵਾਜ਼ੀ 'ਤੇ ਬਜਟ ਨਾਲੋਂ ਵੱਧ ਪੈਸਾ ਖਰਚ ਕਰਦੇ ਸਨ। ਉਹ ਸ਼ਰਾਬ ਬਹੁਤ ਜ਼ਿਆਦਾ ਪੀਂਦੇ ਅਤੇ ਪਰੋਸਦੇ ਸਨ।" "ਸਾਲ 1816 ਵਿੱਚ ਹੀ ਉਨ੍ਹਾਂ ਨੂੰ 3700 ਬੋਤਲਾਂ ਵਾਈਨ ਭੇਜੀਆਂ ਗਈਆਂ ਸਨ, ਜਿਸ ਵਿੱਚੋਂ 830 ਬੋਤਲਾਂ ਬਾ ਡੋ ਵਾਈਨ ਦੀਆਂ ਸ਼ਾਮਲ ਸਨ।" ਬਰਤੂ ਲਿਖਦੇ ਹਨ,"ਨੈਪੋਲੀਅਨ ਘੋੜਸਵਾਰੀ ਕਰਕੇ ਜਾਂ 'ਦਿ ਬ੍ਰਾਇਰ' ਦੇ ਬਾਗੀਚਿਆਂ ਵਿੱਚ ਘੁੰਮ ਕੇ ਆਪਣੇ-ਆਪ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਦੀ ਕੋਸ਼ਿਸ਼ ਕਰਦੇ ਸਨ।" "ਕੈਪਟਨ ਪੌਪਲਟਨ ਹਮੇਸ਼ਾ ਉਨ੍ਹਾਂ ਦੇ ਨਾਲ ਰਹਿੰਦੇ ਸਨ, ਜਿਨ੍ਹਾਂ ਨੂੰ ਉਨ੍ਹਾਂ 'ਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਹ ਆਪਣੀਆਂ ਸ਼ਾਮਾਂ ਆਪਣੇ ਦੋਸਤ ਬਾਲਕੌਮ ਨਾਲ ਤਾਸ਼ ਖੇਡਦਿਆਂ ਬਿਤਾਉਂਦੇ ਸਨ।"

### ਸੇਂਟ ਹੇਲੇਨਾ ਦਾ ਮੌਸਮ ਅਤੇ ਮਾਹੌਲ ਪਸੰਦ ਨਹੀਂ ਆਇਆ

ਲੌਂਗਵੁੱਡ ਹਾਊਸ ਵਿੱਚ ਉਸਾਰੀ ਅਜੇ ਵੀ ਚੱਲ ਰਹੀ ਸੀ, ਜਿੱਥੇ ਨੈਪੋਲੀਅਨ ਨੂੰ ਰੱਖਿਆ ਗਿਆ ਸੀ। ਐਡਮ ਜ਼ਾਮੋਇਸਕੀ ਲਿਖਦੇ ਹਨ, "ਨੈਪੋਲੀਅਨ ਨੇ ਸ਼ਿਕਾਇਤ ਕੀਤੀ ਸੀ ਕਿ ਪੇਂਟ ਦੀ ਬਦਬੂ ਉਨ੍ਹਾਂ ਨੂੰ ਬਿਮਾਰ ਮਹਿਸੂਸ ਕਰਵਾਉਂਦੀ ਸੀ।" "ਸੇਂਟ ਹੇਲੇਨਾ ਦੇ ਮੌਸਮ ਅਤੇ ਹਾਲਾਤ ਨੇ ਨੈਪੋਲੀਅਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮਾੜਾ ਮਹਿਸੂਸ ਕਰਵਾਇਆ, ਜੋ ਖੁਸ਼ਕ ਮੌਸਮ, ਚੰਗੇ ਭੋਜਨ ਅਤੇ ਐਸ਼ੋ-ਆਰਾਮ ਦੇ ਆਦੀ ਸਨ।" ਉਹ ਲਿਖਦੇ ਹਨ, "ਨੈਪੋਲੀਅਨ ਦੇ ਨਾਲ ਆਏ ਅਫ਼ਸਰ ਉਨ੍ਹਾਂ ਦੀ ਮੌਜੂਦਗੀ ਵਿੱਚ ਪੂਰੇ ਸ਼ਾਹੀ ਪ੍ਰੋਟੋਕੋਲ ਦੀ ਪਾਲਣਾ ਕਰਦੇ ਸਨ।" "ਦਿਨ ਵੇਲੇ ਨੈਪੋਲੀਅਨ ਆਮ ਤੌਰ 'ਤੇ ਹਰਾ ਸ਼ਿਕਾਰੀ ਕੋਟ ਜਾਂ ਚਿੱਟਾ ਲਿਨਨ ਕੋਟ ਅਤੇ ਪੈਂਟ ਪਹਿਨਦੇ ਸਨ।" "ਰਾਤ ਦੇ ਖਾਣੇ 'ਤੇ ਉਹ ਆਪਣੀ ਪੂਰੀ ਫ਼ੌਜੀ ਵਰਦੀ ਵਿੱਚ ਖਾਣਾ ਖਾਂਦੇ ਸਨ। ਉਨ੍ਹਾਂ ਨਾਲ ਆਈਆਂ ਔਰਤਾਂ ਦਰਬਾਰੀ ਕੱਪੜੇ ਅਤੇ ਗਹਿਣੇ ਪਾ ਕੇ ਰਾਤ ਦੇ ਖਾਣੇ ਵਿੱਚ ਸ਼ਾਮਲ ਹੁੰਦੀਆਂ ਸਨ।" "ਖਾਣੇ ਤੋਂ ਬਾਅਦ ਉਹ ਤਾਸ਼ ਖੇਡਦੀਆਂ, ਗੱਲਾਂ ਕਰਦੀਆਂ ਜਾਂ ਨੈਪੋਲੀਅਨ ਨੂੰ ਕਿਤਾਬ ਪੜ੍ਹਦੇ ਸੁਣਦੀਆਂ।"

### ਨੈਪੋਲੀਅਨ ਦੀ ਹਰ ਹਰਕਤ 'ਤੇ ਨੇੜਿਓਂ ਨਜ਼ਰ

ਪਹਿਰੇ ਹੇਠ ਰਹਿਣ ਦੇ ਬਾਵਜੂਦ, ਨੈਪੋਲੀਅਨ ਆਪਣਾ ਬਾਗਬਾਨੀ ਦਾ ਸ਼ੌਕ ਪੂਰਾ ਕਰਦੇ। ਇਸ ਕੰਮ ਵਿੱਚ ਦੋ ਚੀਨੀ ਮਜ਼ਦੂਰ ਉਨ੍ਹਾਂ ਦੀ ਮਦਦ ਕਰਦੇ ਸਨ। ਨੈਪੋਲੀਅਨ ਨੂੰ ਆਪਣੇ ਹੱਥਾਂ ਨਾਲ ਪੌਦਿਆਂ ਨੂੰ ਪਾਣੀ ਦੇਣਾ ਬਹੁਤ ਪਸੰਦ ਸੀ। ਨੈਪੋਲੀਅਨ ਨਾ ਤਾਂ ਜੰਗੀ ਕੈਦੀ ਸਨ ਅਤੇ ਨਾ ਹੀ ਸਹੀ ਅਰਥਾਂ ਵਿੱਚ ਦੋਸ਼ੀ ਠਹਿਰਾਏ ਗਏ ਅਪਰਾਧੀ। ਉਨ੍ਹਾਂ ਨੂੰ ਸਿਰਫ਼ ਇੱਕ ਹੱਦ ਤੱਕ ਹੀ ਪੈਦਲ ਚੱਲਣ ਜਾਂ ਘੋੜਿਆਂ ਦੀ ਸਵਾਰੀ ਕਰਨ ਦੀ ਇਜਾਜ਼ਤ ਸੀ। ਉਸ ਸਮੇਂ ਵੀ ਇੱਕ ਬ੍ਰਿਟਿਸ਼ ਅਫ਼ਸਰ ਹਮੇਸ਼ਾ ਉਨ੍ਹਾਂ ਦੇ ਨਾਲ ਹੁੰਦਾ ਸੀ, ਘਰ ਦੇ ਅੰਦਰ ਵੀ ਸਿਪਾਹੀ ਉਨ੍ਹਾਂ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖਦੇ ਸਨ। ਦਿਨ ਵਿੱਚ ਦੋ ਵਾਰ ਇੱਕ ਅਫ਼ਸਰ ਉਨ੍ਹਾਂ ਦੀ ਮੌਜੂਦਗੀ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਨੂੰ ਮਿਲਣ ਆਉਂਦਾ ਸੀ। ਸੇਂਟ ਹੇਲੇਨਾ ਦੇ ਗਵਰਨਰ, ਰੀਅਰ ਐਡਮਿਰਲ ਸਰ ਜਾਰਜ ਕਾਕਬਰਨ ਨੇ ਆਪਣੀ ਡਾਇਰੀ ਵਿੱਚ ਲਿਖਿਆ ਹੈ: "ਦੋ ਪਾਣੀ ਦੇ ਜਹਾਜ਼ ਟਾਪੂ ਦੇ ਚੱਕਰ ਲਗਾਉਂਦੇ ਰਹਿੰਦੇ ਸਨ। ਨੈਪੋਲੀਅਨ ਨੂੰ ਪੜ੍ਹਨ ਲਈ ਕੋਈ ਵੀ ਅਖ਼ਬਾਰ ਨਹੀਂ ਦਿੱਤਾ ਜਾਂਦਾ ਸੀ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਨੈਪੋਲੀਅਨ ਨੇ ਕਦੇ ਸੇਂਟ ਹੇਲੇਨਾ ਤੋਂ ਭੱਜਣ ਬਾਰੇ ਸੋਚਿਆ ਹੋਵੇ।"



ਇਸ ਦੇ ਉਲਟ, ਉਨ੍ਹਾਂ ਨੇ ਉੱਥੋਂ ਦੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲਿਆ ਸੀ ਕਿ ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਇਸਦਾ ਆਨੰਦ ਮਾਣ ਰਹੇ ਹੋਣ। ਉਹ ਸਾਰੇ ਬ੍ਰਿਟਿਸ਼ ਅਫ਼ਸਰਾਂ ਨਾਲ ਨਿਮਰਤਾ ਨਾਲ ਪੇਸ਼ ਆਉਂਦੇ ਸਨ। ਉੱਥੇ ਆਉਣ ਜਾਂ ਉੱਥੋਂ ਲੰਘਣ ਵਾਲੇ ਬ੍ਰਿਟਿਸ਼ ਸੈਨਿਕਾਂ ਲਈ ਨੈਪੋਲੀਅਨ ਦੀ ਸਿਰਫ਼ ਇੱਕ ਝਲਕ ਪਾਉਣਾ ਇੱਕ ਬਹੁਤ ਵੱਡਾ ਆਕਰਸ਼ਣ ਹੋਇਆ ਕਰਦਾ ਸੀ। ਨੈਪੋਲੀਅਨ ਉਨ੍ਹਾਂ ਲੋਕਾਂ ਨਾਲ ਵੀ ਬਹੁਤ ਵਧੀਆ ਵਿਵਹਾਰ ਕਰਦਾ ਸਨ। ਨਤੀਜਾ ਇਹ ਹੋਇਆ ਕਿ ਬ੍ਰਿਟਿਸ਼ ਅਖ਼ਬਾਰਾਂ ਵਿੱਚ ਖ਼ਬਰਾਂ ਆਉਣ ਲੱਗੀਆਂ ਕਿ ਨੈ-ਪੋਲੀਅਨ ਨੂੰ ਬਹੁਤ ਮੁਸ਼ਕਲ ਹਾਲਾਤ ਵਿੱਚ ਰੱਖਿਆ ਜਾ ਰਿਹਾ ਹੈ।

### ਨੈਪੋਲੀਅਨ ਅਤੇ ਗਵਰਨਰ ਲੋਵ ਵਿਚਕਾਰ ਅਣਬਣ

ਅਪ੍ਰੈਲ, 1816 ਵਿੱਚ ਮੇਜਰ ਜਨਰਲ ਸਰ ਹਡਸਨ ਲੋਵ ਨੇ ਐਡਮਿਰਲ ਕਾਕਬਰਨ ਦੀ ਥਾਂ ਸੇਂਟ ਹੇਲੇਨਾ ਦਾ ਫੌਜੀ ਗਵਰਨਰ ਦੀ ਥਾਂ ਅਹੁਦਾ ਸੰਭਾਲਿਆ, ਪਰ ਸ਼ੁਰੂ ਤੋਂ ਹੀ ਨੈਪੋਲੀਅਨ ਅਤੇ ਲੋਵ ਵਿਚਕਾਰ ਬਣ ਨਹੀਂ ਸਕੀ। ਐਡਮ ਜ਼ਮੋਇਸਕੀ ਨੇ ਲਿਖਿਆ, "ਜਦੋਂ ਨਵੇਂ ਗਵਰਨਰ ਬਿਨਾਂ ਕਿਸੇ ਪੂਰਵ ਸੂਚਨਾ ਦੇ ਲੌਂਗਵੁੱਡ ਹਾਊਸ ਪਹੁੰਚੇ, ਤਾਂ ਨੈਪੋਲੀਅਨ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਨੈਪੋਲੀਅਨ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਉਹ ਅਗਲੇ ਦਿਨ ਉਨ੍ਹਾਂ ਨੂੰ ਮਿਲਣਗੇ। ਮੁਲਾਕਾਤ ਜ਼ਰੂਰ ਹੋਈ ਪਰ ਨੈ-ਪੋਲੀਅਨ ਨੇ ਉਸੇ ਪਲ ਤੋਂ ਉਨ੍ਹਾਂ ਨੂੰ ਨਾਪਸੰਦ ਕਰਨਾ ਸ਼ੁਰੂ ਕਰ ਦਿੱਤਾ। ਲੋਵ ਨੇ ਵੀ ਨੈਪੋਲੀਅਨ ਨੂੰ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ।" ਜਦੋਂ ਨੈਪੋਲੀਅਨ ਦੇ ਇੱਕ ਅੰ-ਗਰੇਜ਼ ਪ੍ਰਸ਼ੰਸਕ ਨੇ ਉਨ੍ਹਾਂ ਨੂੰ ਕਿਤਾਬਾਂ ਦੇ ਦੋ ਡੱਬੇ ਭੇਜੇ, ਤਾਂ ਲੋਵ ਨੇ ਉਨ੍ਹਾਂ ਨੂੰ ਜ਼ਬਤ ਕਰਵਾ ਲਿਆ। ਜਦੋਂ ਉਨ੍ਹਾਂ ਦੀ ਭੈਣ ਪੌਲੀਨ ਨੇ ਉਨ੍ਹਾਂ ਦੀ ਵਰਤੋਂ ਲਈ ਕੁਝ ਚੀਜ਼ਾਂ ਭੇਜੀਆਂ, ਤਾਂ ਉਨ੍ਹਾਂ ਨੂੰ ਨੈਪੋਲੀਅਨ ਕੋਲ ਜਾਣ ਤੋਂ ਇਕ ਕਹਿ ਕੇ ਰੋਕ ਦਿੱਤਾ ਗਿਆ ਕਿ ਉਨ੍ਹਾਂ ਨੂੰ ਇੰਨੀਆਂ ਸਾਰੀਆਂ ਚੀਜ਼ਾਂ ਦੀ ਜ਼ਰੂਰਤ ਨਹੀਂ ਸੀ।

### ਨੈਪੋਲੀਅਨ ਅਤੇ ਲੋਵ ਵਿਚਕਾਰ ਟਕਰਾਅ

ਇਸ ਦੌਰਾਨ, ਲੋਵ ਅਤੇ ਨੈਪੋਲੀਅਨ ਵਿਚਕਾਰ ਦੋ ਮੁਲਾਕਾਤਾਂ ਹੋਈਆਂ। ਥਾਮਸ ਔਬਰੀ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ "ਨੈਪੋਲੀਅਨ ਇਨ੍ਹਾਂ ਮੁਲਾਕਾਤਾਂ ਦੌਰਾਨ ਪੂਰਾ ਸਮਾਂ ਖੜ੍ਹੇ ਰਹੇ। ਨਤੀਜੇ ਵਜੋਂ, ਲੋਵ ਨੂੰ ਵੀ ਖੜ੍ਹਾ ਹੋਣਾ ਪਿਆ ਕਿਉਂਕਿ ਸਮਰਾਟ ਦੇ ਸਾਹਮਣੇ ਬੈਠਣਾ ਪ੍ਰੋਟੋਕੋਲ ਦੇ ਵਿਰੁੱਧ ਹੁੰਦਾ ਹੈ।" "ਲੋਵ ਨੂੰ ਉੱਪਰੋਂ ਆਦੇਸ਼ ਮਿਲੇ ਕਿ ਨੈਪੋਲੀਅਨ 'ਤੇ ਹੋਣ ਵਾਲੇ ਖਰਚ ਘੱਟ ਕੀਤੇ ਜਾਣ। ਜਦੋਂ ਲੋਵ ਨੇ ਇਸ ਬਾਰੇ ਨੈਪੋਲੀਅਨ ਨਾਲ ਗੱਲ ਕਰਨਾ ਚਾਹਿਆ, ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਆਪਣੇ ਬਟਲਰ ਨਾਲ ਗੱਲ ਕਰੋ।" ਜਦੋਂ 18 ਅਗਸਤ 1816 ਨੂੰ ਲੋਵ ਦੁਬਾਰਾ ਨੈਪੋਲੀਅਨ ਨੂੰ ਮਿਲਣ ਗਏ, ਤਾਂ ਨੈਪੋਲੀਅਨ ਇਹ ਕਹਿੰਦੇ ਹੋਏ ਉਨ੍ਹਾਂ 'ਤੇ ਭੜਕ ਗਏ ਕਿ ਤੁਸੀਂ ਇੱਕ ਮਾਮੂਲੀ ਵਰਕਰ ਤੋਂ ਸਿਵਾ ਕੁੱਝ ਨਹੀਂ ਹੋ। ਗਿਲਬਰਟ ਮਾਰਟੀਨਿਊ ਨੈਪੋਲੀਅਨ ਦੀ ਜੀਵਨੀ ਵਿੱਚ ਲਿਖਦੇ ਹਨ, "ਨੈਪੋਲੀਅਨ ਨੇ ਲੋਵ ਨੂੰ ਕਿਹਾ, 'ਤੂੰ ਸਨਮਾਨਿਤ ਵਿਅਕਤੀ ਬਿਲਕੁਲ ਵੀ ਨਹੀਂ ਹੈਂ। ਤੂੰ ਇੱਕ ਅਜਿਹਾ ਆਦਮੀ ਹੈਂ ਜੋ ਚੋਰੀ ਨਾਲ ਦੂਜਿਆਂ ਦੇ ਪੱਤਰ ਪੜ੍ਹਦਾ ਹੈ। ਤੂੰ ਸਿਰਫ਼ ਇੱਕ ਜੇਲ੍ਹਰ ਹੈਂ, ਸਿਪਾਹੀ ਤਾਂ ਬਿਲਕੁਲ ਵੀ ਨਹੀਂ। ਮੇਰਾ ਸਰੀਰ ਜ਼ਰੂਰ ਤੁਹਾਡੇ ਹੱਥਾਂ ਵਿੱਚ ਹੈ, ਪਰ ਮੇਰੀ ਆਤਮਾ ਆਜ਼ਾਦ ਹੈ। ਇਹ ਸੁਣਦੇ ਹੀ ਲੋਵੀ ਦਾ ਚਿਹਰਾ ਲਾਲ ਹੋ ਗਿਆ। ਉਨ੍ਹਾਂ ਨੇ ਨੈ-ਪੋਲੀਅਨ ਨੂੰ ਕਿਹਾ, 'ਤੂੰ ਹਾਸੋਹੀਣਾ ਹੈਂ ਅਤੇ ਤੇਰਾ ਰੁੱਖਾਪਣ ਤਰਸਯੋਗ ਹੈ।' ਇਹ ਕਹਿ ਕੇ ਲੋਵ ਉੱਥੋਂ ਚਲਾ ਗਏ। ਇਸ ਤੋਂ ਬਾਅਦ ਉਹ ਜੀਉਂਦੇ ਜੀ ਕਦੇ ਨੈਪੋਲੀਅਨ ਨੂੰ ਨਹੀਂ ਮਿਲੇ।

### ਨੈਪੋਲੀਅਨ ਦੀ ਵਿਗੜਦੀ ਸਿਹਤ

ਇਸ ਤੋਂ ਬਾਅਦ ਨੈਪੋਲੀਅਨ ਦਾ ਮਨੋਬਲ ਡਿੱਗਣਾ ਸ਼ੁਰੂ ਹੋ ਗਿਆ। ਜ਼ਿੰਦਗੀ ਦੀ ਇੱਕਸਾਰਤਾ, ਬੋਰੀਅਤ, ਖਰਾਬ ਮੌਸਮ, ਮਾੜਾ ਖਾਣਾ, ਹਰ ਦਰਵਾਜ਼ੇ ਅਤੇ ਖਿੜਕੀ 'ਤੇ ਸੰਤਰੀਆਂ ਦੀ ਮੌਜੂਦਗੀ। ਘੁੰਮਣ-ਫਿਰਨ 'ਤੇ ਪਾਬੰਦੀਆਂ ਅਤੇ ਵਾਰ-ਵਾਰ ਆਉਂਦੀਆਂ ਬਿਮਾਰੀਆਂ ਨੇ ਨੈਪੋਲੀਅਨ ਨੂੰ ਬਹੁਤ ਪਰੇਸ਼ਾਨ ਕਰ ਦਿੱਤਾ। ਲੋਵੀ ਵੱਲੋਂ ਘੁੰਮਣ-ਫਿਰਨ 'ਤੇ ਪਾਬੰਦੀਆਂ ਲਗਾਉਣ ਤੋਂ ਬਾਅਦ, ਨੈਪੋਲੀਅਨ ਨੇ ਘੋੜਸਵਾਰੀ ਕਰਨੀ ਅਤੇ ਸੈਰ ਕਰਨਾ ਵੀ ਬੰਦ ਕਰ ਦਿੱਤਾ। 1816 ਦੇ ਅੰਤ ਤੱਕ, ਨੈਪੋਲੀਅਨ ਨੂੰ ਖੰਘ ਅਤੇ ਬੁਖਾਰ ਰਹਿਣ ਲੱਗ ਪਿਆ। ਕਈ ਦਿਨ ਅਜਿਹੇ ਵੀ ਹੁੰਦੇ ਸਨ ਜਦੋਂ ਉਹ ਆਪਣੇ ਕੱਪੜੇ ਵੀ ਨਹੀਂ ਬਦਲਦੇ ਸਨ ਅਤੇ ਆਪਣੇ ਕਮਰੇ ਤੋਂ ਬਾਹਰ ਹੀ ਨਹੀਂ ਨਿਕਲਦੇ ਸਨ। ਟਾਮਸ ਔਬਰੀ ਲਿਖਦੇ ਹਨ, "ਜਦੋਂ ਨੈਪੋਲੀਅਨ ਬਿਮਾਰ ਹੋ ਗਏ, ਤਾਂ ਗਵਰਨਰ ਲੋਵ ਨੇ ਪਹਿਲਾਂ ਤਾਂ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਬਿਮਾਰ ਹਨ। ਬਾਅਦ ਵਿੱਚ ਉਨ੍ਹਾਂ ਨੇ ਫੌਜ ਜਾਂ ਨੇਵੀ ਦਾ ਇੱਕ ਚੰਗਾ ਡਾਕਟਰ ਭੇਜਣ ਦੀ ਪੇਸ਼ਕਸ਼ ਕੀਤੀ, ਜਿਸਨੂੰ ਨੈਪੋਲੀਅਨ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਡਾਕਟਰ ਗਵਰਨਰ ਲਈ ਜਾਸੂਸੀ ਕਰਨਗੇ। ਬਾਅਦ ਵਿੱਚ ਨੈਪੋਲੀਅਨ ਨੇ ਐਚਐਮ ਐਸ ਕੌਂਕਰਰ ਦੇ ਡਾਕਟਰ ਜੌਨ ਸਟੋਕੋ ਨੂੰ ਉਨ੍ਹਾਂ ਨੂੰ ਜਾਂਚਣ ਦੀ ਇਜਾਜ਼ਤ ਦੇ ਦਿੱਤੀ।"

ਮਹਿਜ਼ 52 ਸਾਲ ਦੀ ਉਮਰ ਵਿੱਚ ਨੈਪੋਲੀਅਨ ਦੀ ਮੌਤਇਸ ਤੋਂ ਬਾਅਦ ਨੈਪੋਲੀਅਨ ਦਾ ਮਨੋਬਲ ਡਿੱਗਣਾ ਸ਼ੁਰੂ ਹੋ ਗਿਆ। ਜ਼ਿੰਦਗੀ ਦੀ ਇੱਕਸਾਰਤਾ, ਬੋਰੀਅਤ, ਖਰਾਬ ਮੌਸਮ, ਮਾੜਾ ਖਾਣਾ, ਹਰ ਦਰਵਾਜ਼ੇ ਅਤੇ ਖਿੜਕੀ 'ਤੇ ਸੰਤਰੀਆਂ ਦੀ ਮੌਜੂਦਗੀ। ਘੁੰਮਣ-ਫਿਰਨ 'ਤੇ ਪਾਬੰਦੀਆਂ ਅਤੇ ਵਾਰ-ਵਾਰ ਆਉਂਦੀਆਂ ਬਿਮਾਰੀਆਂ ਨੇ ਨੈਪੋਲੀਅਨ ਨੂੰ ਬਹੁਤ ਪਰੇਸ਼ਾਨ ਕਰ ਦਿੱਤਾ। ਲੋਵੀ ਵੱਲੋਂ ਘੁੰਮਣ-ਫਿਰਨ 'ਤੇ ਪਾਬੰਦੀਆਂ ਲਗਾਉਣ ਤੋਂ ਬਾਅਦ, ਨੈਪੋਲੀਅਨ ਨੇ ਘੋੜਸਵਾਰੀ ਕਰਨੀ ਅਤੇ ਸੈਰ ਕਰਨਾ ਵੀ ਬੰਦ ਕਰ ਦਿੱਤਾ। 1816 ਦੇ ਅੰਤ ਤੱਕ, ਨੈਪੋਲੀਅਨ ਨੂੰ ਖੰਘ ਅਤੇ ਬੁਖਾਰ ਰਹਿਣ ਲੱਗ ਪਿਆ। ਕਈ ਦਿਨ ਅਜਿਹੇ ਵੀ ਹੁੰਦੇ ਸਨ ਜਦੋਂ ਉਹ ਆਪਣੇ ਕੱਪੜੇ ਵੀ ਨਹੀਂ ਬਦਲਦੇ ਸਨ ਅਤੇ ਆਪਣੇ ਕਮਰੇ ਤੋਂ ਬਾਹਰ ਹੀ ਨਹੀਂ ਨਿਕਲਦੇ ਸਨ। ਟਾਮਸ ਔਬਰੀ ਲਿਖਦੇ ਹਨ, "ਜਦੋਂ ਨੈਪੋਲੀਅਨ ਬਿਮਾਰ ਹੋ ਗਏ, ਤਾਂ ਗਵਰਨਰ ਲੋਵ ਨੇ ਪਹਿਲਾਂ ਤਾਂ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਬਿਮਾਰ ਹਨ।

ਬਾਅਦ ਵਿੱਚ ਉਨ੍ਹਾਂ ਨੇ ਫੌਜ ਜਾਂ ਨੇਵੀ ਦਾ ਇੱਕ ਚੰਗਾ ਡਾਕਟਰ ਭੇਜਣ ਦੀ ਪੇਸ਼ਕਸ਼ ਕੀਤੀ, ਜਿਸਨੂੰ ਨੈਪੋਲੀਅਨ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਡਾਕਟਰ ਗਵਰਨਰ ਲਈ ਜਾਸੂਸੀ ਕਰਨਗੇ। ਬਾਅਦ ਵਿੱਚ ਨੈਪੋਲੀਅਨ ਨੇ ਐ-ਚਐਮ ਐਸ ਕੌਂਕਰਰ ਦੇ ਡਾਕਟਰ ਜੌਨ ਸਟੋਕੋ ਨੂੰ ਉਨ੍ਹਾਂ ਨੂੰ ਜਾਂਚਣ ਦੀ ਇਜਾਜ਼ਤ ਦੇ ਦਿੱਤੀ।"


### ਮਹਿਜ਼ 52 ਸਾਲ ਦੀ ਉਮਰ ਵਿੱਚ ਨੈਪੋਲੀਅਨ ਦੀ ਮੌਤ

ਜਨਵਰੀ 1819 ਵਿੱਚ, ਡਾਕਟਰ ਸਟੋਕੋ ਨੂੰ ਪਤਾ ਲੱਗਾ ਕਿ ਨੈਪੋਲੀਅਨ ਹੈਪੇਟਾਈਟਸ ਤੋਂ ਪੀੜਤ ਸਨ। ਅਪ੍ਰੈਲ ਵਿੱਚ, ਨੈਪੋਲੀਅਨ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ, ਲਾਰਡ ਲਿਵਰਪੂਲ ਨੂੰ ਆਪਣੀ ਖਰਾਬ ਸਿਹਤ ਬਾਰੇ ਇੱਕ ਪੱਤਰ ਭਿਜਵਾਇਆ, ਪਰ ਲੋਵ ਨੇ ਪ੍ਰਧਾਨ ਮੰਤਰੀ ਨੂੰ ਸਮਝਾ ਦਿੱਤਾ ਕਿ ਨੈਪੋਲੀਅਨ ਦੀ ਸਿਹਤ ਵਿੱਚ ਕੋਈ ਗੜਬੜੀ ਨਹੀਂ ਸੀ। ਬਸੰਤ ਆਉਂਦੇ-ਆਉਂਦੇ ਉਨ੍ਹਾਂ ਨੂੰ ਇੱਕ ਗੰਭੀਰ ਬਿਮਾਰੀ ਲੱਗ ਗਈ।

ਉਹ ਜਾਂ ਤਾਂ ਕੈਂਸਰ ਸੀ ਜਾਂ ਪੇਟ ਵਿੱਚ ਅਲਸਰ ਕਾਰਨ ਵਗਣ ਵਾਲਾ ਖ਼ੂਨ। ਅਪ੍ਰੈਲ ਦੇ ਆਖਰੀ ਹਫ਼ਤੇ ਵਿੱਚ ਨੈਪੋਲੀਅਨ ਨੂੰ ਖ਼ੂਨ ਦੀਆਂ ਉਲਟੀਆਂ ਆਉਣ ਲੱਗ ਪਈਆਂ ਸਨ। ਉਨ੍ਹਾਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਦਾ ਪਲੰਗ ਡਰਾਇੰਗ ਰੂਮ ਵਿੱਚ ਰੱਖ ਦਿੱਤਾ ਜਾਵੇ ਜਿੱਥੇ ਜ਼ਿਆਦਾ ਰੌਸ਼ਨੀ ਆਉਂਦੀ ਸੀ। ਉਹ ਦਿਨੋ-ਦਿਨ ਕਮਜ਼ੋਰ ਹੁੰਦੇ ਜਾ ਰਹੇ ਸਨ ਅਤੇ ਕਈ ਵਾਰ ਬੇਹੋਸ਼ ਵੀ ਹੋ ਜਾਂਦੇ ਸਨ। 5 ਮਈ, 1821 ਨੂੰ ਸ਼ਾਮ 5:50 ਵਜੇ ਨੈਪੋਲੀਅਨ ਨੇ ਆਖਰੀ ਸਾਹ ਲਿਆ। ਉਸ ਸਮੇਂ ਉਨ੍ਹਾਂ ਦੀ ਉਮਰ ਮਹਿਜ਼ 52 ਸਾਲ ਸੀ।

# ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ

**ਪੀ ਐਸ ਸੋਹਲ**



ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ 5 ਮਈ 1723 ਈ: ਨੂੰ ਪਿਤਾ ਗਿਆਨੀ ਭਗਵਾਨ ਸਿੰਘ ਜੀ ਬਮਰਾਹ ਤੇ ਮਾਤਾ ਗੰਗੋ ਜੀ ਦੇ ਗ੍ਰਹਿ ਵਿੱਚ ਪਿੰਡ ਈਚੋਗਿੱਲ ਜ਼ਿਲਾ ਲਾਹੌਰ ਵਿਖੇ ਜਨਮ ਲਿਆ। ਆਪਜੀ ਤੋਂ ਛੋਟੇ ਚਾਰ ਭਰਾ ਹੋਰ ਸਨ ਸਰਦਾਰ ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸਾਰਾ ਹੀ ਪਰਿਵਾਰ ਗੁਰੂਘਰ ਨੂੰ ਸਮਰਪਿਤ ਰਿਹਾ। ਖਾਲਸਾ ਪੰਥ ਦੇਸ਼ ਕੌਮ ਲਈ ਲੜਦਿਆਂ ਆਪਜੀ ਦੇ ਦਾਦਾ ਤੇ ਪਿਤਾ ਸ਼ਹੀਦ ਹੋਏ ਅਤੇ ਆਪ ਨੇ ਵੀ ਸਾਰੀ ਜ਼ਿੰਦਗੀ ਜੰਗਾਂ ਜੁੱਧਾਂ ਚ ਹੀ ਬਤੀਤ ਕੀਤੀ। ਕੁਝ ਉੱਘੇ ਤੇ ਪ੍ਰਮੁੱਖ ਇਤਿਹਾਸਕਾਰਾਂ ਨੇ ਇਸ ਗੁਰਸਿਖ ਸ਼ਹੀਦਾਂ ਦੇ ਪਰਿਵਾਰ ਬਾਰੇ ਇਸ ਤਰਾਂ ਲਿਖਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਨ੍ਹਾਂ ਦੇ ਦਾਦਾ ਬਾਬਾ ਹਰਦਾਸ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੱਥੋਂ ਵਿਸਾਖੀ ਤੇ ਖ਼ਾਲਸੇ ਦੀ ਸਿਰਜਣਾ ਸਮੇਂ ਅੰਮ੍ਰਿਤ ਪਾਨ ਕੀਤਾ। ਆਪ ਦਸਮ ਪਾਤਸ਼ਾਹ ਜੀ ਦੇ ਚਾਰ ਹਜ਼ੂਰੀ ਲਿਖਾਰੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਗੁਰਬਾਣੀ ਦੀਆਂ ਪੋਥੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੀ ਲਿਖੇ। ਪਹਿਲੀ ਦਸ ਗ੍ਰੰਥੀ ਪੋਥੀ ਵੀ ਬਾਬਾ ਹਰਦਾਸ ਸਿੰਘ ਜੀ ਨੇ ਹੀ ਲਿਖੀ ਜੋ ਖੁਦ ਦਸਵੇਂ ਪਾਤਸ਼ਾਹ ਨੇ ਬਾਣੀਆਂ ਦੀ ਚੋਣ ਕਰਕੇ ਲਿਖਵਾਈ ਸੀ।

ਪਹਿਲਾਂ ਬਾਬਾ ਹਰਦਾਸ ਸਿੰਘ ਨੂੰ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲੇ ਲੋਹਗੜ੍ਹ ਦਾ ਜੱਥੇਦਾਰ ਥਾਪਿਆ ਜਿੱਥੇ ਜੰਗਾਂ ਜੁੱਧਾਂ ਲਈ ਸ਼ਸਤਰ ਬਨਾਉਣ ਦੇ ਮੁਖੀ ਇੰਚਾਰਜ ਵੀ ਰਹੇ। ਜੰਗਾਂ ਜੁੱਧਾਂ ਵਿੱਚ ਵੀ ਹਿੱਸਾ ਲਿਆ ਅਤੇ ਫੇਰ ਨਾਂਦੇੜ ਸਾਹਿਬ ਤੱਕ ਅਪਣੇ ਸਪੁੱਤਰ ਗਿਆਨੀ ਭਗਵਾਨ ਸਿੰਘ ਸਮੇਤ ਨਾਲ ਗਏ। ਉਥੋਂ ਗੁਰੂ ਹੁਕਮਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਜਾ ਮਿਲੇ ਅਤੇ ਅੰਤ 'ਚ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਅੰਦਰ ਮੁਗਲਾਂ ਖਿਲਾਫ ਲੜੀ ਗਈ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਜੀ ਆਪਣੀ ਪ੍ਰਮੁੱਖ ਰਚਨਾ 'ਪੰਥ ਪ੍ਰਕਾਸ਼' ਵਿਚ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਬਾਬਾ ਹਰਦਾਸ ਸਿੰਘ ਜੀ ਬਾਰੇ ਇਸ ਤਰ੍ਹਾਂ ਲਿਖਦੇ ਹਨ:

"ਇਨਕਾ ਬੜਾ ਸਿੰਘ ਹਰਿਦਾਸ।
ਰਹਯੋ ਗੁਰੂ ਗੋਬਿੰਦ ਸਿੰਘ ਪਾਸ।
ਮਨ ਤਨ ਧਨ ਕਰ ਸੇਵ ਕਮਾਈ।
ਗੁਰੂ ਵਰ ਦੀਨੋ ਰਾਜ ਲੁਭਾਈ।
ਸਿੰਘ ਭਗਵਾਨ ਤਾਹਿ ਸੁਤ ਭਯੋ।
ਅਬਚਲ ਨਗਰ ਗੁਰੂ ਸੰਗ ਗਯੋ।"

ਦਸਮ ਪਾਤਸ਼ਾਹ ਵੱਲੋਂ ਇਨ੍ਹਾਂ ਨੂੰ ਰਾਜਭਾਗ ਹਾਸਲ ਕਰਨ ਦਾ ਵਰ ਪ੍ਰਾਪਤ ਹੋਇਆ, ਗੁਰੂ ਸਾਹਿਬ ਨੇ ਬਚਨ ਕੀਤਾ ਕਿ ਆਉਣ ਵਾਲੇ ਸਮੇਂ ਤੁਹਾਡੀ ਕੁੱਲ ਰਾਜਿਆਂ ਦੀ ਤਰਾਂ ਮੰਨੀ ਜਾਏਗੀ। ਜੋ ਬਚਨ ਸਤ ਹੋਇਆ ਤੇ ਸਮਾਂ ਪਾਕੇ ਸਰਦਾਰ ਜੱਸਾ ਸਿੰਘ "ਮਹਾਰਾਜਾ ਰਾਮਗੜ੍ਹੀਆ" ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹੋਏ।

ਬਾਬਾ ਹਰਦਾਸ ਸਿੰਘ ਦਾ ਅਪਣੇ ਪੁੱਤਰ ਗਿਆਨੀ ਭਗਵਾਨ ਸਿੰਘ ਉੱਪਰ ਡੂੰਘਾ ਪ੍ਰਭਾਵ ਸੀ। ਉਹ ਅਪਣੇ ਸਮਿਆਂ ਵਿੱਚ ਮੰਨੇ ਹੋਏ ਖਾਲਸਾ ਪੰਥ ਦੇ ਗਿਆਨੀ ਵਿਦਵਾਨ ਪ੍ਰਚਾਰਕ ਸਨ। ਜੋ ਦਸਵੇਂ ਪਾਤਸ਼ਾਹ ਦੇ ਨਿਕਟਵਰਤੀ ਸਿੱਖ ਸਨ ਜਿਨ੍ਹਾਂ ਨੇ ਦਸਮ ਪਾਤਸ਼ਾਹ ਹੱਥੋਂ ਅੰਮ੍ਰਿਤ ਪਾਨ ਕੀਤਾ ਤੇ ਗੁਰਬਾਣੀ ਸੰਥਿਆ ਤੇ ਕਥਾ ਰਾਹੀਂ ਸਿੱਖੀ ਦਾ ਪ੍ਰਚਾਰ ਵੀ ਕੀਤਾ। ਬਾਕੀ ਸਿੰਘਾ ਨੂੰ ਸ਼ੁਧ ਗੁਰਬਾਣੀ ਪੜ੍ਹਣ ਦੀ ਸਿੱਖਿਆ ਦਿੰਦੇ ਰਹੇ। ਇਹ ਵੀ ਦਸਮ ਪਾਤਸ਼ਾਹ ਦੇ ਖਾਸ ਨਿਕਟਵਰਤੀ ਅੰਗ ਰੱਖਿਅਕ ਸਿੰਘਾਂ ਦੇ ਜਥੇ ਵਿੱਚ ਸ਼ਾਮਲ ਸਨ। ਜੋ ਆਖੀਰੀ ਸਮੇਂ ਗੁਰੂ ਸਾਹਿਬ ਨਾਲ ਨਾਂਦੇੜ ਤੱਕ ਨਾਲ ਰਹੇ।

ਸਾਰਿਆਂ ਪੰਜ ਭਰਾਵਾਂ ਵਿੱਚੋਂ ਸਰਦਾਰ ਜੱਸਾ ਸਿੰਘ ਸਭ ਤੋਂ ਵੱਡੇ ਸਨ। ਸਰਦਾਰ ਜੱਸਾ ਸਿੰਘ ਹੋਰਾਂ ਦਾ ਲੰਬਾ ਕੱਦ, ਚੌੜਾ ਮੱਥਾ ਤੇ ਦਰਸ਼ਨੀ ਸੂਰਤ ਸੀ। ਉਹ ਵੱਡੇ ਤੋਂ ਵੱਡੇ ਸੰਕਟ ਸਮੇਂ ਵੀ ਬਾਣੀ ਦੇ ਓਟ ਆਸਰੇ ਸਥਿਰ ਰਹਿੰਦੇ ਸਨ। ਘਰ ਵਿਚ ਹੀ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਗੁਰਮੁਖੀ ਸਿੱਖੀ ਸੂਖਮ ਤੇਜ਼ ਬੁੱਧੀ ਦੇ ਮਾਲਕ ਹੋਣ ਕਰਕੇ ਛੇਤੀ ਹੀ ਨਿੱਤਨੇਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦੇ ਯੋਗ ਹੋਏ। ਅਪਣੇ ਪਿਤਾ ਪਾਸੋਂ ਹੀ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਤੇ ਜੰਗਾਂ ਜੁੱਧਾਂ ਲਈ ਤਿਆਰ ਬਰ ਤਿਆਰ ਹੋ ਗਏ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ, "ਗਿਆਨੀ ਭਗਵਾਨ ਸਿੰਘ ਦਾ ਸਪੁੱਤਰ ਸ਼ਸਤਰ ਵਿਦਿਆ ਦਾ ਧਨੀ ਅਤੇ ਵੱਡਾ ਹਿੰਮਤੀ ਸੀ, ਇਹ ਗੁਰਬਾਣੀ ਦਾ ਪ੍ਰੇਮੀ, ਵਰਤਾ ਕੇ ਛਕਣ ਵਾਲਾ ਅਤੇ ਨਿਡਰ ਯੋਧਾ ਸੀ।"

ਜੱਸਾ ਸਿੰਘ ਜੀ ਦੇ ਅਨੰਦਕਾਰਜ ਬੀਬੀ ਗੁਰਦਿਆਲ ਕੌਰ ਨਾਲ ਹੋਏ ਅਤੇ ਉਨ੍ਹਾਂ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਇੱਕ ਬਾਬਾ ਜੋਧ ਸਿੰਘ ਤੇ ਦੂਸਰਾ ਭਾਈ ਵੀਰ ਸਿੰਘ।

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਦਾ ਟਾਕਰਾ 1738 ਈ। ਵਿਚ ਵਜ਼ੀਰਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੇ ਨੇੜੇ ਹੋਇਆ। ਜ਼ਕਰੀਆ ਖਾਨ ਨੇ ਸਿੱਖਾਂ ਤੋਂ ਮਦਦ ਮੰਗੀ। ਇਸ ਲੜਾਈ ਵਿਚ ਪਹਿਲੀ ਵਾਰ ਪਿਤਾ ਭਗਵਾਨ ਸਿੰਘ ਨਾਲ ਸਰਦਾਰ ਜੱਸਾ ਸਿੰਘ ਨੇ ਚੌਦਾਂ ਸਾਲ ਦੀ ਉਮਰ ਵਿੱਚ ਬੜੀ ਬਹਾਦਰੀ ਵਿਖਾਈ, ਜਿਸ ਦਾ ਜ਼ਕਰੀਆ ਖ਼ਾਂ 'ਤੇ ਬੜਾ ਪ੍ਰਭਾਵ ਪਿਆ। ਇਸ ਜੰਗ ਵਿਚ ਗਿਆਨੀ ਭਗਵਾਨ ਸਿੰਘ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ। ਜ਼ਕਰੀਆ ਖਾਂ ਨੇ ਭਾਈ ਭਗਵਾਨ ਦੇ ਪਰਿਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡ-ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਦੀ ਜਾਗੀਰ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦਿੱਤੀ। ਜਾਗੀਰ ਵਿਚੋਂ ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ ਬਾਕੀ ਉਹਨਾਂ ਅਪਣੇ ਭਰਾਵਾਂ ਨੂੰ ਦੇ ਦਿੱਤੇ। ਇਸ ਪਿੰਡ ਵਿਚ ਰਹਿੰਦਿਆਂ ਉਹਨਾਂ ਦੀ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਰੰਗਾਬਾਦ ਦੇ ਸਥਾਨ 'ਤੇ ਲੜਾਈ ਹੋਈ ਜੋ ਕਿ ਵੱਲੇ ਦੀ ਲੜਾਈ ਵਜੋਂ ਮਸ਼ਹੂਰ ਹੈ।

ਸੰਨ 1747 ਨੂੰ ਵਿਸਾਖੀ ਦੇ ਪੁਰਬ ਉੱਤੇ ਅੰਮ੍ਰਿਤਸਰ ਵਿੱਚ ਬੜਾ ਭਾਰੀ ਇਕੱਠ ਹੋਇਆ ਜਿਸ ਵਿਚ ਸਰਬਸੰਮਤੀ ਨਾਲ ਅੰਮ੍ਰਿਤਸਰ ਦੀ ਰਾਖੀ ਲਈ ਅਪਣਾ ਕਿਲ੍ਹਾ ਉਸਾਰਨ ਦਾ ਫ਼ੈਸਲਾ ਕੀਤਾ ਗਿਆ। ਅੰਮ੍ਰਿਤਸਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮ ਰੌਣੀ' ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਇਸ ਦੀ ਉਸਾਰੀ ਜਲਦੀ ਕੀਤੀ ਗਈ ਤੇ ਜਰਨੈਲ ਜੱਸਾ ਸਿੰਘ ਜੀ ਨੂੰ ਇਸ ਦਾ ਕਿਲ੍ਹੇਦਾਰ ਥਾਪਿਆ ਗਿਆ। ਜੱਸਾ ਸਿੰਘ ਜੀ ਨੇ ਗੁਰੂ ਰਾਮਦਾਸ ਜੀ ਦੇ ਨਾਮ ਉੱਪਰ ਇਸ ਕਿਲੇ ਦਾ ਨਾਂ ਰਾਮਗੜ੍ਹ ਰੱਖਿਆ ਅਤੇ ਉਹਨਾਂ ਨੂੰ ਪੰਥ ਵੱਲੋਂ 'ਰਾਮਗੜ੍ਹੀਆ' ਦੀ ਪਦਵੀ ਨਾਲ ਨਿਵਾਜ਼ਿਆ ਗਿਆ ਤੇ ਅੱਗੋਂ ਚੱਲਕੇ ਉਹਨਾਂ ਦੁਆਰਾ ਕਾਇਮ ਕੀਤੀ ਗਈ ਮਿਸਲ 'ਰਾਮਗੜ੍ਹੀਆ ਮਿਸਲ' ਦੇ ਨਾਂ ਨਾਲ ਮਸ਼ਹੂਰ ਹੋਈ।

ਮੌਜੂਦਾ ਗੁਰਦੁਆਰਾ ਰਾਮਸਰ ਸਾਹਿਬ ਅੰਮ੍ਰਿਤਸਰ ਦੇ ਅਸਥਾਨ ਤੇ ਰਾਮਗੜ੍ਹ ਦਾ ਕਿਲ੍ਹਾ ਅਠਾਰਵੀਂ ਸਦੀ ਵਿਚ ਸਿੱਖਾਂ ਦੀ ਸ਼ਾਨ ਤੇ ਸ਼ਕਤੀ ਦਾ ਪ੍ਰਤੀਕ ਬਣ ਚੁੱਕਾ ਸੀ। ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸਦਾ ਜ਼ਿਕਰ ਇਸ ਤਰਾਂ ਕਰਦੇ ਹਨ।

"ਰਾਮ ਰੌਣੀ ਰਾਮਗੜ੍ਹ ਭਯੋ,
ਤਿਸੁ ਦਿਨ ਤੇ ਮਸ਼ਹੂਰ ਠੋਕੇ ਭਏ,
ਲੜੇ ਸੁ ਵਕਤ ਜ਼ਰੂਰ।"
"ਰਾਮਗੜ੍ਹੀਏ ਭਾਈ ਅਤਿ ਵਡ ਸੂਰੇ।
ਜਿਨ ਸੌਂ ਲਰਕੇ ਕੋਊ ਉਸਰਿਉ ਨਾ ਪੂਰੇ।
ਉਨ ਕੀ ਪਿਠ ਦੇਖੀ ਕਿਨ ਨਾਹਿ।
ਮਲੈਬੋ ਕਾਂਗੜਾ ਇਕ ਦਿਨ ਮਾਹਿ।
ਸਤਿ ਧਾਰਨ ਤੇ ਭਏ ਪਾਤਸ਼ਾਹ।
ਲਾਕਰ ਕਸੂਰ ਥੋਂ ਮੁਲਕ ਉਨ ਪਾਹਿ।
ਅੰਮ੍ਰਿਤਸਰ ਹੈ ਹਿੱਸੇ ਚੁਹਾਰਸ।
ਹਾਂਸੀ ਹਿਸਾਰ ਮਲ ਕਰੀ ਗੁਜਾਰਸ।"


ਭਾਵ ਇਹ ਸਾਰੇ ਰਾਮਗੜ੍ਹੀਏ ਭਰਾ ਬਹੁਤ ਵੱਡੇ ਬਹਾਦਰ ਯੋਧੇ ਹੋਏ ਹਨ। ਜਿਹਨਾਂ ਦੀ ਜੰਗ ਦੇ ਮੈਦਾਨ ਵਿੱਚ ਕਿਸੇ ਨੇ ਵੀ ਕਦੀ ਪਿੱਠ ਨਹੀਂ ਦੇਖੀ ਸਭ ਤੋਂ ਅੱਗੇ ਹੋਕੇ ਲੜਦੇ ਸਨ। ਸਤ ਧਾਰਨ ਕਰਕੇ ਉਹ ਪਾਤਸ਼ਾਹ ਬਣੇ ਤੇ ਇੱਕ ਦਿਨ ਵਿੱਚ ਉਹਨਾਂ ਨੇ ਕਾਂਗੜਾ ਜਿੱਤ ਲਿਆ। ਕਸੂਰ ਅੰਮ੍ਰਿਤਸਰ ਉਹਨਾਂ ਦੇ ਰਾਜ ਵਿੱਚ ਆਇਆ ਫੇਰ ਹਾਂਸੀ ਹਿਸਾਰ ਨੂੰ ਵੀ ਉਹਨਾਂ ਨੇ ਮੁਗਲਾਂ ਕੋਲੋਂ ਜਿੱਤ ਕੇ ਅਪਣੀ ਈਨ ਮਨਵਾਈ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਚਿਤਵੇ ਖਾਲਸੇ ਦੇ ਪੂਰਨ ਰੂਪ ਦੀ ਮਿਸਾਲ ਕਾਇਮ ਕੀਤੀ। ਉਨ੍ਹਾਂ ਦੀ ਬਹਾਦਰੀ ਬਾਰੇ ਵਿਦੇਸ਼ੀ ਵਿਦਵਾਨ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਵੀ ਇਸ ਬਾਰੇ ਲਿਖਿਆ। 'ਜੇ।ਡੀ। ਕੰਨਿਘਮ' ਅਨੁਸਾਰ ਮਾਝੇ ਵਿੱਚ ਪਹਿਲੋਂ ਤਾਕਤ ਫੜਨ ਵਾਲੇ ਰਾਮਗੜ੍ਹੀਏ ਸਰਦਾਰ ਸਨ। 'ਸਰ ਲੈਪਲ ਗਰਿਫ਼ਨ' ਲਿਖਦਾ ਹੈ ਕਿ ਪੰਜਾਬ ਵਿੱਚ ਸਿੱਖ ਮਿਸਲਾਂ 'ਚੋਂ ਰਾਮਗੜ੍ਹੀਆ ਮਿਸਲ ਸਭ ਤੋਂ ਤਾਕਤ ਵਾਲੀ ਸੀ। ਮੁਗਲਾਂ ਤੇ ਅੰਗਰੇਜ਼ਾਂ ਨੇ ਵੀ ਉਹਨਾਂ ਤੋਂ ਪ੍ਰਭਾਵਿਤ ਹੋਕੇ ਅਪਣੀ ਕਲਮ ਰਾਹੀਂ ਉਹਨਾਂ ਦੀ ਸਿਫਤ ਲਿਖਣੀ ਕੀਤੀ। ਅਹਿਜੇ ਮਹਾਨ ਗੁਰਸਿੱਖ ਯੋਧੇ ਸ਼ਹੀਦਾਂ ਦੇ ਪਰਿਵਾਰ ਨੂੰ ਸਾਡਾ ਸਿਜਦਾ ਹੈ। ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦੇ 302ਵੇਂ ਜਨਮ ਦਿਨ ਦੀਆਂ ਆਪ ਸਭ ਨੂੰ ਬਹੁਤ ਬਹੁਤ ਵਧਾਈਆਂ ਹੋਣ ਜੀ।

# ਰੂਹਾਨੀ ਅਗਿਆਨਤਾ ਦਾ ਨਤੀਜਾ ਹੈ ਰੱਬ ਨੂੰ ਵਿਸਾਰਨਾ

**ਸੰਤ ਰਾਜਿੰਦਰ ਸਿੰਘ**

ਅਸੀਂ ਆਪਣਾ ਜੀਵਨ ਜਿਉਂਦੇ ਹੋਏ ਬਾਹਰਲੀ ਦੁਨੀਆ ਵਿਚ ਖ਼ੁਸ਼ੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਵਾਸਤੇ ਅਸੀਂ ਆਪਣਾ ਵੱਧ ਤੋਂ ਵੱਧ ਸਮਾਂ ਧਨ-ਦੌਲਤ, ਜ਼ਮੀਨ-ਜਾਇਦਾਦ ਇਕੱਠੀ ਕਰਨ, ਮਾਣ-ਤਾਣ ਹਾਸਲ ਕਰਨ ਅਤੇ ਸਰੀਰ ਨੂੰ ਸਿਹਤਮੰਦ ਰੱਖਣ ਆਦਿ ਵਿਚ ਲਗਾ ਦਿੰਦੇ ਹਾਂ ਪਰ ਇਹ ਸਭ ਕਰਨ ਦੇ ਬਾਵਜੂਦ ਅਸੀਂ ਅੰਦਰੋਂ ਖ਼ੁਸ਼ ਨਹੀਂ ਹੋ ਪਾਉਂਦੇ।



ਸੰਤ-ਮਹਾਪੁਰਖ ਸਾਨੂੰ ਸਮਝਾਉਂਦੇ ਹਨ ਕਿ ਸੱਚੀ ਖ਼ੁਸ਼ੀ ਕਿਤੇ ਬਾਹਰੋਂ ਨਹੀਂ ਸਗੋਂ ਸਾਡੇ ਅੰਦਰੋਂ ਮਿਲਦੀ ਹੈ। ਇਹ ਸੱਚੀ ਖ਼ੁਸ਼ੀ ਸਾਡੀ ਆਤਮਾ, ਮਨ, ਸਰੀਰ ਅਤੇ ਸੰਸਾਰ ਦੀ ਮਨ-ਮਾਇਆ ਦੀਆਂ ਪਰਤਾਂ ਨਾਲ ਢਕੀ ਹੋਈ ਹੈ, ਇਸ ਗੱਲ ਤੋਂ ਅਸੀਂ ਅਣਜਾਣ ਹਾਂ। ਇਸ ਅਗਿਆਨਤਾ ਨੂੰ ਦੂਰ ਕਰਨ ਲਈ ਅਸੀਂ ਸੰਤਾਂ-ਮਹਾਪੁਰਖਾਂ ਦੀਆਂ ਸਿੱਖਿਆਵਾਂ ਦਾ ਆਸਰਾ ਲੈ ਸਕਦੇ ਹਾਂ ਜੋ ਕਿ ਧਾਰਮਿਕ ਪੁਸਤਕਾਂ ਵਿਚ ਲਿਖੀਆਂ ਹੋਈਆਂ ਹਨ। ਉਹ ਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਜੋ ਸੱਚ, ਚੇਤਨਤਾ ਅਤੇ ਆਨੰਦ ਦੇ ਮਹਾਸਾਗਰ ਹਨ, ਉਨ੍ਹਾਂ ਨੇ ਇਹ ਸ੍ਰਿਸ਼ਟੀ ਬਣਾਈ ਹੈ। ਸ਼ੁਰੂ-ਸ਼ੁਰੂ ਵਿਚ ਉਹ ਇਕੱਲੇ ਸਨ, ਫਿਰ ਉਨ੍ਹਾਂ ਨੇ ਇਕ ਤੋਂ ਅਨੇਕ ਹੋਣ ਦਾ ਸੰਕਲਪ ਲਿਆ ਅਤੇ ਆਪਣੇ ਅੰਸ਼ਾਂ ਨੂੰ ਆਪਣੇ ਤੋਂ ਅਲੱਗ ਕੀਤਾ ਜਿਨ੍ਹਾਂ ਨੂੰ ਅਸੀਂ ਰੂਹਾਂ ਕਹਿੰਦੇ ਹਾਂ ਅਤੇ ਉਨ੍ਹਾਂ ਨੂੰ ਇਸ ਭੌਤਿਕ ਸ੍ਰਿਸ਼ਟੀ ਵਿਚ ਰਹਿਣ ਲਈ ਭੇਜ ਦਿੱਤਾ। ਜਦ ਆਤਮਾ ਇਸ ਸੰਸਾਰ ਵਿਚ ਆਉਂਦੀ ਹੈ ਤਾਂ ਇੱਥੇ ਕਾਰਜ-ਵਿਵਹਾਰ ਲਈ ਇਸ ਨੂੰ ਭੌਤਿਕ ਸਰੀਰ ਤੇ ਮਨ ਦਿੱਤਾ ਜਾਂਦਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸਾਡੀ ਆਤਮਾ ਦੇ ਵੱਸ ਵਿਚ ਸਰੀਰ ਅਤੇ ਮਨ ਹੁੰਦਾ ਪਰ ਬਦਕਿਸਮਤੀ ਨਾਲ ਉਲਟਾ ਹੋ ਗਿਆ। ਆਤਮਾ ਤਾਂ ਸਰੀਰ ਅਤੇ ਮਨ ਦੇ ਨਾਲ ਲਿਪਤ ਹੋ ਕੇ ਇਸੇ ਦਾ ਰੂਪ ਬਣ ਬੈਠੀ ਹੈ ਅਤੇ ਆਪਣੇ-ਆਪ ਨੂੰ ਭੁੱਲ ਗਈ ਹੈ। ਸਾਡਾ ਮਨ ਬਹੁਤ ਤਾਕਤਵਰ ਹੈ ਤੇ ਹਰ ਸਮੇਂ ਮੌਜ-ਮਸਤੀ ਵਿਚ ਰਹਿਣਾ ਚਾਹੁੰਦਾ ਹੈ। ਇਹ ਜਲਦ ਹੀ ਬਾਹਰਲੀ ਚਮਕ-ਦਮਕ ਵਿਚ ਫਸ ਜਾਂਦਾ ਹੈ। ਇਹ ਹਰ ਸੁੰਦਰ ਦ੍ਰਿਸ਼, ਮਧੁਰ ਆਵਾਜ਼, ਚੰਗੀ ਖ਼ੁਸ਼ਬੂ, ਲਜ਼ੀਜ਼ ਜ਼ਾਇਕੇ ਅਤੇ ਮਨਮੋਹਕ ਛੋਹ ਵੱਲ ਖਿੱਚਿਆ ਚਲਾ ਜਾਂਦਾ ਹੈ। ਸਾਡੀਆਂ ਸਾਰੀਆਂ ਇੰਦਰੀਆਂ ਮਨ ਨੂੰ ਬਾਹਰ ਵੱਲ ਖਿੱਚਦੀਆਂ ਰਹਿੰਦੀਆਂ ਹਨ ਕਿਉਂਕਿ ਇਸ ਸਰੀਰ ਵਿਚ ਆਤਮਾ ਅਤੇ ਮਨ ਨਾਲ-ਨਾਲ ਰਹਿੰਦੇ ਹਨ। ਇਸੇ ਲਈ ਆਤਮਾ ਵੀ ਬੇਵੱਸ ਹੋ ਕੇ ਇੰਦਰੀਆਂ ਦੇ ਭੋਗਾਂ-ਰਸਾਂ ਵੱਲ ਖਿੱਚੀ ਚਲੀ ਜਾਂਦੀ ਹੈ। ਸਮੇਂ ਦੇ ਨਾਲ ਸਾਡੀ ਆਤਮਾ ਇਸ ਸੰਸਾਰ ਦੀ ਖੇਡ ਵਿਚ ਗੁਆਚ ਗਈ ਹੈ ਅਤੇ ਸਾਡੇ ਅਸਲੀ ਰੂਪ ਨੂੰ ਭੁੱਲ ਗਈ ਹੈ।

# ਅੰਮ੍ਰਿਤਸਰ ਦੇ ਕੱਥੂਨੰਗਲ 'ਚ ਖੇਤਾਂ 'ਚ ਡਿੱਗਿਆ ਮਿਜ਼ਾਈਲ ਦਾ ਮਲਬਾ

ਅੰਮ੍ਰਿਤਸਰ- ਭਾਰਤ-ਪਾਕਿ ਜੰਗ ਦੌਰਾਨ ਵੀਰਵਾਰ ਸਵੇਰੇ ਕਥੂਨੰਗਲ ਦੇ ਜੇਠੂਵਾਲ ਪਿੰਡ ਤੋਂ ਮਿਜ਼ਾਈਲ ਦਾ ਮਲਬਾ ਬਰਾਮਦ ਹੋਇਆ। ਹਾਲਾਂਕਿ, ਇਸ ਬਾਰੇ ਕੋਈ ਧਮਾਕਾ ਜਾਂ ਆਵਾਜ਼ ਨਹੀਂ ਸੁਣਾਈ ਦਿੱਤੀ। ਜਦੋਂ ਪਿੰਡ ਵਾਸੀ ਸਵੇਰੇ ਆਪਣੇ ਕੰਮ ਲਈ ਬਾਹਰ ਗਏ ਤਾਂ ਉਨ੍ਹਾਂ ਨੇ ਖੇਤਾਂ ਵਿੱਚ ਮਿਜ਼ਾਈਲ ਦਾ ਮਲਬਾ ਦੇਖਿਆ ਅਤੇ ਸਥਾਨਕ ਪੁਲਿਸ ਸਟੇਸ਼ਨ ਨੂੰ ਘਟਨਾ ਬਾਰੇ ਸੂਚਿਤ ਕੀਤਾ। ਐਸਐਸਪੀ ਮਨਿੰਦਰ ਸਿੰਘ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਹ ਮਿਜ਼ਾਈਲ ਦਾ ਮਲਬਾ ਹੈ। ਪਰ ਇਹ ਪੁਸ਼ਟੀ ਨਹੀਂ ਹੋਈ ਕਿ ਇਹ ਕਿਸ ਦੇਸ਼ ਨਾਲ ਸਬੰਧਤ ਹੈ। ਫਿਲਹਾਲ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ, ਫੌਜੀ ਅਧਿਕਾਰੀਆਂ ਨੂੰ ਵੀ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਕਾਰਵਾਈ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਬੁੱਧਵਾਰ ਰਾਤ ਨੂੰ ਬਲੈਕਆਊਟ ਕੀਤਾ ਗਿਆ ਸੀ। ਉਸ ਤੋਂ ਬਾਅਦ, ਇੰਟਰਨੈੱਟ ਮੀਡੀਆ 'ਤੇ ਧਮਾਕਿਆਂ ਬਾਰੇ ਚਰਚਾ ਸ਼ੁਰੂ ਹੋ ਗਈ। ਪਰ ਪ੍ਰਸ਼ਾਸਨ ਨੇ ਧਮਾਕੇ ਦੀ ਕਿਸੇ ਵੀ ਘਟਨਾ ਤੋਂ ਇਨਕਾਰ ਕੀਤਾ। ਹੁਣ ਪ੍ਰਸ਼ਾਸਨ ਸ਼ਹਿਰ ਦੇ ਹੋਰ ਪੇਂਡੂ ਖੇਤਰਾਂ ਵਿੱਚ ਵੀ ਅਜਿਹੇ ਮਿਜ਼ਾਈਲ ਮਲਬੇ ਦੀ ਭਾਲ ਕਰ ਰਿਹਾ ਹੈ।



## ਹੁਣ ਬਲੋਚਾਂ ਨੇ ਪਾਕਿ ਫੌਜ ਦੀ ਉਡਾਈ ਗੱਡੀ

ਭਾਰਤ ਨੇ ਮੰਗਲਵਾਰ ਰਾਤ ਨੂੰ ਪਾਕਿਸਤਾਨ ਅਤੇ ਪੀਓਕੇ ਵਿੱਚ ਨੌਂ ਥਾਵਾਂ 'ਤੇ ਹਵਾਈ ਹਮਲੇ ਕੀਤੇ, ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲਿਆ। ਪਾਕਿਸਤਾਨ ਅਜੇ ਇਸ ਝਟਕੇ ਤੋਂ ਉਭਰ ਹੀ ਰਿਹਾ ਸੀ ਕਿ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ.ਐਲ.ਏ.) ਨੇ ਦਾਅਵਾ ਕੀਤਾ ਕਿ ਉਸਦੇ ਆਜ਼ਾਦੀ ਘੁਲਾਟੀਆਂ ਨੇ ਦੋ ਵੱਖ-ਵੱਖ ਹਮਲਿਆਂ ਵਿੱਚ 14 ਪਾਕਿਸਤਾਨੀ ਫੌਜੀਆਂ ਨੂੰ ਮਾਰ ਦਿੱਤਾ ਹੈ।

ਬੀਐਲਏ ਦੇ ਬੁਲਾਰੇ ਜ਼ਿੰਦ ਬਲੋਚ ਅਨੁਸਾਰ, ਪਹਿਲਾ ਹਮਲਾ ਬੋਲਾਨ ਦੇ ਮਾਛ ਖੇਤਰ ਵਿੱਚ ਸ਼ੋਰਕੰਦ ਖੇਤਰ ਵਿੱਚ ਕੀਤਾ ਗਿਆ ਜਿੱਥੇ ਇੱਕ ਪਾਕਿਸਤਾਨੀ ਫੌਜ ਦੇ ਕਾਫਲੇ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਰਿਮੋਟ-ਕੰਟਰੋਲ ਆਈਈਡੀ ਨਾਲ ਹਮਲਾ ਕੀਤਾ ਗਿਆ। ਬਲੋਚਿਸਤਾਨ ਲਿਬਰੇਸ਼ਨ ਆਰਮੀ ਦੇ ਇਸ ਹਮਲੇ ਵਿੱਚ ਪਾਕਿਸਤਾਨੀ ਫੌਜ ਦਾ ਇੱਕ ਵਾਹਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਇਸ ਹਮਲੇ ਵਿੱਚ 12 ਸੈਨਿਕ ਮਾਰੇ ਗਏ। ਮਾਰੇ ਗਏ ਲੋਕਾਂ ਵਿੱਚ ਪਾਕਿਸਤਾਨੀ ਫੌਜ ਦੇ ਸਪੈਸ਼ਲ ਆਪ੍ਰੇਸ਼ਨ ਕਮਾਂਡਰ ਤਾਰਿਕ ਇਮਰਾਨ ਅਤੇ ਸੂਬੇਦਾਰ ਉਮਰ ਫਾਰੂਕ ਸ਼ਾਮਲ ਸਨ। ਦੂਜਾ ਹਮਲਾ ਬਲੋਚਿਸਤਾਨ ਲਿਬਰੇਸ਼ਨ ਆਰਮੀ ਵੱਲੋਂ ਕੇਚ ਜ਼ਿਲ੍ਹੇ ਦੇ ਕੁਲਗ ਤਿਗਰਨ ਇਲਾਕੇ ਵਿੱਚ ਕੀਤਾ ਗਿਆ, ਜਿੱਥੇ ਪਾਕਿਸਤਾਨ ਫੌਜ ਦੀ ਇੱਕ ਬੰਬ ਨਿਰੋਧਕ ਟੀਮ ਨੂੰ ਇੱਕ ਹੋਰ ਰਿਮੋਟ ਅਤੇ ਆਈਈਡੀ ਧਮਾਕੇ ਵਿੱਚ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਵਿੱਚ ਦੋ ਹੋਰ ਸੈਨਿਕ ਮਾਰੇ ਗਏ। ਆਪਣੇ ਬਿਆਨ ਵਿੱਚ, ਬੀਐਲਏ ਨੇ ਪਾਕਿਸਤਾਨੀ ਫੌਜ ਨੂੰ "ਭਾੜੇ ਦੀ ਫੌਜ" ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਫੌਜ ਕਦੇ ਬੰਦਰਗਾਹਾਂ ਦੀ ਰਾਖੀ ਕਰਦੀ ਹੈ, ਕਦੇ ਗਲਿਆਰਿਆਂ ਦੀ ਅਤੇ ਕਦੇ ਵਿਦੇਸ਼ੀ ਕਰਜ਼ਦਾਤਾਵਾਂ ਦੀ ਸੇਵਾ ਕਰਨ ਵਿੱਚ ਲੱਗੀ ਹੋਈ ਹੈ। ਬਲੋਚਿਸਤਾਨ ਲਿਬਰੇਸ਼ਨ ਆਰਮੀ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਅਜਿਹੇ ਹਮਲੇ ਹੋਰ ਤੇਜ਼ੀ ਅਤੇ ਤੀਬਰਤਾ ਨਾਲ ਜਾਰੀ ਰਹਿਣਗੇ।

## ਕਰਤਾਰਪੁਰ ਸਾਹਿਬ ਨਹੀਂ ਗਏ ਸ਼ਰਧਾਲੂ

'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ, ਸੁਰੱਖਿਆ ਕਾਰਨਾਂ ਕਰਕੇ ਬੁੱਧਵਾਰ ਨੂੰ 491 ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਨਹੀਂ ਜਾ ਸਕੇ। ਹਾਲਾਂਕਿ ਲਾਂਘੇ ਦੇ ਬੰਦ ਹੋਣ ਬਾਰੇ ਕੋਈ ਅਧਿਕਾਰਤ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ, ਪਰ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਟਰਮੀਨਲ 'ਤੇ ਤਾਇਨਾਤ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਲਾਂਘਾ ਅਗਲੇ ਹੁਕਮਾਂ ਤੱਕ ਬੰਦ ਰਹੇਗਾ।

ਪੰਜਾਬ ਭਰ ਤੋਂ ਆਏ ਸ਼ਰਧਾਲੂਆਂ ਨੇ ਕਿਹਾ ਕਿ ਉਹ ਪਾਕਿਸਤਾਨ ਵਿੱਚ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਆਏ ਸਨ। ਪਰ ਮੰਗਲਵਾਰ ਰਾਤ ਨੂੰ ਭਾਰਤੀ ਫੌਜ ਵੱਲੋਂ ਪਾਕਿਸਤਾਨ ਵਿੱਚ ਅੱਤਵਾਦੀ ਕੈਂਪਾਂ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਟਰਮੀਨਲ 'ਤੇ ਤਾਇਨਾਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਸੁਰੱਖਿਆ ਤੇ ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਨਾ ਜਾਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਵਿੱਚ ਸੁਧਾਰ ਹੁੰਦਾ ਹੈ, ਤਾਂ ਉਹ ਦੁਬਾਰਾ ਅਰਜ਼ੀ ਦੇ ਸਕਦੇ ਹਨ।

## ਹਵਾਈ ਅੱਡੇ ਬੰਦ

ਪਹਿਲਗਾਮ ਵਿੱਚ ਸੈਲਾਨੀਆਂ ਦੀ ਹੱਤਿਆ ਦੇ ਬਦਲੇ ਵਿੱਚ ਮੰਗਲਵਾਰ ਰਾਤ ਨੂੰ ਪਾਕਿਸਤਾਨ ਅਤੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਕੈਂਪਾਂ 'ਤੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਸਰਹੱਦੀ ਇਲਾਕਿਆਂ ਵਿੱਚ ਘਟਨਾਵਾਂ ਨੇ ਤੇਜ਼ੀ ਨਾਲ ਮੋੜ ਲੈ ਲਿਆ। ਦੋਵਾਂ ਰਾਜਾਂ ਵਿੱਚ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਗਏ ਹਨ। ਪੰਜਾਬ, ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਸਾਰੇ ਹਵਾਈ ਅੱਡੇ ਤਿੰਨ ਦਿਨਾਂ ਲਈ ਬੰਦ ਕਰ ਦਿੱਤੇ ਗਏ ਹਨ।

# ਲਾਇਲਪੁਰ ਖਾਲਸਾ ਕਾਲਜ, ਜਲੰਧਰ/ਅੰਮ੍ਰਿਤਸਰ

ਸਾਰੇ ਵੀਰ-ਭੈਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਵੱਡੇ ਵੀਰ ਭਾਈ ਸਾਹਿਬ ਅਮਰੀਕ ਸਿੰਘ ਪੰਨੂ ਵੱਲੋਂ ਸਲਾਹ ਕਰਕੇ ਇਹ ਇੱਛਾ ਪ੍ਰਗਟਾਈ ਗਈ ਕਿ ਖਾਲਸਾ ਕਾਲਜ 'ਚ ਪੜ੍ਹ ਚੁੱਕੇ ਵਿਦਿਆਰਥੀਆਂ ਦੀ ਇਕ ਸੰਸਥਾ ਬਣਾਈ ਜਾਵੇ ਜੋ ਕੈਲੇਫੋਰਨੀਆ 'ਚ ਰਹਿ ਰਹੇ ਹੋਣ ਤੇ ਕਦੇ ਵੀ ਖਾਲਸਾ ਕਾਲਜ ਜਲੰਧਰ/ਅੰਮ੍ਰਿਤਸਰ ਨਾਲ ਸਬੰਧਤ ਰਹੇ ਹੋਣ।

ਕਿਰਪਾ ਕਰਕੇ ਹੇਠ ਲਿਖੇ ਨੰਬਰਾਂ 'ਤੇ ਆਪਣੇ ਵਿਚਾਰ ਭੇਜੋ ਜਾਂ ਦੱਸੋ ਤੁਸੀਂ ਕਿਹੜੇ ਸ਼ਹਿਰ 'ਚ ਰਹਿੰਦੇ ਹੋ ਤੇ ਤੁਹਾਡਾ ਫੋਨ ਤੇ ਈ-ਮੇਲ ਕੀ ਹੈ ਤਾਂ ਕਿ ਅਗਲੀ ਵਾਰ ਕਿੱਥੇ ਮਿਲਣਾ ਹੈ, ਉਸ ਦੀ ਜਾਣਕਾਰੀ ਦਿੱਤੀ ਜਾ ਸਕੇ। ਅਸੀਂ ਸਾਰਿਆਂ ਨੂੰ ਇਕ ਮੰਚ ਤੇ ਇਕੱਠਾ ਕਰਕੇ ਇਕ ਸੰਸਥਾ ਦਾ ਰੂਪ ਦੇਣ ਲਈ ਕੋਸ਼ਿਸ਼ਮੰਦ ਹਾਂ।



ਖਾਲਸਾ ਕਾਲਜ, ਅੰਮ੍ਰਿਤਸਰ

## ਸੰਪਰਕ ਕਰੋ

ਸ. ਅਮਰੀਕ ਸਿੰਘ ਪਨੂੰ (ਐਮ.ਐਸ.ਸੀ.) ਸਰਪ੍ਰਸਤ (ਪੈਟਰਨ) (510-334-3892)

ਹਰਜੀਤ ਗਿੱਲ, ਯੂਬਾ ਸਿਟੀ (530-415-1800)

ਰਣਜੀਤ ਕੰਦੋਲਾ (ਐਮ. ਬੀ. ਏ.) 916-917-2393

ਬਲਬੀਰ ਸਿੰਘ ਐਮ. ਏ. 510-938-7771

**khalsacollege1928@gmail.com**



ਖਾਲਸਾ ਕਾਲਜ, ਜਲੰਧਰ